ਵੀਰਵਾਰ, 10 ਅਪ੍ਰੈਲ, 2025
28 ਚੇਤ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 73
ਅੰਕ/NO. : 309

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 10 APRIL, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਭੱਜਦਿਆਂ ਨੂੰ ਵਾਹਣ ਇੱਕੋ ਜਿਹਾ...

## ਚੀਨ ਨੇ ਅਮਰੀਕੀ ਮਾਲ 'ਤੇ ਟੈਰਿਫ 84 ਫੀਸਦੀ ਤੱਕ ਵਧਾਇਆ



**ਬੀਜਿੰਗ** : ਅਮਰੀਕਾ ਤੇ ਚੀਨ ਵਿਚਾਲੇ ਚੱਲ ਰਹੀ ਵਪਾਰਕ ਜੰਗ ਦਰਮਿਆਨ ਚੀਨ ਨੇ ਸਾਰੇ ਅਮਰੀਕੀ ਮਾਲ 'ਤੇ ਟੈਰਿਫ ਵਧਾ ਕੇ 84 ਫੀਸਦੀ ਕਰ ਦਿੱਤਾ ਹੈ। ਚੀਨੀ ਵਿੱਤ ਮੰਤਰਾਲੇ ਨੇ ਕਿਹਾ ਕਿ ਇਹ ਵਾਧੂ ਟੈਰਿਫ 10 ਅਪ੍ਰੈਲ ਤੋਂ ਲਾਗੂ ਹੋਵੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੀਨੀ ਮਾਲ 'ਤੇ ਲਾਏ ਗਏ ਕੁਲ 104 ਫੀਸਦੀ ਟੈਰਿਫ ਦੇ ਮੁਕਾਬਲੇ ਚੀਨ ਨੇ ਪਹਿਲਾਂ ਵੀ 34 ਫੀਸਦੀ ਵਾਧੂ ਟੈਰਿਫ ਲਾਇਆ ਸੀ। ਚੀਨੀ ਵਣਜ ਮੰਤਰਾਲੇ ਨੇ ਵੀ ਐਲਾਨ ਕੀਤਾ ਹੈ ਕਿ ਇਸ ਨੇ ਬਰਾਮਦਗੀ ਕੰਟਰੋਲ ਲਿਸਟ ਵਿੱਚ 12 ਅਮਰੀਕੀ ਕੰਪਨੀਆਂ ਨੂੰ ਪਾ ਦਿੱਤਾ ਹੈ। ਚੀਨ ਨੇ ਪਹਿਲਾਂ ਛੇ ਅਮਰੀਕੀ ਕੰਪਨੀਆਂ ਨੂੰ ਗੈਰਭਰੋਸੇਯੋਗ ਐਲਾਨਿਆ ਸੀ।

ਚੀਨ ਦੇ ਇਨ੍ਹਾਂ ਐਲਾਨਾਂ ਨਾਲ ਅਮਰੀਕੀ ਸ਼ੇਅਰ ਬਾਜ਼ਾਰ ਨੂੰ ਗਸ਼ੀ ਪੈ ਗਈ। ਚੀਨ ਦੇ ਨਵੇਂ ਫੈਸਲੇ ਤੋਂ ਸੰਕੇਤ ਮਿਲਦਾ ਹੈ ਕਿ ਉਹ ਟਰੰਪ ਨਾਲ ਸਿੱਧਾ ਟਕਰੇਗਾ। ਕਈ ਦੇਸ਼ ਟਰੰਪ ਨਾਲ ਸੌਦੇਬਾਜ਼ੀ ਕਰਦੇ ਦੱਸੇ ਜਾ ਰਹੇ ਹਨ, ਪਰ ਚੀਨ ਨੇ ਇਸ ਤੋਂ ਇਨਕਾਰ ਕੀਤਾ ਹੈ। ਚੀਨੀ ਵਣਜ ਮੰਤਰਾਲੇ ਨੇ ਕਿਹਾ ਹੈ ਕਿ ਜੇ ਅਮਰੀਕਾ ਆਰਥਕ ਤੇ ਵਪਾਰਕ ਰੋਕਾਂ ਵਧਾਉਣੀਆਂ ਚਾਹੁੰਦਾ ਹੈ ਤਾਂ ਚੀਨ ਵੀ ਟਾਕਰਾ ਕਰਨ ਲਈ ਤਿਆਰ ਹੈ।

ਇਸ ਤੋਂ ਪਹਿਲਾਂ ਚੀਨ ਨੇ ਜਨੇਵਾ ਵਿੱਚ ਸੰਸਾਰ ਵਪਾਰ ਜਥੇਬੰਦੀ (ਡਬਲਿਊ ਟੀ ਓ) ਨੂੰ ਦੱਸਿਆ ਕਿ ਅਮਰੀਕਾ ਦੇ ਜਵਾਬੀ ਟੈਰਿਫਾਂ ਨੇ ਸੰਸਾਰ ਵਪਾਰ ਨੂੰ ਹੋਰ ਅਸਥਿਰ ਕਰਨ ਦਾ ਖਤਰਾ ਪੈਦਾ ਕਰ ਦਿੱਤਾ ਹੈ। ਅਮਰੀਕਾ ਨੇ ਡਬਲਿਊ ਟੀ ਓ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਸਥਿਤੀ ਖਤਰਨਾਕ ਹੱਦ ਤੱਕ ਵਿਗੜ ਗਈ ਹੈ। ਚੀਨੀ ਨੁਮਾਇੰਦੇ ਨੇ ਡਬਲਿਊ ਟੀ ਓ ਦੀ ਮਾਲ ਦੇ ਵਪਾਰ ਬਾਰੇ ਮੀਟਿੰਗ ਵਿੱਚ ਕਿਹਾ ਕਿ ਅਮਰੀਕੀ ਕਾਰਵਾਈ ਨੇ ਬਹੁਕੌਮੀ ਵਪਾਰ ਸਿਸਟਮ ਨੂੰ ਧੱਕਾ ਲਾਇਆ ਹੈ। ਉਸ ਦੇ ਜਵਾਬੀ ਟੈਰਿਫ ਵਪਾਰਕ ਅਸੰਤੁਲਨ ਦਾ ਇਲਾਜ ਨਹੀਂ ਕਰ ਸਕਦੇ। ਇਹ ਅਮਰੀਕਾ ਨੂੰ ਹੀ ਪੁੱਠੇ ਪੈਣਗੇ।

## ਡੇਰਾ ਮੁਖੀ 21 ਦਿਨਾਂ ਦੀ ਫਰਲੋ 'ਤੇ ਸਿਰਸਾ ਪੁੱਜਾ

**ਚੰਡੀਗੜ੍ਹ** : ਬਲਾਤਕਾਰ ਜਿਹੇ ਗੰਭੀਰ ਦੋਸ਼ਾਂ ਤਹਿਤ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ 21 ਦਿਨਾਂ ਦੀ ਫਰਲੋ ਮਿਲਣ 'ਤੇ ਬੁੱਧਵਾਰ ਡੇਰਾ ਸਿਰਸਾ ਪਹੁੰਚ ਗਿਆ। ਪੁਲਸ ਸੂਤਰਾਂ ਮੁਤਾਬਕ ਫਰਲੋ ਦੇ ਅਰਸੇ ਦੌਰਾਨ ਉਸ ਦੀਆਂ ਸਰਗਰਮੀਆਂ 'ਤੇ ਸਖਤ ਨਜ਼ਰ ਰੱਖੀ ਜਾਵੇਗੀ। ਇਸ ਤੋਂ ਪਹਿਲਾਂ ਜਨਵਰੀ ਵਿੱਚ ਦਿੱਲੀ ਅਸੈਂਬਲੀ ਦੀਆਂ 5 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਤੋਂ ਐਨ ਪਹਿਲਾਂ ਡੇਰਾ ਮੁਖੀ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਡੇਰਾ ਮੁਖੀ ਨੂੰ ਆਪਣੇ ਡੇਰੇ ਦੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਤਹਿਤ 2017 ਵਿੱਚ 20 ਸਾਲ ਦੀ ਸਜ਼ਾ ਸੁਣਾਈ ਗਈ ਸੀ।

ਪਿਛਲੇ ਸਾਲ 1 ਅਕਤੂਬਰ ਨੂੰ ਡੇਰਾ ਮੁਖੀ ਨੂੰ 20 ਦਿਨਾਂ ਦੀ ਪੈਰੋਲ ਮਿਲੀ ਸੀ। ਇਹ ਪੈਰੋਲ ਵੀ 5 ਅਕਤੂਬਰ ਨੂੰ ਹਰਿਆਣਾ ਅਸੈਂਬਲੀ ਚੋਣਾਂ ਤੋਂ ਐਨ ਪਹਿਲਾਂ ਦਿੱਤੀ ਗਈ ਸੀ। ਡੇਰਾ ਮੁਖੀ ਨੂੰ ਪੰਜਾਬ, ਹਰਿਆਣਾ ਤੇ ਗੁਆਂਢੀ ਰਾਜਾਂ ਵਿਚ ਚੋਣਾਂ ਤੋਂ ਪਹਿਲਾਂ ਪੈਰੋਲ 'ਤੇ ਫਰਲੋ ਮਿਲਦੀ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡੇਰਾ ਮੁਖੀ ਨੂੰ ਫਰਲੋ ਜਾਂ ਪੈਰੋਲ ਦੇ ਰੂਪ ਵਿੱਚ ਦਿੱਤੀ ਜਾਂਦੀ ਰਾਹਤ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ।

## ਕਰਨਲ ਮਾਮਲੇ 'ਚ ਨਵੀਂ ਸਿੱਟ ਕਾਇਮ

**ਚੰਡੀਗੜ੍ਹ** : ਚੰਡੀਗੜ੍ਹ ਪੁਲਸ ਨੇ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੇ ਬਾਹਰ ਕਰਨਲ ਪੁਸ਼ਪਿੰਦਰ ਸਿੰਘ ਬਾਠ ਤੇ ਉਨ੍ਹਾ ਦੇ ਬੇਟੇ ਨਾਲ ਹੋਈ ਮਾਰਕੁੱਟ ਦੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾ ਦਿੱਤੀ ਹੈ। ਇਸ ਦੇ ਮੁਖੀ ਮਨਜੀਤ ਬਣਾਏ ਗਏ ਹਨ ਅਤੇ ਮੈਂਬਰਾਂ ਵਿੱਚ ਇੱਕ ਡੀ ਐੱਸ ਪੀ ਅਤੇ ਇੰਸਪੈਕਟਰ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਚਾਰ ਮਹੀਨਿਆਂ ਵਿੱਚ ਰਿਪੋਰਟ ਸੌਂਪੀ ਜਾਵੇਗੀ। ਚੰਡੀਗੜ੍ਹ ਪੁਲਸ ਨੇ ਇਹ ਜਾਂਚ ਟੀਮ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ-ਨਿਰਦੇਸ਼ਾਂ 'ਤੇ ਤਿਆਰ ਕੀਤੀ ਹੈ।

## ਫਰਾਂਸ ਨਾਲ 63 ਹਜ਼ਾਰ ਕਰੋੜ ਦਾ ਲੜਾਕੂ ਜਹਾਜ਼ ਸੌਦਾ

**ਨਵੀਂ ਦਿੱਲੀ** : ਸੁਰੱਖਿਆ ਬਾਰੇ ਕੈਬਨਿਟ ਕਮੇਟੀ ਨੇ ਰਾਫੇਲ ਲੜਾਕੂ ਜਹਾਜ਼ਾਂ ਦੀ ਖਰੀਦ ਬਾਰੇ 63000 ਕਰੋੜ ਰੁਪਏ ਦੀ ਲਾਗਤ ਵਾਲੇ ਦੇਸ਼ ਦੇ ਸਭ ਤੋਂ ਵੱਡੇ ਖਰੀਦ ਸੌਦੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਭਾਰਤ ਤੇ ਫਰਾਂਸ ਦੀਆਂ ਸਰਕਾਰਾਂ ਦਰਮਿਆਨ ਹੋਏ ਸਮਝੌਤੇ ਤਹਿਤ ਭਾਰਤੀ ਜਲਸੈਨਾ ਲਈ 26 ਰਾਫੇਲ ਸਮੁੰਦਰੀ ਲੜਾਕੂ ਜਹਾਜ਼ ਖਰੀਦੇ ਜਾਣਗੇ। ਕਰਾਰ ਵਿਚ 22 ਸਿੰਗਲ ਸਿਟਰ ਤੇ ਚਾਰ ਟਵਿਨ ਸਿਟਰ ਰਾਫੇਲ ਮਰੀਨ ਜੈੱਟ ਸ਼ਾਮਲ ਹਨ।

ਇਸ ਤੋਂ ਇਲਾਵਾ ਇਸ ਵਿੱਚ ਫਲੀਟ ਰੱਖ-ਰਖਾਅ, ਲੌਜਿਸਟਿਕਸ, ਕਰਮਚਾਰੀਆਂ ਦੀ ਸਿਖਲਾਈ ਅਤੇ ਸਵਦੇਸ਼ੀ ਨਿਰਮਾਣ ਹਿੱਸਿਆਂ ਦਾ ਇੱਕ ਵਿਆਪਕ ਪੈਕੇਜ ਵੀ ਸ਼ਾਮਲ ਹੋਵੇਗਾ, ਜੋ ਕਿ ਆਫਸੈੱਟ ਜ਼ਿੰਮੇਵਾਰੀਆਂ ਤਹਿਤ ਲਾਗੂ ਕੀਤਾ ਜਾਵੇਗਾ।

ਰਾਫੇਲ ਸਮੁੰਦਰੀ ਜਹਾਜ਼ਾਂ ਦੀ ਸਪੁਰਦਗੀ, ਖਰੀਦ ਸੌਦੇ 'ਤੇ ਦਸਤਖਤ ਹੋਣ ਤੋਂ ਕਰੀਬ ਪੰਜ ਸਾਲ ਬਾਅਦ ਸ਼ੁਰੂ ਹੋਣ ਦੀ ਉਮੀਦ ਹੈ। ਇਹ ਜਹਾਜ਼ ਭਾਰਤ ਦੇ ਪਹਿਲੇ ਸਵਦੇਸ਼ੀ ਜਹਾਜ਼ ਵਾਹਕ ਆਈ ਐੱਨ ਐੱਸ ਵਿਕਰਾਂਤ 'ਤੇ ਤਾਇਨਾਤ ਕੀਤੇ ਜਾਣਗੇ, ਜੋ ਕਿ ਜਲਸੈਨਾ ਦੇ ਮੌਜੂਦਾ ਮਿਗ-29 ਕੇ ਬੇੜੇ ਦੇ ਪੂਰਕ ਹੋਣਗੇ।

ਭਾਰਤੀ ਹਵਾਈ ਸੈਨਾ ਪਹਿਲਾਂ ਹੀ ਅੰਬਾਲਾ ਅਤੇ ਹਾਸ਼ੀਮਾਰਾ ਏਅਰਬੇਸ 'ਤੇ 36 ਰਾਫੇਲ ਜੈੱਟ ਚਲਾ ਰਹੀ ਹੈ। ਇਹ ਨਵਾਂ ਸੌਦਾ ਹਵਾਈ ਸੈਨਾ ਦੀਆਂ ਸਮਰਥਾਵਾਂ ਨੂੰ ਵੀ ਵਧਾਏਗਾ, ਖਾਸ ਕਰਕੇ ਇਸ ਦੇ 'ਬਡੀ-ਬਡੀ' ਏਰੀਅਲ ਰੀਫਿਊਲਿੰਗ ਸਿਸਟਮ ਰਾਹੀਂ, ਜਿਸ ਨਾਲ ਕਰੀਬ 10 ਰਾਫੇਲ ਜੈੱਟ ਦੂਜੇ ਜਹਾਜ਼ਾਂ ਨੂੰ ਹਵਾ ਵਿੱਚ ਈਂਧਨ ਭਰਨ ਦੀ ਆਗਿਆ ਦੇਣਗੇ।

ਰੱਖਿਆ ਸੂਤਰਾਂ ਮੁਤਾਬਕ ਇਸ ਸੌਦੇ ਵਿੱਚ ਭਾਰਤੀ ਹਵਾਈ ਸੈਨਾ ਦੇ ਮੌਜੂਦਾ ਰਾਫੇਲ ਬੇੜੇ ਲਈ ਜ਼ਮੀਨੀ ਉਪਕਰਣ ਅਤੇ ਸਾਫਟਵੇਅਰ ਅੱਪਗ੍ਰੇਡ ਵੀ ਸ਼ਾਮਲ ਹੋਣਗੇ। ਨਾਲ ਹੀ ਜਲ ਸੈਨਾ ਨੂੰ ਇਨ੍ਹਾਂ 4.5-ਪੀੜ੍ਹੀ ਦੇ ਰਾਫੇਲ ਜੈੱਟਾਂ ਨੂੰ ਚਲਾਉਣ ਲਈ ਆਪਣੇ ਏਅਰਕ੍ਰਾਫਟ ਕੈਰੀਅਰਾਂ 'ਤੇ ਵਿਸ਼ੇਸ਼ ਉਪਕਰਣ ਲਗਾਉਣ ਦੀ ਜ਼ਰੂਰਤ ਹੋਏਗੀ।

ਉਧਰ, ਮਿਗ-29 ਕੇ ਅਜੇ ਵੀ ਆਈ ਐੱਨ ਐੱਸ ਵਿਕਰਮਾਦਿੱਤਿਆ ਤੋਂ ਕੰਮ ਕਰਦੇ ਰਹਿਣਗੇ। ਰਾਫੇਲ ਮਰੀਨ ਦੀ ਤਾਇਨਾਤੀ ਨਾਲ ਜਲਸੈਨਾ ਦੀ ਹਵਾਈ ਤਾਕਤ ਨੂੰ ਵੱਡਾ ਹੁਲਾਰਾ ਮਿਲੇਗਾ। ਭਵਿੱਖੀ ਲੋੜਾਂ ਦੇ ਮੱਦੇਨਜ਼ਰ ਜਲ ਸੈਨਾ ਡੀ ਆਰ ਡੀ ਓ ਵੱਲੋਂ ਵਿਕਸਤ ਕੀਤੇ ਜਾ ਰਹੇ ਸਵਦੇਸ਼ੀ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ਾਂ ਨੂੰ ਵੀ ਸ਼ਾਮਲ ਕਰਨ ਦੀ ਯੋਜਨਾ ਬਣਾ ਰਹੀ ਹੈ।

## ਛੇ-ਮਾਰਗੀ ਜ਼ੀਰਕਪੁਰ ਬਾਈਪਾਸ ਨੂੰ ਮਨਜ਼ੂਰੀ

**ਨਵੀਂ ਦਿੱਲੀ** : ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਬੁੱਧਵਾਰ ਕਿਹਾ ਕਿ ਕੇਂਦਰੀ ਮੰਤਰੀ ਮੰਡਲ ਨੇ ਪੰਜਾਬ ਤੇ ਹਰਿਆਣਾ ਵਿੱਚ 'ਹਾਈਬ੍ਰਿਡ ਐਨੂਇਟੀ ਮੋਡ' 'ਤੇ 1878.31 ਕਰੋੜ ਰੁਪਏ ਦੀ ਲਾਗਤ ਨਾਲ 19.2 ਕਿਲੋਮੀਟਰ ਲੰਬਾਈ ਵਾਲੇ ਛੇ ਮਾਰਗੀ ਪਹੁੰਚ-ਨਿਯੰਤਰਤ ਜ਼ੀਰਕਪੁਰ ਬਾਈਪਾਸ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਜ਼ੀਰਕਪੁਰ, ਪੰਚਕੂਲਾ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਭੀੜ-ਭੜੱਕੇ (ਟਰੈਫਿਕ ਸਮੱਸਿਆ) ਨੂੰ ਘੱਟ ਕਰਨਾ ਹੈ। ਇਸ ਤੋਂ ਇਲਾਵਾ ਪਟਿਆਲਾ, ਦਿੱਲੀ, ਮੁਹਾਲੀ ਐਰੋਸਿਟੀ ਤੋਂ ਆਵਾਜਾਈ ਨੂੰ ਮੋੜਨਾ ਅਤੇ ਹਿਮਾਚਲ ਪ੍ਰਦੇਸ਼ ਨਾਲ ਸਿੱਧਾ ਸੰਪਰਕ ਪ੍ਰਦਾਨ ਕਰਨਾ ਹੈ। ਮੌਜੂਦਾ ਪ੍ਰਸਤਾਵ ਦਾ ਉਦੇਸ਼ ਯਾਤਰਾ ਦੇ ਸਮੇਂ ਨੂੰ ਘਟਾਉਣਾ ਅਤੇ ਐੱਨ ਐੱਚ-7, ਐੱਨ ਐੱਚ-5 ਅਤੇ ਐੱਨ ਐੱਚ-152 ਦੇ ਭੀੜ-ਭੜੱਕੇ ਵਾਲੇ ਸ਼ਹਿਰੀ ਭਾਗ ਵਿੱਚ ਮੁਸ਼ਕਲ ਰਹਿਤ ਆਵਾਜਾਈ ਨੂੰ ਯਕੀਨੀ ਬਣਾਉਣਾ ਹੈ। ਵੈਸ਼ਨਵ ਨੇ ਕਿਹਾ ਕਿ ਕੈਬਨਿਟ ਨੇ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ 104 ਕਿਲੋਮੀਟਰ ਦੇ ਤਿਰੂਪਤੀ-ਪਕਲਾ-ਕਟਪੜੀ ਸਿੰਗਲ ਰੇਲਵੇ ਲਾਈਨ ਸੈਕਸ਼ਨ ਨੂੰ 1,332 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਦੁੱਗਣਾ ਕਰਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ।

## ਬਾਬਾ ਟੇਕ ਸਿੰਘ ਨੇ ਸੇਵਾ ਸੰਭਾਲੀ

**ਦਮਦਮਾ ਸਾਹਿਬ (ਪਰਵਿੰਦਰਜੀਤ ਸਿੰਘ)**-ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਨਵਨਿਯੁਕਤ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੇ ਬੁੱਧਵਾਰ ਤਖਤ ਸਾਹਿਬ ਵਿਖੇ ਸੇਵਾ ਸੰਭਾਲ ਲਈ। ਸਮਾਗਮ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਗ੍ਰੰਥੀ ਗਿਆਨੀ ਕੇਵਲ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਸਭਾ, ਸੁਸਾਇਟੀਆਂ ਦੇ ਨੁਮਾਇੰਦਿਆਂ ਵੱਲੋਂ ਬਾਬਾ ਟੇਕ ਸਿੰਘ ਧਨੌਲਾ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ। ਕਿਸੇ ਤਰ੍ਹਾਂ ਦੇ ਰੌਲੇ-ਰੱਪੇ ਤੋਂ ਡਰਦਿਆਂ ਸੇਵਾ ਸੰਭਾਲ ਦਾ ਸਮਾਗਮ ਸਵੇਰੇ ਐਨਾ ਚੁੱਪ-ਚੁਪੀਤੇ ਕੀਤਾ ਗਿਆ ਕਿ ਪਹਿਲਾਂ ਮੀਡੀਆ ਨੂੰ ਵੀ ਪਤਾ ਨਹੀਂ ਲੱਗਣ ਦਿੱਤਾ ਗਿਆ।

## ਕਿਸਾਨ ਮਿਲਣੀ 12 ਨੂੰ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਸੰਬੰਧੀ ਜਾਗਰੂਕ ਕਰਨ ਲਈ 'ਕਿਸਾਨ ਮਿਲਣੀ' ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਮਿਲਣੀ 12 ਅਪਰੈਲ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਹੋਵੇਗੀ। ਇਸ ਦੌਰਾਨ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਵਾਨਤ ਵੱਧ ਝਾੜ ਵਾਲੀਆਂ ਕਿਸਮਾਂ ਦੀ ਵਰਤੋਂ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਉਤੇ ਜ਼ੋਰ ਦਿੱਤਾ ਜਾਵੇਗਾ। ਝੋਨੇ ਦੀ ਲਵਾਈ ਘੱਟ ਪਾਣੀ ਦੀ ਖ਼ਪਤ ਵਾਲੀਆਂ ਤਕਨੀਕਾਂ ਰਾਹੀਂ ਕਰਨ ਬਾਰੇ ਜਾਣੂੰ ਕਰਵਾਇਆ ਜਾਵੇਗਾ।

## ਡੀ ਰਾਜਾ ਵੱਲੋਂ ਵਕਫ਼ ਐਕਟ ਨੂੰ ਸੁਪਰੀਮ ਕੋਰਟ 'ਚ ਚੁਣੌਤੀ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਕਿਹਾ ਹੈ ਕਿ ਪਾਰਟੀ ਨੇ ਆਪਣੇ ਜਨਰਲ ਸਕੱਤਰ ਡੀ. ਰਾਜਾ ਰਾਹੀਂ ਸੁਪਰੀਮ ਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿੱਚ ਵਕਫ਼ (ਸੋਧ) ਐਕਟ 2025 ਦੀ ਸੰਵਿਧਾਨਕ ਵੈਧਤਾ ਅਤੇ ਵਕਫ਼ ਐਕਟ, 1995 ਵਿੱਚ ਇਸ ਦੁਆਰਾ ਸ਼ਾਮਲ ਕੀਤੇ ਅਤੇ ਕੱਢੇ ਗਏ ਉਪਬੰਧਾਂ ਨੂੰ ਚੁਣੌਤੀ ਦਿੱਤੀ ਗਈ ਹੈ।ਭਾਰਤੀ ਕਮਿਊਨਿਸਟ ਪਾਰਟੀ ਸਮਾਜਵਾਦ ਅਤੇ ਸਾਮਵਾਦ ਦੀ ਇਨਕਲਾਬੀ ਮੋਹਰੀ ਹੈ ਅਤੇ ਦੇਸ਼ ਵਿੱਚ ਘੱਟ ਗਿਣਤੀਆਂ, ਪੱਛੜੇ ਅਤੇ ਹਾਸ਼ੀਏ 'ਤੇ ਧੱਕੇ ਗਏ ਵਰਗਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਹਮੇਸ਼ਾ ਕੰਮ ਕਰਦੀ ਰਹੀ ਹੈ। ਭਾਰਤੀ ਕਮਿਊਨਿਸਟ ਪਾਰਟੀ ਨੇ ਡੀ ਐੱਮ ਕੇ ਨਾਲ ਮਿਲ ਕੇ 27 ਮਾਰਚ ਨੂੰ ਤਾਮਿਲਨਾਡੂ ਦੇ ਮੁੱਖ • ਬਾਕੀ ਸਫਾ 2 'ਤੇ

## 20,000 ਕਿਲੋਮੀਟਰ ਤੋਂ ਵੱਧ ਲਿੰਕ ਸੜਕਾਂ ਦੀ ਮੁਰੰਮਤ ਨੂੰ ਹਰੀ ਝੰਡੀ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਲਿੰਕ ਸੜਕਾਂ ਦੀ ਮੁਰੰਮਤ ਲਈ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਨੂੰ ਹਰੀ ਝੰਡੀ ਦੇ ਦਿੱਤੀ, ਜਿਸ ਤਹਿਤ 4000 ਕਰੋੜ ਰੁਪਏ ਦੀ ਲਾਗਤ ਨਾਲ 20,000 ਕਿਲੋਮੀਟਰ ਲਿੰਕ ਸੜਕਾਂ ਨੂੰ ਅੱਪਗ੍ਰੇਡ ਕੀਤਾ ਜਾਵੇਗਾ।

ਆਪਣੀ ਸਰਕਾਰੀ ਰਿਹਾਇਸ਼ ਉਤੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਸੜਕਾਂ ਦੀ ਪਿਛਲੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਰਿਪੇਅਰ ਹੀ ਨਹੀਂ ਹੋਈ।

ਮਾਨ ਨੇ ਕਿਹਾ ਕਿ ਇਨ੍ਹਾਂ ਸੜਕਾਂ ਦਾ ਨਿਰਮਾਣ ਲੋੜ ਅਤੇ ਤਰਜੀਹ ਅਧਾਰਤ ਕਰਨ ਲਈ ਜ਼ਮੀਨੀ ਸਰਵੇਖਣ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾ ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਇਸ ਗੱਲ ਨੂੰ ਹਰ ਹਾਲ ਵਿੱਚ ਯਕੀਨੀ ਬਣਾਉਣ ਲਈ ਆਖਿਆ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ • ਬਾਕੀ ਸਫਾ 2 'ਤੇ

## ਸਰਹੱਦੀ ਵਾੜ ਨੇੜੇ ਧਮਾਕੇ ਨਾਲ ਜਵਾਨ ਜ਼ਖਮੀ

**ਅੰਮ੍ਰਿਤਸਰ** : ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ 'ਤੇ ਵਾੜ ਦੇ ਅੱਗੇ ਬੁੱਧਵਾਰ ਆਈ ਈ ਡੀ ਧਮਾਕੇ ਵਿੱਚ ਬੀ ਐੱਸ ਐੱਫ ਦਾ ਇਕ ਜਵਾਨ ਜ਼ਖਮੀ ਹੋ ਗਿਆ। ਇਹ ਘਟਨਾ 8-9 ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਗੁਰਦਾਸਪੁਰ ਜ਼ਿਲ੍ਹੇ ਵਿਚ ਵਾਪਰੀ। ਬੀ ਐੱਸ ਐੱਫ ਦੀ ਪਾਰਟੀ ਰਾਤ ਨੂੰ ਸਰਹੱਦੀ ਸੁਰੱਖਿਆ ਵਾੜ ਦੇ ਅੱਗੇ ਗਸ਼ਤ ਕਰ ਰਹੀ ਸੀ ਅਤੇ ਇਸ ਨੇ ਭਾਰਤੀ ਖੇਤਰ ਦੇ ਅੰਦਰ ਲੁਕੀਆਂ ਹੋਈਆਂ ਤਾਰਾਂ ਵਾਲੇ ਕਈ ਵਿਸਫੋਟਕ ਯੰਤਰਾਂ (ਆਈ ਈ ਡੀ) ਦਾ ਪਤਾ ਲਗਾਇਆ।

ਇਲਾਕੇ ਨੂੰ ਘੇਰਾਬੰਦੀ ਅਤੇ ਸੈਨੀਟਾਈਜ਼ ਕਰਨ ਦੌਰਾਨ ਕੁਝ ਆਈ ਈ ਡੀਜ਼ ਦਾ ਵਿਸਫੋਟਕ ਯੰਤਰ, ਜੋ ਕਿ ਛੁਪਾਇਆ ਗਿਆ ਸੀ, ਗਲਤੀ ਨਾਲ ਚਾਲੂ ਹੋ ਗਿਆ, ਜਿਸ ਕਾਰਨ ਇਕ ਜਵਾਨ ਦੀ ਲੱਤ ਜ਼ਖਮੀ ਹੋ ਗਈ।

## ਪੀ ਆਰ ਟੀ ਸੀ ਨੂੰ 500 ਬੱਸਾਂ ਦੀ ਲੋੜ, ਪਰ ਸਰਕਾਰ ਉਦਾਸੀਨ



**ਪਟਿਆਲਾ** : ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੀ ਮੀਟਿੰਗ ਬੁੱਧਵਾਰ ਇੱਥੇ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਬਿਕਰਮਜੀਤ ਸ਼ਰਮਾ, ਰਾਕੇਸ਼ ਕੁਮਾਰ ਦਾਤਾਰਪੁਰੀ, ਮਨਜਿੰਦਰ ਕੁਮਾਰ, ਮੁਹੰਮਦ ਖਲੀਲ ਅਤੇ ਹੋਰ ਆਗੂਆਂ ਸਮੇਤ ਵਰਕਰਾਂ ਦੇ ਕਈ ਗੰਭੀਰ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਕੀਤੀ ਗਈ।ਮੀਟਿੰਗ ਵਿੱਚ ਮੁੱਦਿਆਂ ਸੰਬੰਧੀ ਹੋਈ ਚਰਚਾ ਦੇ ਵੇਰਵੇ ਜਾਰੀ ਕਰਦਿਆਂ ਆਗੂਆਂ ਨੇ ਦੱਸਿਆ ਕਿ ਐਕਸ਼ਨ ਕਮੇਟੀ ਲੰਮੇ ਸਮੇਂ ਤੋਂ ਮੰਗ ਕਰਦੀ ਆ ਰਹੀ ਹੈ ਕਿ ਪੀ ਆਰ ਟੀ ਸੀ ਵਿੱਚ ਘੱਟੋ-ਘੱਟ 500 ਨਵੀਂਆਂ ਬੱਸਾਂ ਪਾਈਆਂ ਜਾਣ, ਕਿਉਂਕਿ ਵਰਤਮਾਨ ਸਰਕਾਰ ਨੇ ਆਪਣੇ ਤਿੰਨ ਸਾਲਾਂ ਤੋਂ ਵੱਧ ਦੇ ਕਾਰਜਕਾਲ ਦੌਰਾਨ ਇੱਕ ਵੀ ਨਵੀਂ ਬੱਸ ਅਦਾਰੇ ਵਿੱਚ ਨਹੀਂ ਪਾਈ, ਜਿਸ ਦਾ ਖਮਿਆਜ਼ਾ ਇਸੇ ਗਰਮੀ ਦੇ ਸੀਜ਼ਨ ਵਿੱਚ ਪੀ ਆਰ ਟੀ ਸੀ ਨੂੰ ਭੁਗਤਣਾ ਪਵੇਗਾ ਅਤੇ ਪੰਜਾਬ ਦੀ ਜਨਤਾ ਵੀ ਸਫਰ ਸਹੂਲਤਾਂ ਦੀ ਘਾਟ ਮਹਿਸੂਸ ਕਰੇਗੀ, ਪਰ ਹੈਰਾਨਗੀ ਹੁੰਦੀ ਹੈ ਇਸ ਸਰਕਾਰ ਦੀ ਨੀਤੀ ਤੋਂ, ਜਿਸ ਨੇ ਨਵੀਂਆਂ ਬੱਸਾਂ ਪਾਉਣ ਦੀ ਸਿਰਫ ਮਨਜ਼ੂਰੀ ਦੇਣੀ ਹੈ, ਕੋਈ ਪੈਸਾ ਨਹੀਂ ਦੇਣਾ, ਕੋਈ ਲੋਨ ਗਰੰਟੀ ਨਹੀਂ ਦੇਣੀ। ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਸਰਕਾਰ ਮਨਜ਼ੂਰੀ ਹੀ ਨਹੀਂ ਦੇ ਰਹੀ, ਜਿਸ ਦਾ ਸਪੱਸ਼ਟ ਅਰਥ ਹੈ ਕਿ ਸਰਕਾਰ ਪ੍ਰਾਈਵੇਟ ਬੱਸ ਮਾਫੀਏ ਨੂੰ ਲਾਭ ਪਹੁੰਚਾਉਣ ਦੀ ਨੀਤੀ 'ਤੇ ਹੀ ਚੱਲ ਰਹੀ ਹੈ। ਦੂਸਰੇ ਪਾਸੇ ਹਰ ਮੰਤਰੀ, ਹਰ ਐੱਮ ਐੱਲ ਏ, ਵੱਖ-ਵੱਖ ਚੇਅਰਮੈਨ, ਆਮ ਆਦਮੀ ਪਾਰਟੀ ਦੇ ਪ੍ਰਧਾਨ ਫੋਕੀ ਵਾਹਵਾ ਖੱਟਣ ਲਈ ਮਹਿਕਮੇ ਤੋਂ ਅਜਿਹੀਆਂ ਥਾਵਾਂ ਤੋਂ ਬੱਸਾਂ ਚਲਾਉਣ ਲਈ ਦਬਾਅ ਪਾਉਂਦੇ ਹਨ ਅਤੇ ਚਲਾਉਂਦੇ ਹਨ, ਜਿਨ੍ਹਾਂ ਥਾਵਾਂ ਤੋਂ ਮਹਿਕਮੇ ਨੂੰ ਕਾਫੀ ਘਾਟਾ • ਬਾਕੀ ਸਫਾ 2 'ਤੇ

## ਅੱਜ-ਨਾਮਾ

ਹੱਥੋਂ ਖਿਸਕਿਆ ਸਮਾਂ ਨਹੀਂ ਹੱਥ ਆਵੇ,
ਪੇਸ਼ ਬੰਦੇ ਦੀ ਪਿੱਛੋਂ ਨਹੀਂ ਜਾਏ ਮੀਆਂ।
ਜਿਵੇਂ ਬੰਦੇ ਕਈ ਵਕਤ ਆ ਖੁੰਝ ਜਾਂਦੇ,
ਡਿੱਠੇ ਮੁਲਕ ਵੀ ਵਕਤ ਵਿਹਾਏ ਮੀਆਂ।
ਝਾਕੇ ਕੌਮਾਂ ਦਾ ਕੋਈ ਇਤਹਾਸ ਬੇਸ਼ੱਕ,
ਮੌਕੇ ਇਹੋ ਜਿਹੇ ਕਈ ਨੇ ਆਏ ਮੀਆਂ।
ਹੋਈ ਭੁੱਲ ਦਾ ਸਬਕ ਜੇ ਸਿੱਖਣਾ ਨਹੀਂ,
ਉਹੋ ਸਬਕ ਇਤਹਾਸ ਦੁਹਰਾਏ ਮੀਆਂ।
ਜਿਹੜੇ ਪਾਸੇ ਨੂੰ ਭਾਰਤ ਆ ਵਧੀ ਜਾਂਦਾ,
ਪਿਛਲਾ ਵਕਤ ਨਾ ਜਾਪਦਾ ਯਾਦ ਮੀਆਂ।
ਪੰਨਾ ਅਕਲ ਦਾ ਕੋਈ ਨਾ ਪੜ੍ਹਨ ਵਾਲਾ,
ਦਿੱਤੀ ਗਲਤੀਆਂ ਦੀ ਜਾਵੇ ਦਾਦ ਮੀਆਂ।

-ਤੀਸ ਮਾਰ ਖਾਂ

## ਬੈਂਕ ਕਰਜ਼ਾ ਲੈਣ ਵਾਲਿਆਂ ਨੂੰ ਕੁਝ ਰਾਹਤ

**ਮੁੰਬਈ** : ਭਾਰਤੀ ਰਿਜ਼ਰਵ ਬੈਂਕ ਨੇ ਨੀਤੀਗਤ ਵਿਆਜ ਦਰਾਂ ਵਿੱਚ 25 ਅਧਾਰ ਅੰਕਾਂ (.25 ਫੀਸਦ) ਦੀ ਕਟੌਤੀ ਦਾ ਐਲਾਨ ਕੀਤਾ ਹੈ। ਇਹ ਲਗਾਤਾਰ ਦੂਜੀ ਵਾਰ ਹੈ ਜਦੋਂ ਕੇਂਦਰੀ ਬੈਂਕ ਨੇ ਰੈਪੋ ਦਰ ਘਟਾਉਣ ਦਾ ਫੈਸਲਾ ਲਿਆ ਹੈ। ਬੈਂਕ ਦੇ ਇਸ ਫੈਸਲੇ ਨਾਲ ਅਮਰੀਕਾ ਦੇ ਜਵਾਬੀ ਟੈਕਸਾਂ ਕਰਕੇ ਝੰਬੇ ਅਰਥਚਾਰੇ ਨੂੰ ਕੁਝ ਢੋਹੀ ਮਿਲਣ ਦੀ ਸੰਭਾਵਨਾ ਹੈ। ਵਿਆਜ ਦਰਾਂ ਵਿਚ .25 ਫੀਸਦ ਦੀ ਕਟੌਤੀ ਨਾਲ ਰੈਪੋ ਦਰ 6 ਫੀਸਦ ਰਹੇਗੀ, ਜਿਸ ਨਾਲ ਹੋਮ, ਆਟੋ ਤੇ ਕਾਰਪੋਰੇਟ ਕਰਜ਼ੇ ਲੈਣ ਵਾਲਿਆਂ ਨੂੰ ਰਾਹਤ ਮਿਲੇਗੀ।

ਇਸ ਤੋਂ ਪਹਿਲਾਂ ਫਰਵਰੀ ਵਿਚ ਬੈਂਕ ਨੇ ਨੀਤੀਗਤ ਵਿਆਜ ਦਰਾਂ 'ਤੇ ਨਜ਼ਰਸਾਨੀ ਲਈ ਸੱਦੀ ਬੈਠਕ ਦੌਰਾਨ ਰੈਪੋ ਦਰ .25 ਫੀਸਦ ਘਟਾ ਕੇ 6.25 ਫੀਸਦ ਕਰ ਦਿੱਤੀ ਸੀ। ਇਹ ਦਰ ਮਈ 2020 ਵਿੱਚ ਪਿਛਲੀ ਕਟੌਤੀ ਦਰ ਤੋਂ ਬਾਅਦ • ਬਾਕੀ ਸਫਾ 2 'ਤੇ



## ਪੂਸਾ 44 ਤੇ ਹਾਈਬ੍ਰਿਡ ਝੋਨੇ ਦੇ ਬੀਜਾਂ ਦੀ ਵਿਕਰੀ ਤੇ ਬਿਜਾਈ 'ਤੇ ਪਾਬੰਦੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਝੋਨੇ ਦੀ ਕਿਸਮ ਪੂਸ਼ਾ 44 ਅਤੇ ਹਾਈਬ੍ਰਿਡ ਬੀਜਾਂ ਦੀ ਵਿਕਰੀ ਤੇ ਬਿਜਾਈ 'ਤੇ ਪੰਜਾਬ ਸਰਕਾਰ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਜਾਰੀ ਪੱਤਰ ਅਨੁਸਾਰ ਸੂਬੇ ਵਿਚ ਪਾਬੰਦੀ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਪੰਜਾਬ ਵਿਚ ਧਰਤੀ ਹੇਠਲੇ ਡਿੱਗਦੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਮਹੱਤਵਪੂਰਨ ਕਦਮ ਉਠਾਏ ਜਾ ਰਹੇ ਹਨ, ਜਿਸ ਤਹਿਤ ਪੀ.ਏ.ਯੂ. ਦੀਆਂ ਹਦਾਇਤਾਂ ਅਨੁਸਾਰ ਘੱਟ ਪਾਣੀ ਤੇ ਪੱਕਣ ਵਿੱਚ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਬਿਜਾਈ ਕਰਨ ਦੇ ਆਦੇਸ਼ ਕੀਤੇ ਗਏ ਹਨ। ਆੜ੍ਹਤੀ ਐਸੋਸ਼ੀਏਸ਼ਨ ਦੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਨੇ ਦੱਸਿਆ ਕਿ ਵਿਭਾਗ ਵਲੋਂ ਪੀ.ਆਰ. 126 ਅਤੇ ਘੱਟ ਪਾਣੀ ਵਾਲੀਆਂ ਕਿਸਮਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਰਾਹੀਂ ਲਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਯੂਨੀਵਰਸਿਟੀ ਦੀਆਂ ਹਦਾਇਤਾਂ ਹਨ ਕਿ ਪੂਸ਼ਾ 44 ਕਿਸਮ ਦੀ ਬਿਜਾਈ ਨਾ ਕੀਤੀ ਜਾਵੇ, ਕਿਉਂਕਿ ਇਸ ਫਸਲ ਨਾਲ ਜਿੱਥੇ ਪਾਣੀ ਵੱਧ ਲੱਗਦਾ ਹੈ, ਉੱਥੇ ਪੱਕਣ ਨੂੰ ਵੀ ਸਮਾਂ ਜਿਆਦਾ ਲੱਗਦਾ ਹੈ। ਇਹ ਫ਼ਸਲ ਕਟਾਈ ਉਪਰੰਤ ਪਰਾਲੀ ਵੀ ਜ਼ਿਆਦਾ ਛੱਡਦੀ ਹੈ। ਉਨ੍ਹਾਂ ਦੱਸਿਆ ਕਿ ਹਾਈਬ੍ਰਿਡ ਤੇ ਪੂਸ਼ਾ 44 ਨੂੰ ਝੁਲਸ ਰੋਗ ਦੀ ਬੀਮਾਰੀ ਵੀ ਜ਼ਿਆਦਾ ਪੈਂਦੀ ਹੈ, ਜਿਸ ਕਾਰਨ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਹੁੰਦਾ ਹੈ। ਸਾਬਕਾ ਪ੍ਰਧਾਨ ਖੇੜਾ ਨੇ ਕਿਹਾ ਕਿ ਝੋਨੇ ਦੀ ਪਨੀਰੀ ਤਿਆਰ ਕਰਨ ਦਾ ਸਮਾਂ ਨੇੜੇ ਆ ਗਿਆ ਹੈ, ਇਸ ਲਈ ਕਿਸਾਨ ਵਿਭਾਗ ਵੱਲੋਂ ਪਾਬੰਦੀਸ਼ੁਦਾ ਹਾਈਬ੍ਰਿਡ ਤੇ ਪੂਸ਼ਾ 44 ਦੇ ਬੀਜ ਨਾ ਖਰੀਦਣ। ਉਨ੍ਹਾਂ ਕਿਹਾ ਕਿ ਜੋ ਖੇਤੀਬਾੜੀ ਵਿਭਾਗ ਤੋਂ ਪ੍ਰਮਾਣਿਤ ਬੀਜ ਹਨ, ਉਨ੍ਹਾਂ ਦੀ ਪਨੀਰੀ ਤਿਆਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਝੋਨੇ ਦੇ ਹਾਈਬ੍ਰਿਡ ਬੀਜ ਕਿਸਾਨਾਂ ਨੂੰ ਮਹਿੰਗੇ ਭਾਅ ਮਿਲਦੇ ਹਨ ਤੇ ਇਸ ਦੀ ਫਸਲ ਐੱਫਸੀਆਈ ਵਲੋਂ ਨਿਰਧਾਰਿਤ ਮਾਪਦੰਡਾਂ ਦੇ ਮੁਕਾਬਲੇ ਚਾਵਲ ਦਾ ਜ਼ਿਆਦਾ ਟੋਟਾ ਬਣਦਾ ਹੈ। ਉਨ੍ਹਾਂ ਕਿਹਾ ਕਿ ਹਾਈਬ੍ਰਿਡ ਬੀਜ ਤੋਂ ਤਿਆਰ ਝੋਨਾ ਸ਼ੈਲਰ ਮਾਲਕ ਨਹੀਂ ਚੁੱਕਦੇ ਹਨ, ਜਿਸ ਕਾਰਨ ਕਿਸਾਨਾਂ ਨੂੰ ਮਜ਼ਬੂਰਨ ਘੱਟ ਭਾਅ 'ਤੇ ਵੇਚਣ ਕਾਰਨ ਉਨ੍ਹਾਂ ਦਾ ਆਰਥਿਕ ਨੁਕਸਾਨ ਹੁੰਦਾ ਹੈ।

## ਡਾ. ਹਰਸ਼ ਸਦਾਵਰਤੀ ਦੇਸ਼ ਭਗਤ ਯੂਨੀਵਰਸਿਟੀ ਦੇ ਨਵੇਂ ਵਾਈਸ ਚਾਂਸਲਰ ਨਿਯੁਕਤ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**
ਦੇਸ਼ ਭਗਤ ਯੂਨੀਵਰਸਿਟੀ ਨੇ ਅਧਿਕਾਰਤ ਤੌਰ 'ਤੇ ਡਾ. ਹਰਸ਼ ਸਦਾਵਰਤੀ ਨੂੰ ਆਪਣੇ ਨਵੇਂ ਵਾਈਸ ਚਾਂਸਲਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ।ਖੋਜ, ਨਵੀਨਤਾ ਅਤੇ ਸੰਸਥਾਗਤ ਵਿਕਾਸ ਵਿੱਚ ਇੱਕ ਮਜ਼ਬੂਤ ਪਿਛੋਕੜ ਵਾਲੇ ਇੱਕ ਪ੍ਰਸਿੱਧ ਅਕਾਦਮਿਕ ਨੇਤਾ, ਡਾ. ਸਦਾਵਰਤੀ ਯੂਨੀਵਰਸਿਟੀ ਦੇ ਅਕਾਦਮਿਕ ਤੇ ਸਮਾਜਿਕ ਪ੍ਰਭਾਵ ਨੂੰ ਉੱਚਾ ਚੁੱਕਣ ਦੇ ਦ੍ਰਿਸ਼ਟੀਕੋਣ ਨਾਲ ਇਸ ਭੂਮਿਕਾ ਵਿੱਚ ਅਹਿਮ ਹਨ।

ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਕਿਹਾ ਕਿ ਅਸੀਂ ਦੇਸ਼ ਭਗਤ ਯੂਨੀਵਰਸਿਟੀ ਵਿੱਚ ਡਾ. ਹਰਸ਼ ਸਦਾਵਰਤੀ ਦਾ ਬਤੌਰ ਵਾਈਸ ਚਾਂਸਲਰ ਸਵਾਗਤ ਕਰਨ ਲਈ ਉਤਸ਼ਾਹਤ ਹਾਂ।ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਉੱਚ ਸਿੱਖਿਆ ਲੀਡਰਸ਼ਿਪ ਵਿੱਚ ਆਪਣੇ ਵਿਆਪਕ ਤਜ਼ਰਬੇ ਅਤੇ ਅਕਾਦਮਿਕ ਨਵੀਨਤਾ ਨੂੰ ਉਤਸ਼ਾਹਤ ਕਰਨ ਦੇ ਟਰੈਕ ਰਿਕਾਰਡ ਦੇ ਨਾਲ, ਡਾ. ਸਦਾਵਰਤੀ ਯੂਨੀਵਰਸਿਟੀ ਨੂੰ ਵਿਕਾਸ ਅਤੇ ਪਰਿਵਰਤਨ ਦੇ ਅਗਲੇ ਪੜਾਅ ਵਿੱਚ ਅਗਵਾਈ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਡਾ: ਹਰਸ਼ ਸਦਾਵਰਤੀ ਨੇ ਕਿਹਾ ਕਿ ਮੈਨੂੰ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਨਿਯੁਕਤ ਹੋਣ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਯੂਨੀਵਰਸਿਟੀ ਦੇ ਪ੍ਰਬੰਧਨ ਤੇ ਪੂਰੀ ਡੀਬੀਯੂ ਟੀਮ ਦਾ ਉਨ੍ਹਾਂ ਦੇ ਵਿਸ਼ਵਾਸ ਅਤੇ ਅਟੁੱਟ ਸਮਰਥਨ ਲਈ ਦਿਲੋਂ ਧੰਨਵਾਦ।ਅਜਿਹੀ ਸ਼ਾਨਦਾਰ ਸੰਸਥਾ ਦੀ ਅਗਵਾਈ ਕਰਨਾ ਇੱਕ ਸਨਮਾਨ ਦੀ ਗੱਲ ਹੈ ਤੇ ਮੈਂ ਇਸ ਅਹੁਦੇ ਨਾਲ ਆਉਣ ਵਾਲੀਆਂ ਜ਼ਿੰਮੇਵਾਰੀਆਂ ਤੋਂ ਪੂਰੀ ਤਰ੍ਹਾਂ ਜਾਣੂ ਹਾਂ। ਉਨ੍ਹਾਂ ਅੱਗੇ ਕਿਹਾ ਕਿ ਮੈਂ ਆਸ਼ਾਵਾਦੀ ਹਾਂ ਤੇ ਸਾਡੀ ਯੂਨੀਵਰਸਿਟੀ ਨੂੰ ਵਿਕਾਸ, ਨਵੀਨਤਾ ਅਤੇ ਉੱਤਮਤਾ ਵੱਲ ਸੇਧਿਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।ਮੈਂ ਨਵੀਂਆਂ ਉਚਾਈਆਂ ਪ੍ਰਾਪਤ ਕਰਨ ਅਤੇ ਸਾਡੇ ਸਾਂਝੇ ਦ੍ਰਿਸ਼ਟੀਕੋਣ ਨੂੰ ਹਕੀਕਤ ਬਣਾਉਣ ਲਈ ਸਾਡੇ ਡੀਬੀਯੂ ਪਰਿਵਾਰ ਦੇ ਹਰੇਕ ਮੈਂਬਰ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ।

## ਮਜ਼ਦੂਰ ਜਮਾਤ ਵਿਰੋਧੀ ਕੋਡ ਰੱਦ ਕਰਾਉਣ ਲਈ 20 ਮਈ ਦੀ ਹੜਤਾਲ ਸਫਲ ਬਣਾਵਾਂਗੇ : ਜਤਿੰਦਰਪਾਲ ਸਿੰਘ



**ਲੁਧਿਆਣਾ (ਪੱਤਰ ਪ੍ਰੇਰਕ)**-ਸਾਈਕਲ ਸਨਅਤ, ਰੇਹੜੀ ਫੜੀ, ਆਟੋ ਪਾਰਟਸ, ਹੌਜਰੀ ਟੈਕਸਟਾਈਲ ਤੇ ਉਸਾਰੀ ਮਜ਼ਦੂਰਾਂ ਨੇ ਸਹਾਇਕ ਕਿਰਤ ਕਮਿਸ਼ਨਰ ਦਫਤਰ ਸਾਹਮਣੇ ਰੋਸ ਭਰਪੂਰ ਧਰਨਾ ਦਿੱਤਾ। ਧਰਨੇ ਦੀ ਅਗਵਾਈ ਸਾਥੀ ਸਮਰ ਬਹਾਦਰ, ਰਾਮ ਲਾਲ, ਰਾਮ ਬ੍ਰਿਛ, ਵਿਨੋਦ ਤਿਵਾੜੀ ਨੇ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਸੀਟੂ ਦੇ ਸਕੱਤਰ ਸਾਥੀ ਜਤਿੰਦਰਪਾਲ ਸਿੰਘ ਤੇ ਸੁਖਵਿੰਦਰ ਸਿੰਘ ਲੋਟੇ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਲੰਬੇ ਸਮੇਂ ਤੋਂ ਘੱਟੋ-ਘੱਟ ਤਨਖਾਹ ਵਿੱਚ ਸੋਧ ਕਰਕੇ ਵਾਧਾ ਨਹੀਂ ਕਰ ਰਹੀ, ਜਦਕਿ 12 ਸਾਲਾਂ ਵਿੱਚ ਮਹਿੰਗਾਈ ਬੇਰੋਕ ਟੋਕ ਵਧੀ ਜਾ ਰਹੀ ਹੈ। ਕੇਂਦਰ ਦੀ ਮੋਦੀ ਸਰਕਾਰ ਮਜ਼ਦੂਰ ਜਮਾਤ ਵਿਰੋਧੀ ਚਾਰ ਕੋਡ ਲਾਗੂ ਕਰਨ ਲਈ ਪੱਬਾ ਭਾਰ ਹੋਈ ਪਈ ਹੈ। ਵੱਡੇ ਵੱਡੇ ਕਾਰਪੋਰੇਟ ਘਰਾਣੇ ਦਿਹਾੜੀ ਦਾ ਸਮਾਂ ਹਫ਼ਤੇ ਵਿੱਚ 70 ਤੇ 90 ਘੰਟੇ ਲਾਗੂ ਕਰਨ ਦੀ ਮੰਗ ਕਰ ਰਹੇ ਹਨ। ਲੇਬਰ ਕੋਡਾਂ ਦੀ ਆੜ ਥੱਲੇ ਠੇਕੇਦਾਰ, ਮਾਲਕ ਨਾ ਤਨਖਾਹਾਂ ਵਿੱਚ ਵਾਧਾ ਕਰ ਰਹੇ ਹਨ ਅਤੇ ਨਾ ਹੀ ਪਹਿਲਾਂ ਮਿਲ ਰਹੀਆਂ ਕਾਨੂੰਨੀ ਸਹੂਲਤਾਂ ਦੇ ਰਹੇ ਹਨ। ਕੋਡ ਲਾਗੂ ਹੋਣ ਨਾਲ ਮਜ਼ਦੂਰ ਨਾ ਯੂਨੀਅਨ ਬਣਾ ਸਕਣਗੇ ਨਾਂ ਹੀ ਤਨਖਾਹ ਦਾ ਵਾਧਾ ਕਰਾ ਸਕਣਗੇ। ਉਲਟਾ ਅਰਪਰਾਧਕ ਕੇਸ ਵਿੱਚ ਮਜ਼ਦੂਰਾਂ ਨੂੰ ਉਲਝਾਇਆ ਜਾਵੇਗਾ। ਕਾਨੂੰਨੀ ਸਹੂਲਤਾਂ ਤੇ ਜਮਹੂਰੀ ਅਧਿਕਾਰਾਂ ਤੇ ਹਮਲਾ ਅਜ਼ਾਦੀ ਨੂੰ ਖਤਮ ਕਰਕੇ ਮਜ਼ਦੂਰਾਂ ਨੂੰ ਗੁਲਾਮਾਂ ਵਾਲੀ ਸਥਿਤੀ ਵਿੱਚ ਧੱਕਿਆ ਜਾ ਰਿਹਾ ਹੈ। ਉਪਰੋਕਤ ਹਾਲਾਤ ਦੇ ਮੱਦੇਨਜ਼ਰ ਮਜ਼ਦੂਰ ਜਮਾਤ ਮੋਦੀ ਦੀ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਆਮ ਲੋਕਾਂ ਨੂੰ ਲਾਮਬੰਦ ਕਰੇਗੀ। 20 ਮਈ 2025 ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਵਰਕਰਾਂ ਨੂੰ ਫੈਕਟਰੀਆਂ, ਮੁਹੱਲਿਆਂ ਤੇ ਪਿੰਡਾਂ ਵਿੱਚ ਮੰਗਾਂ ਸਬੰਧੀ ਲਾਮਬੰਦ ਕੀਤਾ ਜਾਵੇਗਾ। ਕਾਰਪੋਰੇਟ-ਫਿਰਕੂ ਗਠਜੋੜ ਨੂੰ ਲੋਕਾਂ ਵਿੱਚ ਨਖੇੜਨ ਲਈ ਕਿਸਾਨਾਂ ਤੇ ਖੇਤ ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ ਅਤੇ ਦਲਿਤਾਂ ਅਤੇ ਔਰਤਾਂ ਨੂੰ ਹੜਤਾਲ ਲਈ ਲਾਮਬੰਦ ਕੀਤਾ ਜਾਵੇਗਾ। ਉਪਰਕੋਤ ਤੋਂ ਇਲਾਵਾ ਧਰਨੇ ਨੂੰ ਜੋਗਿੰਦਰ ਰਾਮ, ਜਗਦੀਸ਼ ਚੰਦ, ਰਮੇਸ਼ ਕੁਮਾਰ, ਪ੍ਰਧਾਨ ਨੇ ਸੰਬੋਧਨ ਕੀਤਾ। ਲਾਲ ਝੰਡਾ ਹੀਰੋ ਸਾਈਕਲ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਨੀਰਜ਼ ਕੁਮਾਰ ਯਾਦਵ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਯੂਨੀਵਰਸਿਟੀ ਕਾਲਜ ਘਨੌਰ ਦੇ ਵਿਦਿਆਰਥੀ ਮੈਗਜ਼ੀਨ 'ਵੀਚਾਰ' ਦਾ ਦੂਜਾ ਅੰਕ ਰਿਲੀਜ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਯੂਨੀਵਰਸਿਟੀ ਕਾਲਜ ਘਨੌਰ ਦੇ ਵਿਦਿਆਰਥੀ ਮੈਗਜ਼ੀਨ 'ਵੀਚਾਰ' ਦਾ ਦੂਜਾ ਅੰਕ ਪੰਜਾਬੀ ਯੂਨੀਵਰਸਿਟੀ ਵਿਖੇ ਡਾਇਰੈਕਟਰ ਕਾਂਸਟੀਚੂਐਂਟ ਕਾਲਜ ਡਾ. ਜਸਵਿੰਦਰ ਸਿੰਘ ਬਰਾੜ ਵੱਲੋਂ ਰਿਲੀਜ਼ ਕੀਤਾ ਗਿਆ।ਡਾ. ਜਸਵਿੰਦਰ ਬਰਾੜ ਨੇ ਇਸ ਮੌਕੇ ਸਮੂਹ ਕਾਲਜ ਤੇ ਸੰਪਾਦਕੀ ਬੋਰਡ ਦੀ ਟੀਮ ਨੂੰ ਇਸ ਸ਼ੁਭੰਮ ਕਾਰਜ ਲਈ ਵਧਾਈ ਦਿੱਤੀ।ਉਨ੍ਹਾਂ ਮੈਗਜ਼ੀਨ ਦੇ ਮਿਆਰ ਤੇ ਡਿਜ਼ਾਇਨ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਉੱਦਮ ਸਾਡੇ ਕਾਲਜਾਂ ਦੀ ਸਿਖਿਆ ਬਾਰੇ ਪ੍ਰਤਿਬਿੰਬਤ ਤੇ ਨਜ਼ਰੀਏ ਦੇ ਪ੍ਰਮਾਣ ਹਨ।ਕਾਲਜ ਪ੍ਰਿੰਸੀਪਲ ਡਾ. ਲਖਬੀਰ ਸਿੰਘ ਗਿੱਲ ਨੇ ਕਿਹਾ ਕਿ ਸਾਡਾ ਮਕਸਦ ਹੈ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਕਿਤਾਬਾਂ ਨਾਲ ਤੇ ਲੇਖਣ ਨਾਲ ਜੋੜਿਆ ਜਾਵੇ ਤਾਂ ਜੁ ਉਹ ਆਪਣੇ ਬਾਰੇ ਅਤੇ ਆਪਣੇ ਸੰਸਾਰ ਬਾਰੇ ਵਧੇਰੇ ਸੁਚੇਤ ਹੋ ਕੇ ਸੋਚ ਸਕਣ।ਮੈਗਜ਼ੀਨ ਦੇ ਮੁੱਖ ਸੰਪਾਦਕ ਡਾਕਟਰ ਰਵਿੰਦਰ ਸਿੰਘ ਘੁੰਮਣ ਨੇ ਕਿਹਾ ਕਿ ਇਸ ਵੇਲੇ ਨੌਜਵਾਨ ਪੀੜ੍ਹੀ ਇੱਕ ਵੱਡੇ ਦੁਬਿਧਾਮਈ ਮੋੜ 'ਤੇ ਖੜੀ ਹੈ।ਉਹ ਇੱਕ ਪਾਸੇ ਬੇਰੁਜ਼ਗਾਰੀ ਵਰਗੇ ਵੱਡੇ ਵਿਕਰਾਲ ਸੰਕਟ ਸਾਹਮਣੇ ਹੈ ਤੇ ਦੂਜੇ ਪਾਸੇ ਪਾਪੂਲਰ ਮੀਡੀਆ ਦੀ ਚਮਕ-ਦਮਕ ਵਿੱਚ ਭਵੰਤਰੀ ਹੋਈ ਹੈ।ਇਸ ਸੂਰਤ ਵਿੱਚ ਸਾਹਿਤ ਸਿਰਜਣਾ ਤੇ ਪੁਸਤਕਾਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।ਇਸ ਮੌਕੇ ਮੈਗਜ਼ੀਨ ਦਾ ਸਾਰਾ ਸੰਪਾਦਕੀ ਬੋਰਡ ਵੱਖ-ਵੱਖ ਸੈਕਸ਼ਨਾਂ ਦੇ ਸਮੂਹ ਸੰਪਾਦਕ ਡਾ. ਗੁਰਲੀਨ ਆਲੂਵਾਲੀਆ, ਡਾ. ਊਸ਼ਾ ਗੁਪਤਾ, ਡਾ. ਪਦਮਨੀ ਤੋਮਰ, ਡਾ. ਰਵਿੰਦਰ ਸਿੰਘ ਰਵੀ, ਡਾ. ਅਨੁਜੋਤ ਸਿੰਘ ਸੋਨੀ ਵੀ ਇਸ ਮੌਕੇ ਹਾਜ਼ਿਰ ਸਨ।ਇਸ ਮੌਕੇ ਸ੍ਰੀ ਰਾਜ ਕੁਮਾਰ ਜੀ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਨੂੰ 21ਵੀਂ ਸਦੀ ਦੇ ਹਾਣ ਦਾ ਬਣਾਇਆ : ਜੌੜਾਮਾਜਰਾ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**
ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅੱਜ ਸਮਾਣਾ ਹਲਕੇ ਦੇ 4 ਸਕੂਲਾਂ 'ਚ 15 ਲੱਖ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਵੱਖ-ਵੱਖ ਕਾਰਜ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ ਨੂੰ ਸਮਰਪਤ ਕੀਤੇ।

ਵਿਧਾਇਕ ਜੌੜਾਮਾਜਰਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਕ੍ਰਿਸ਼ਨਾ ਬਸਤੀ, ਸਰਕਾਰੀ ਸਕੂਲ ਲੜਕੇ ਤੇ ਲੜਕੀਆਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਜ਼ੀਪੁਰ ਵਿਖੇ ਪੰਜਾਬ ਸਰਕਾਰ ਵੱਲੋਂ ਭੇਜੇ ਫੰਡਾਂ ਦੇ ਨਾਲ ਵਿਦਿਆਰਥੀਆਂ ਦੀ ਬਿਹਤਰੀਨ ਸਿੱਖਿਆ ਲਈ ਕਰਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਦੌਰਾਨ ਵਿਦਿਆਰਥੀਆਂ ਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਦੀ ਕਾਇਆ ਕਲਪ ਕਰਨ ਦਾ ਜੋ ਬੀੜਾ ਉਠਾਇਆ ਗਿਆ ਸੀ, ਉਸ ਦੇ ਨਤੀਜੇ ਸਭ ਦੇ ਸਾਹਮਣੇ ਹਨ।

ਉਨ੍ਹਾਂ ਨੇ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਨੂੰ ਪੰਜਾਬ ਸਿੱਖਿਆ ਕ੍ਰਾਂਤੀ ਦੀ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਕੇਵਲ ਇੱਕ ਇਮਾਰਤ ਨਹੀਂ ਹੁੰਦੇ ਸਗੋਂ ਇਹ ਵਿਦਿਆਰਥੀਆਂ ਦੇ ਸੁਪਨੇ ਸਾਕਾਰ ਕਰਨ ਵਾਲਾ ਪਵਿੱਤਰ ਸਥਾਨ ਹੁੰਦਾ ਹੈ।ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਕੂਲਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਕੇ ਸਰਕਾਰੀ ਸਕੂਲਾਂ ਵਿਚ ਨਵੇਂ ਕਲਾਸ ਰੂਮ, ਪੁਰਾਣੇ ਬਲੈਕ ਬੋਰਡਾਂ ਦੀ ਥਾਂ ਹੁਣ ਸਮਾਰਟ ਇੰਟਰੈਕਟਿਵ ਬੋਰਡ, ਲਾਇਬ੍ਰੇਰੀਆਂ, ਲੈਬਾਰਟਰੀਆਂ, ਨਵਾਂ ਫਰਨੀਚਰ, ਪੀਣ ਵਾਲਾ ਪਾਣੀ, ਟੁਆਇਲਟ ਬਲਾਕ ਸਮੇਤ ਖੇਡਾਂ ਨਾਲ ਸਬੰਧਤ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਹੈ।ਇਸ ਮੌਕੇ ਉਨ੍ਹਾਂ ਨੇ ਸਮਾਰਟ ਬੋਰਡ, ਨਵੇਂ ਬਾਥਰੂਮ, ਕਮਰਿਆਂ ਦੀਆਂ ਛੱਤਾਂ ਤੇ ਰਸੋਈ ਦੀ ਮੁਰੰਮਤ, ਰੀਡਿੰਗ ਸੈਲ ਸਮੇਤ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

## ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਆਦੇਸ਼ਾਂ ਤਹਿਤ ਨਿਆਂ ਦੇਣ ਦੀ ਮੰਗ

**ਜਗਰਾਉਂ (ਨਛੱਤਰ ਸੰਧੂ)**
ਅਨੁਸੂਚਿਤ ਪਰਿਵਾਰ ਨਾਲ ਸਬੰਧਤ ਪੀੜਤਾ ਮਨਪ੍ਰੀਤ ਕੌਰ ਦੇ ਪਰਿਵਾਰ ਤੇ ਰਸੂਲਪੁਰ ਨਿਵਾਸੀ ਪੀੜਤਾ ਸੁਰਿੰਦਰ ਕੌਰ ਦੇ ਪਰਿਵਾਰ 'ਤੇ ਤਤਕਾਲੀਨ ਕਥਿਤ ਥਾਣਾਮੁਖੀ ਅਤੇ ਚੌਕੀ ਇੰਚਾਰਜ ਵਲੋਂ ਕੀਤੇ ਅੱਤਿਆਚਾਰਾਂ ਦਾ ਨਿਆਂ ਲੈਣ ਲਈ ਥਾਣੇ ਮੂਹਰੇ ਪੀੜ੍ਹਤਾਂ ਤੇ ਸਮਾਜਿਕ ਨਿਆਂਪਸੰਦ ਜਥੇਬੰਦੀਆਂ ਨੇ ਧਰਨਾ ਦਿੱਤਾ ਅਤੇ ਥਾਣਾ ਮੁਖੀ ਰਾਹੀਂ ਉੱਚ ਪੁਲਿਸ ਅਧਿਕਾਰੀਆਂ ਨੂੰ ਭੇਜੇ ਮੰਗ ਪੱਤਰ ਰਾਹੀਂ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਆਦੇਸ਼ਾਂ ਅਨੁਸਾਰ ਨਿਆਂ ਦੇਣ ਦੀ ਮੰਗ ਕੀਤੀ।ਇਹਾਤੀ ਮਜ਼ਦੂਰ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੁਰਮੇਲ ਸਿੰਘ, ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਭਰਭੂਰ ਸਿੰਘ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ, ਜਬਰ ਵਿਰੋਧੀ ਫਰੰਟ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਨੇ ਦੱਸਿਆ ਕਿ ਕਥਿਤ ਥਾਣਾਮੁਖੀ ਗੁਰਿੰਦਰ ਬੱਲ, ਏਐਸਆਈ ਰਾਜਵੀਰ ਸਿੰਘ ਦੀ ਅਗਵਾਈ

### ਨਵੀਂ ਐਫ ਆਈ ਆਰ ਦੀ ਮੰਗ ਮੁੜ ਦੁਹਰਾਈ



ਵਾਲੀ ਪੁਲਿਸ ਪਾਰਟੀ ਵਲੋਂ ਜਗਰਾਉਂ ਨਿਵਾਸੀ ਪੀੜਤਾ ਮਨਪ੍ਰੀਤ ਕੌਰ ਅਤੇ ਉਸ ਦੇ ਪਰਿਵਾਰ 'ਤੇ ਕੀਤੇ ਅੱਤਿਆਚਾਰਾਂ ਅਤੇ ਰਸੂਲਪੁਰ ਨਿਵਾਸੀ ਸੁਰਿੰਦਰ ਕੌਰ ਤੇ ਕੁਲਵੰਤ ਕੌਰ 'ਤੇ ਕੀਤੇ ਅੱਤਿਆਚਾਰਾਂ ਸਬੰਧੀ 20 ਸਾਲਾਂ ਤੋਂ ਨਿਆਂ ਮੰਗ ਰਹੇ ਹਾਂ ਅਤੇ ਪਿਛਲੇ 3 ਸਾਲਾਂ ਤੋਂ ਲਗਾਤਾਰ ਥਾਣੇ ਮੂਹਰੇ ਪੁਲਸ ਤੇ ਸਿਵਲ ਅਧਿਕਾਰੀਆਂ ਦਾ ਪਿੱਟ-ਸਿਆਪਾ ਕਰ ਰਹੇ ਹਾਂ, ਪਰ ਏਥੇ ਕੋਈ ਸੁਣਨ ਵਾਲਾ ਨਹੀਂ ਹੈ।ਮੁੱਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਦੋਸ਼ ਲਾਇਆ ਕਿ ਪੁਲਿਸ ਅਧਿਕਾਰੀਆਂ ਨੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਆਦੇਸ਼ ਮੁਤਾਬਿਕ ਮੁਕੱਦਮਾ ਦਰਜ ਨਹੀਂ ਕੀਤਾ, ਸਗੋਂ ਪੁਲਸ ਟਾਰਚਰ ਕਰਨ ਭੈਣ ਕੁਲਵੰਤ ਕੌਰ ਦੀ ਸਬੰਧੀ ਮੇਰੇ ਬਿਆਨ 'ਤੇ ਮੁਕੱਦਮਾ ਦਰਜ ਕੀਤਾ ਸੀ, ਜੋ ਮਿਲੀਭੁਗਤ ਨਾਲ ਕੈਂਸਲ ਵੀ ਕਰ ਦਿੱਤਾ ਗਿਆ। ਰਸੂਲਪੁਰ ਨੇ ਕਿਹਾ ਪੁਲਿਸ ਅਧਿਕਾਰੀ ਪੀੜਤਾਂ ਨਾਲ ਲਗਾਤਾਰ ਅਨਿਆਂ ਕਰ ਰਹੇ ਹਨ।ਪੀੜਤਾ ਮਨਪ੍ਰੀਤ ਕੌਰ ਅਤੇ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਅਨੇਕਾਂ ਲਿਖਤੀ ਆਦੇਸ਼ਾਂ ਦੇ ਬਾਵਜੂਦ ਪੁਲਿਸ ਅਧਿਕਾਰੀਆਂ ਨੇ ਕੋਈ ਕਾਰਵਾਈ ਨਹੀਂ ਕੀਤੀ, ਜਦਕਿ ਹਦਾਇਤਾਂ ਅਨੁਸਾਰ ਤੁਰੰਤ ਐਫ਼ ਆਈ ਆਰ ਦਰਜ ਕਰਨ ਅਤੇ ਇਨਕਾਰੀ ਪੁਲਿਸ ਅਫਸਰਾਂ ਖਿਲਾਫ 166-ਏ ਅਧੀਨ ਕਾਰਵਾਈ ਕਰਨ ਦਾ ਵੀ ਪ੍ਰੋਵਿਜ਼ਨ ਹੈ।

## ਮਾਸਹਾਰੀ ਦੁਕਾਨਾਂ ਬੰਦ ਰਹਿਣਗੀਆਂ



**ਜਗਰਾਉਂ (ਅਮਿਤ ਖੰਨਾ)**-ਭਗਵਾਨ ਮਹਾਂਵੀਰ ਜਨਮ ਕਲਿਆਣਕ ਦਿਵਸ ਦੇ ਮੌਕੇ ਸਵਾਮੀ ਰੂਪ ਚੰਦ ਜੈਨ ਯੁਵਕ ਮੰਡਲ ਦੇ ਮਹਾਮੰਤਰੀ ਵੈਭਵ ਜੈਨ ਐਡਵੋਕੇਟ, ਪ੍ਰਧਾਨ ਸੁਮਿਤ ਜੈਨ, ਚੇਅਰਮੈਨ ਯੋਗੇਸ਼ ਜੈਨ ਤੇ ਕਾਰਜਕਾਰੀ ਮੈਂਬਰ ਕੇਤਨ ਜੈਨ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ (ਆਈ.ਏ.ਐਸ.) ਨੂੰ ਇੱਕ ਪ੍ਰਸਤਾਵ ਸੌਂਪਿਆ। ਇਸ ਯਤਨ ਦੇ ਨਤੀਜੇ ਵਜੋਂ ਡਿਪਟੀ ਕਮਿਸ਼ਨਰ ਨੇ ਜਗਰਾਉ 'ਚ ਸਾਰੇ ਅੰਡਾ, ਮਾਸ, ਮੱਛੀ ਅਤੇ ਹੋਰ ਨਾਨ-ਵੈਜ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ। ਜੈਨ ਯੁਵਕ ਮੰਡਲ, ਜਗਰਾਓਂ ਅਤੇ ਸਮੂਹ ਜੈਨ ਸਮਾਜ ਵੱਲੋਂ ਡਿਪਟੀ ਕਮਿਸ਼ਨਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ। ਇਹ ਫ਼ੈਸਲਾ ਜੈਨ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦਾ ਆਦਰ ਕਰਨ ਲਈ ਲਿਆ ਗਿਆ ਹੈ, ਕਿਉਂਕਿ ਮਹਾਂਵੀਰ ਜਯੰਤੀ ਅਹਿੰਸਾ ਅਤੇ ਸ਼ਾਕਾਹਾਰ ਦੇ ਸਿਧਾਂਤਾਂ ਨੂੰ ਪ੍ਰਮੁੱਖਤਾ ਦਿੰਦੀ ਹੈ।

## ਸਿੱਧ ਜੋਗੀ ਬਾਬਾ ਬਾਲਕ ਨਾਥ ਸੇਵਾ ਦਲ ਵੱਲੋਂ ਯਾਤਰਾ ਤੇ ਭੰਡਾਰਾ




**ਲੁਧਿਆਣਾ (ਜਸਦੀਪ ਵਰਤੀਆ)**-ਸਿੱਧ ਜੋਗੀ ਬਾਬਾ ਬਾਲਕ ਨਾਥ ਸੇਵਾ ਦਲ ਐਂਡ ਵੈਲਫੇਅਰ ਸੁਸਾਇਟੀ ਜਵਾਹਰ ਨਗਰ ਵੱਲੋਂ 33ਵਾਂ ਯਾਤਰਾ ਤੇ ਭੰਡਾਰੇ ਦੀ ਗੱਡੀ ਨੂੰ ਝੰਡੀ ਦਿੰਦੇ ਹੋਏ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦੱਸਿਆ ਕਿ ਇਹ ਸੁਸਾਇਟੀ ਭਗਵਾਨ ਦੇ ਨਾਲ ਅਤੇ ਵੈਲਫੇਅਰ ਸੁਸਾਇਟੀ ਦਾ ਕੰਮ ਕਰ ਰਹੀ ਹੈ ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ, ਜਿਹੜੇ ਹਮੇਸ਼ਾ ਹੀ ਪ੍ਰਮਾਤਮਾ ਨੂੰ ਯਾਦ ਕਰਦੇ ਹਨ ਅਤੇ ਦੀਨ ਦੁਖੀਆਂ ਦੀ ਸੇਵਾ ਕਰਨ ਵਿੱਚ ਸਭ ਨਾਲ ਪਹਿਲਾਂ ਇਹ ਸੁਸਾਇਟੀ ਮੂਹਰੇ ਆਉਂਦੀ ਹੈ। ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਸ਼ਾਮ ਲਾਲ ਭਗਤ ਨੇ ਭਰਤ ਗੁੰਸ ਨੂੰ ਸਿਰੋਪਾ ਤੇ ਸ਼ੀਲਡ ਦੇ ਕੇ ਸਨਮਾਨ ਕੀਤਾ ਗਿਆ ਅਤੇ ਸੁਸਾਇਟੀ ਦੇ ਪ੍ਰਧਾਨ ਰਾਮ ਲਾਲ ਜੀ ਭਗਤ ਨੇ ਦੱਸਿਆ ਕਿ ਇਹ ਯਾਤਰਾ ਛੇ ਦਿਨ ਬਾਬਾ ਬਾਲਕ ਨਾਥ ਜੀ ਹਿਮਾਚਲ ਪ੍ਰਦੇਸ਼ ਵਿੱਚ ਲੰਗਰ ਲਾਉਂਦੀ ਹੈ ਤੇ 14 ਅਪ੍ਰੈਲ ਨੂੰ ਵਾਪਸੀ ਪੀਰ ਮੰਗਾਏ ਸ਼ਰਧਾਲੂਆਂ ਨੂੰ ਮੱਥਾ ਟਿਕਾ ਕੇ ਲੁਧਿਆਣਾ ਪੁੱਜਦੀ ਹੈ।

## ਹਾਦਸਿਆਂ ਨੂੰ ਸੱਦਾ ਦੇ ਰਹੇ ਤਾਰਾਂ ਦੇ ਲਟਕਦੇ ਜੰਜਾਲ ਤੋਂ ਅਧਿਕਾਰੀਆਂ ਨੂੰ ਕਰਾਇਆ ਜਾਣੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**
'ਤੈਂ ਕੀ ਦਰਦ ਨਾ ਆਇਆ' ਗਰੁੱਪ ਦਾ ਇਕ ਵਫ਼ਦ ਸ਼ਹਿਰ ਦੇ ਮੁਹੱਲਿਆਂ ਤੇ ਬਾਜ਼ਾਰਾਂ 'ਚ ਬਿਜਲੀ ਦੇ ਖੰਭਿਆਂ 'ਤੇ ਲਟਕਦੀਆਂ ਤਾਰਾਂ ਦੇ ਗੁੱਛਿਆਂ ਅਤੇ ਜੰਜਾਲ ਦੀ ਸਮੱਸਿਆ ਨੂੰ ਲੈ ਕੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਮਿਲਣ ਲਈ ਉਨ੍ਹਾਂ ਦੇ ਦਫ਼ਤਰ ਪਹੁੰਚਿਆ।ਇਸ ਦੌਰਾਨ ਐਕਸੀਅਨ ਦੀ ਗੈਰ ਮੌਜੂਦਗੀ 'ਚ ਐਸਈ ਵੱਲੋਂ ਫੋਨ 'ਤੇ ਐਸਡੀਓ ਜਸਪ੍ਰੀਤ ਮੱਲਣ ਨੂੰ ਵਫ਼ਦ ਦੀ ਸ਼ਿਕਾਇਤ ਸੁਣਨ ਲਈ ਕਿਹਾ ਤੇ ਸਮੱਸਿਆ ਬਾਰੇ ਜਾਣਕਾਰੀ ਦਿੱਤੀ।

ਵਫ਼ਦ 'ਚ ਸ਼ਾਮਲ ਮੈਂਬਰਾਂ ਨੇ ਐਸਡੀਓ ਨੂੰ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਥਾਂਵਾਂ 'ਤੇ ਬਿਜਲੀ ਦੇ ਖੰਭਿਆਂ 'ਤੇ ਬਿਜਲੀ ਦੀਆਂ ਤਾਰਾਂ ਦੇ ਨਾਲ-ਨਾਲ ਕਈ ਹੋਰ ਤਾਰਾਂ ਦੇ ਬੰਡਲ ਵੀ ਲਟਕਦੇ ਦਿਖਾਈ ਦੇ ਰਹੇ ਹਨ।ਕੁੱਝ ਤਾਰਾਂ ਢਿੱਲੀਆਂ ਹੋ ਗਈਆਂ ਹਨ ਤੇ ਏਨੀਆਂ ਨੀਵੀਂਆਂ ਲਟਕ ਗਈਆਂ ਹਨ ਕਿ ਉਹ ਰਾਹਗੀਰਾਂ ਤੇ ਬੇਸਹਾਰਾ ਪਸ਼ੂਆਂ ਨੂੰ ਵੀ ਛੂਹ ਸਕਦੀਆਂ ਹਨ।ਮਹਿੰਦਰ ਢਾਬਾ ਵਾਲੀ ਗਲੀ, ਮਾਲ ਗੋਦਾਮ ਰੋਡ, ਮਹਾਸ਼ਾ ਮਾਰਕੀਟ ਨੇੜੇ, ਡਾਕਟਰ ਟਿੱਕਾ ਨੇੜੇ ਬਾਵਾ ਸੰਤ ਸਿੰਘ ਰੋਡ, ਰਾਮਬਾੜਾ ਬਾਜ਼ਾਰ ਗੇਟ ਨੇੜੇ, ਗਾਂਧੀ ਚੌਕ ਆਦਿ ਥਾਵਾਂ 'ਤੇ ਤਾਰਾਂ ਦਾ ਏਨਾ ਝੁਰਮਟ ਹੈ ਕਿ ਇਹ ਪਤਾ ਨਹੀਂ ਲੱਗਦਾ ਕਿ ਇਹ ਬਿਜਲੀ ਦੀ ਤਾਰ ਹੈ ਜਾਂ ਇੰਟਰਨੈੱਟ ਦੀ ਤਾਰ ਹੈ ਜਾਂ ਕੋਈ ਹੋਰ ਤਾਰ ਹੈ।ਹੋਰ ਤਾਂ ਹੋਰ ਬਹੁਤ ਸਾਰੇ ਖੰਭਿਆਂ 'ਤੇ ਲੱਗੇ ਮੀਟਰ ਬਾਕਸ ਇਸ ਤਰ੍ਹਾਂ ਦੇ ਹਨ ਕਿ ਉਨ੍ਹਾਂ ਨੂੰ ਬੰਦ ਕਰਨ ਵਾਲੇ ਢੱਕਣ ਨਾ ਹੋਣ ਦੇ ਕਾਰਨ ਹਾਦਸੇ ਦੀ ਵਜ੍ਹਾ ਬਣੇ ਹੋਏ ਹਨ।ਅਕਸਰ ਸ਼ਹਿਰ ਦੇ ਮੁਹੱਲਿਆਂ 'ਚ ਘਰਾਂ ਦੇ ਬਾਹਰ ਲਾਏ ਗਏ ਮੀਟਰ ਬਕਸੇ ਜਾਂ ਤਾਂ ਟੁੱਟੇ ਹੁੰਦੇ ਹਨ ਜਾਂ ਇੰਨੇ ਨੀਵੇਂ ਲਾਏ ਜਾਂਦੇ ਹਨ ਕਿ ਮੁਹੱਲੇ ਦੇ ਬੱਚਿਆਂ ਦੇ ਹੱਥ ਪਹੁੰਚਣ ਨਾਲ ਹਾਦਸੇ ਦਾ ਡਰ ਬਣਿਆ ਰਹਿੰਦਾ ਹੈ।

ਐਸਡੀਓ ਜਸਪ੍ਰੀਤ ਮੱਲਣ ਨੇ ਭਰੋਸਾ ਦਿੱਤਾ ਕਿ ਉਹ ਜਲਦੀ ਹੀ ਕ੍ਰਮਚਾਰੀਆਂ ਦੀ ਡਿਊਟੀ ਲਾ ਕੇ ਇਸ ਸਮੱਸਿਆ ਦਾ ਹੱਲ ਕਰਨਗੇ। ਮੀਟਰ ਬਕਸਿਆਂ ਬਾਰੇ ਵੀ ਉਹ ਉੱਚ ਅਧਿਕਾਰੀਆਂ ਨੂੰ ਵੀ ਸੂਚਿਤ ਕਰਨਗੇ ਤਾਂ ਜੁ ਉਨ੍ਹਾਂ ਦਾ ਵੀ ਕੋਈ ਹੱਲ ਕੀਤਾ ਜਾ ਸਕੇ।

## ਸਾਬਕਾ ਸੈਨਿਕ ਲੀਗ ਦੀ ਮਹੀਨਾਵਾਰ ਮੀਟਿੰਗ ਹੋਈ

**ਸ਼ੇਰਪੁਰ (ਰਵੀ ਟਿੱਬਾ)**-ਭਾਰਤੀਆ ਸਾਬਕਾ ਸੈਨਿਕ ਲੀਗ ਬਲਾਕ ਸ਼ੇਰਪੁਰ ਦੀ ਮਹੀਨਾਵਾਰ ਇਕੱਤਰਤਾ ਸੂਬੇਦਾਰ ਮੇਜਰ ਹਰਜੀਤ ਸਿੰਘ ਦੀ ਅਗਵਾਈ ਹੇਠ ਲੀਗ ਦਫ਼ਤਰ ਪੁਰਾਣੀ ਤਹਿਸੀਲ ਵਿਖੇ ਹੋਈ, ਜਿਸ ਦੌਰਾਨ ਸਾਬਕਾ ਸੈਨਿਕਾਂ ਨਾਲ ਮਹੀਨੇ ਭਰ ਦੀਆਂ ਗਤੀਵਿਧੀਆਂ 'ਤੇ ਚਰਚਾ ਕੀਤੀ। ਉਪਰੰਤ ਸੈਨਿਕਾਂ ਦੀਆਂ ਸਮੱਸਿਆਵਾਂ ਸੁਣੀਆਂ। ਸੈਨਿਕ ਆਗੂ ਸੂਬੇਦਾਰ ਮੇਜਰ ਹਰਜੀਤ ਸਿੰਘ ਨੇ ਸਮੂਹ ਸਾਬਕਾ ਸੈਨਿਕਾਂ ਨੂੰ ਹਰ ਮਹੀਨੇ 8 ਤਰੀਕ ਨੂੰ ਹੁੰਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਤਾਂ ਜੁ ਸਮੇਂ-ਸਮੇਂ ਡਾਇਰੈਕਟੋਰੇਟ ਰੱਖਿਆ ਸੇਵਾਵਾਂ ਭਲਾਈ ਪੰਜਾਬ ਵੱਲੋਂ ਕੇਂਦਰ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਤਹਿਤ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਪਤਾ ਲੱਗਦਾ ਰਹੇ ਤੇ ਪੈਨਸ਼ਨਰ ਇਨ੍ਹਾਂ ਦਾ ਪੂਰਾ ਲਾਭ ਲੈ ਸਕਣ। ਉਨ੍ਹਾਂ ਪਿੰਡਾਂ ਵਿੱਚ ਲੱਗਦੇ ਕੈਂਪਾਂ ਦੌਰਾਨ ਨੌਜਵਾਨਾਂ ਨੂੰ ਅਗਨੀਵੀਰ ਸਕੀਮ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਰਜਿਸਟ੍ਰੇਸ਼ਨ ਕਰਾਉਣ ਦੀ ਵੀ ਅਪੀਲ ਕੀਤੀ।



## ਬਾਬਾ ਨਾਭਾ ਦਾਸ ਦਾ ਜਨਮ ਦਿਵਸ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਸੰਤ ਬਾਬਾ ਨਾਭਾ ਦਾਸ ਜੀ ਦਾ ਜਨਮ ਦਿਵਸ ਮਨਾਇਆ ਗਿਆ।ਸੰਤ ਬਾਬਾ ਨਾਭਾ ਦੇਸ ਜੀ ਦੇ ਜੀਵਨ ਬਾਰੇ ਬੱਚਿਆਂ ਨੂੰ ਵਿਸਥਾਰ ਨਾਲ ਦੱਸਿਆ ਗਿਆ।ਸ੍ਰੀ ਗੁਰੂ ਨਾਭਾ ਦਾਸ ਇੱਕ ਸੰਤ ਧਰਮ ਸ਼ਾਸਤਰੀ ਅਤੇ ਭਗਤ ਮਾਲ ਦੇ ਲੇਖਕ ਸਨ।ਇਸ ਪਵਿੱਤਰ ਗ੍ਰੰਥ ਵਿੱਚ ਨਾਭਾ ਦਾਸ ਨੇ ਸਤਯੁਗ ਤੋਂ ਲੈ ਕੇ ਕਲਯੁਗ ਤੱਕ ਦੀ ਲਗਭਗ ਹਰ ਸੰਤ ਦਾ ਜੀਵਨ ਇਤਿਹਾਸ ਲਿਖਿਆ ਹੈ।ਉਨ੍ਹਾਂ ਕਿਹਾ ਕਿ 8 ਅਪ੍ਰੈਲ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਲੱਖਾਂ ਪੈਰੋਕਾਰ ਉਨ੍ਹਾਂ ਨੂੰ ਯਾਦ ਕਰਦੇ ਹਨ ਅਤੇ ਮਨੁੱਖਤਾ ਲਈ ਕੰਮ ਕਰਨ ਦੇ ਸੰਕਲਪ ਨੂੰ ਯਾਦ ਕਰਦੇ ਹਨ।ਉਨ੍ਹਾਂ ਦਾ ਜਨਮ 8 ਅਪ੍ਰੈਲ 1537 ਨੂੰ ਭਾਰਤ ਦੇ ਤੇਲੰਗਾਨਾ ਰਾਜ ਦੇ ਖੰਮਮ ਜਿਲ੍ਹੇ ਵਿੱਚ ਗੋਦਾਵਰੀ ਨਦੀ ਦੇ ਕੰਢੇ ਪਿੰਡ ਭਦਰਚਲਮ ਵਿੱਚ ਹੋਇਆ ਸੀ, ਉਨ੍ਹਾਂ ਦੀ ਮਾਤਾ ਜਾਨਕੀ ਦੇਵੀ ਜੀ ਤੇ ਉਹਨਾਂ ਦੇ ਪਿਤਾ ਰਾਮਦਾਸ ਜੀ ਸਨ, ਜੋ ਹੁਣ ਰਾਮਦਾਸੂ ਦੇ ਨਾਂਅ ਨਾਲ ਜਾਣੇ ਜਾਂਦੇ ਹਨ।ਉਹ ਮਹਾਸ਼ਾ, ਡੂਮ ਦੁਮਨਾ ਭਾਈਚਾਰੇ ਨਾਲ ਸਬੰਧ ਸਨ, ਜਿਸ ਨੂੰ ਹੁਣ ਨਾਭਦਾਸੀਆ ਕਿਹਾ ਜਾਂਦਾ ਹੈ।ਉਨ੍ਹਾਂ ਦਾ ਪੇਸੇਵਰ ਕੰਮ ਗੰਨੇ ਦੀਆਂ ਟੋਕਰੀਆਂ ਬਣਾਉਣਾ ਸੀ ਤੇ ਉਹ ਸੰਗੀਤਕਾਰ ਸਨ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਅਤੇ ਸਕੂਲ ਸਟਾਫ ਹਾਜ਼ਰ ਸੀ।

## ਵਧਦੇ ਤਾਪਮਾਨ ਕਾਰਨ ਐਡਵਾਈਜ਼ਰੀ ਜਾਰੀ

**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਵਿੱਚ ਗਰਮੀਆਂ ਦੀ ਸ਼ੁਰੂਆਤ ਹੁੰਦੇ ਸਾਰ ਹੀ ਪਾਰਾ 43 ਡਿਗਰੀ ਨੂੰ ਪਾਰ ਕਰ ਗਿਆ ਹੈ।ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਡਾ ਰਮਨਦੀਪ ਕੌਰ ਸਿਵਲ ਸਰਜਨ ਲੁਧਿਆਣਾ ਵਲੋਂ ਐਡਵਾਈਜ਼ਰੀ ਜਾਰੀ ਕਰਕੇ ਗਰਮੀ ਤੋਂ ਚੌਕਸ ਰਹਿਣ ਦੀ ਅਪੀਲ ਕੀਤੀ ਹੈ।ਡਾ. ਰਮਨਦੀਪ ਕੌਰ ਨੇ ਕਿਹਾ ਕਿ ਵਧਦਾ ਤਾਪਮਾਨ ਖ਼ਾਸ ਕਰਕੇ ਬੱਚਿਆਂ, ਬਜ਼ੁਰਗਾਂ, ਗਰਭਵਤੀ ਔਰਤਾਂ ਤੇ ਕ੍ਰੋਨਿਕ ਬਿਮਾਰੀਆਂ ਵਾਲੇ ਲੋਕਾਂ ਲਈ ਗੰਭੀਰ ਸਿਹਤ ਖ਼ਤਰੇ ਪੈਦਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸੰਚਾਰ ਮਾਧਯਮਾਂ ਰਾਹੀਂ ਹੀਟ ਵੇਵ ਤੋਂ ਬਚਾਅ ਸਬੰਧੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਲੁਧਿਆਣਾ ਦੇ ਸਾਰੇ ਸਰਕਾਰੀ ਹਸਪਤਾਲਾਂ, ਪ੍ਰਾਇਮਰੀ ਹੈਲਥ ਸੈਂਟਰਾਂ ਤੇ ਐਮਰਜੈਂਸੀ ਵਿਭਾਗਾਂ ਨੂੰ ਹੀਟ ਨਾਲ ਸਬੰਧਤ ਮਾਮਲਿਆਂ ਲਈ ਹਾਈ ਅਲਰਟ 'ਤੇ ਰਹਿਣ ਦੇ ਹੁਕਮ ਦਿੱਤੇ ਗਏ ਹਨ।ਉੱਚ ਜ਼ੋਖ਼ਮ ਵਾਲੇ ਇਲਾਕਿਆਂ ਵਿੱਚ ਠੰਢੇ ਥਾਵਾਂ ਅਤੇ ਪੀਣ ਵਾਲੇ ਪਾਣੀ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ।ਐਂਬੂਲੈਂਸ ਸੇਵਾਵਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਤੇ ਡਾਕਟਰਾਂ ਨੂੰ ਹੀਟ ਸਟਰੋਕ ਦੇ ਮਾਮਲਿਆਂ ਨੂੰ ਤਰਜੀਹ ਦੇਣ ਦੀ ਹਦਾਇਤ ਦਿੱਤੀ ਗਈ ਹੈ।ਸਿਵਲ ਸਰਜਨ ਨੇ ਸਥਾਨਕ ਪ੍ਰਸ਼ਾਸਨ ਅਤੇ ਐਨਜੀਓਜ਼ ਨੂੰ ਵੀ ਬਾਜ਼ਾਰਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਹੋਰ ਭੀੜ ਵਾਲੀਆਂ ਥਾਵਾਂ 'ਤੇ ਛਾਂ ਦੇ ਢਾਂਚੇ ਅਤੇ ਪਾਣੀ ਦੀ ਸਹੂਲਤ ਉਪਲਬਧ ਕਰਾਉਣ ਦੀ ਅਪੀਲ ਕੀਤੀ ਗਈ ਹੈ।ਉਨ੍ਹਾਂ ਮਜ਼ਦੂਰਾਂ ਅਤੇ ਬਾਹਰ ਕੰਮ ਕਰਨ ਵਾਲਿਆਂ ਲਈ ਦੁਪਹਿਰ 12 ਤੋਂ 4 ਵਜੇ ਤੱਕ ਕੰਮ ਨਾ ਕਰਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਨਗਰ ਨਿਗਮ ਵੱਲੋਂ ਪਾਣੀ ਦੀ ਲਗਾਤਾਰ ਸਪਲਾਈ ਤੇ ਸ਼ਹਿਰੀ ਇਲਾਕਿਆਂ ਵਿੱਚ ਗਰਮੀ ਘਟਾਉਣ ਲਈ ਉਪਾਅ ਕੀਤੇ ਜਾ ਰਹੇ ਹਨ।ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਲੋਕਾਂ ਨੂੰ ਹੀਟ ਸਟਰੋਕ ਦੇ ਆਮ ਲੱਛਣਾਂ ਬਾਰੇ ਦੱਸਿਆ ਕਿ ਚੱਕਰ ਆਉਣਾ, ਕਮਜ਼ੋਰੀ, ਮਤਲੀ, ਵੱਧ ਪਸੀਨਾ ਆਉਣਾ ਜਾਂ ਪਸੀਨਾ ਨਾ ਆਉਣਾ, 103 ਡਿਗਰੀ ਫਾਰੇਨਹਾਈਟ ਤੋਂ ਵੱਧ ਸਰੀਰ ਦਾ ਤਾਪਮਾਨ, ਉਲਝਣ ਜਾਂ ਬੇਹੋਸ਼ੀ ਆਦਿ ਲੱਛਣ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਪੀੜਤ ਵਿਅਕਤੀ ਨੂੰ ਠੰਢੀ ਛਾਂ ਵਾਲੀ ਥਾਂ 'ਤੇ ਲਿਜਾਇਆ ਜਾਵੇ, ਕੱਪੜੇ ਢਿੱਲੇ ਕਰਕੇ ਠੰਡੀਆਂ ਪੱਟੀਆਂ ਰੱਖੀਆਂ ਜਾਣ, ਪਾਣੀ ਜਾਂ ਓ.ਆਰ.ਐਸ. ਦਿੱਤਾ ਜਾਵੇ ਅਤੇ ਜੇ ਲੱਛਣ ਖਤਮ ਨਾ ਹੋਣ ਤਾਂ ਤੁਰੰਤ ਡਾਕਟਰੀ ਸਹਾਇਤਾ ਲਈ ਹਸਪਤਾਲ ਲਿਜਾਇਆ ਜਾਵੇ।



## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲਵਾਇਆ ਸਕੂਲ 'ਚ ਆਰ.ਓ ਸਿਸਟਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਡਾ. ਐਸ ਪੀ ਸਿੰਘ ਉਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਭੰਗਚੜੀ ਵਿੱਚ ਬੱਚਿਆਂ ਪੀਣ ਲਈ ਸਾਫ਼ ਪਾਣੀ ਦੇਣ ਲਈ ਮੁਫ਼ਤ ਆਰ.ਓ ਸਿਸਟਮ ਲਾਇਆ ਗਿਆ ਸੀ, ਜਿਸ ਦਾ ਉਦਘਾਟਨ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਅਪਣੇ ਕਰ ਕਮਲਾਂ ਨਾਲ ਕੀਤਾ ਗਿਆ ਤੇ ਡਾਕਟਰ ਐਸ ਪੀ ਸਿੰਘ ਉਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੁਨੀਆ ਭਰ ਵਿਚ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਵੀ ਖੁੱਲ੍ਹ ਕੇ ਚਰਚਾ ਕੀਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਜ਼ਹਿਰੀਲਾ ਹੈ। ਲੋਕ ਵੱਖ-ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਦੇ ਮੱਦੇਨਜ਼ਰ ਸਕੂਲ ਮੁਖੀ ਵੱਲੋਂ ਡਾਕਟਰ ਉਬਰਾਏ ਨੂੰ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਸਕੂਲ ਵਿੱਚ ਆਰ ਓ ਸਿਸਟਮ ਲਾਉਣ ਦੀ ਮੰਗ ਕੀਤੀ ਗਈ ਸੀ, ਜੋ ਡਾਕਟਰ ਉਬਰਾਏ ਵੱਲੋਂ ਤਰੁੰਤ ਪ੍ਰਵਾਨ ਕਰਕੇ ਆਰ ਓ ਸਿਸਟਮ ਲਾਇਆ ਗਿਆ ਸੀ।ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਵੱਲੋਂ ਅਤੇ ਸਕੂਲ ਸਟਾਫ ਵੱਲੋਂ ਡਾਕਟਰ ਐਸ ਪੀ ਸਿੰਘ ਉਬਰਾਏ ਦਾ ਧੰਨਵਾਦ ਕੀਤਾ ਗਿਆ।

## ਨਸ਼ਿਆਂ ਦੇ ਖਾਤਮੇ ਲਈ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ : ਜੱਸੀ ਪੇਧਨੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਦੁਸ਼ਮਣ ਤਾਕਤਾਂ ਵੱਲੋਂ ਜਾਣ ਬੁੱਝ ਕੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚ ਧੱਕ ਕੇ ਜਿਉਂਦਿਆਂ ਨੂੰ ਹੀ ਬੇਦਰਦੀ ਨਾਲ ਮਾਰਿਆ ਜਾ ਰਿਹਾ ਹੈ।ਇਹ ਪ੍ਰਗਟਾਵਾ ਸਮਾਜ ਸੇਵੀ ਭਾਨ ਸਿੰਘ ਜੱਸੀ (ਜੱਸੀ ਪੇਧਨੀ) ਨੇ ਕੀਤਾ।ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਨਿਰਾਸ਼ਾਜਨਕ ਸਥਿਤੀਆਂ ਵਿੱਚ ਵਿਚਰ ਰਹੇ ਹਨ।ਭਵਿੱਖ ਨੂੰ ਚਿੰਤਾ 'ਚ ਡੁੱਬਿਆ ਵੇਖ ਇਹ ਨੌਜਵਾਨ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਕਮਜ਼ੋਰ ਹੋ ਜਾਂਦੇ ਹਨ। ਕਮਜ਼ੋਰ ਮਾਨਸਿਕਤਾ ਦੀ ਮਜਬੂਰੀ ਦਾ ਫਾਇਦਾ ਉਠਾਉਂਦਿਆਂ ਪੰਜਾਬ ਦੁਸ਼ਮਣ ਨਸ਼ਾ ਤਸਕਰ ਨਸ਼ਿਆਂ ਦਾ ਵਪਾਰ ਚਲਾਉਂਦੇ ਹਨ।ਭਾਨ ਸਿੰਘ ਜੱਸੀ ਨੇ ਮੰਗ ਕੀਤੀ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਜਾਂ ਫੈਕਟਰੀਆਂ ਵਿੱਚ ਪਹਿਲ ਦੇ ਆਧਾਰ 'ਤੇ ਰੁਜ਼ਗਾਰ ਮੁਹੱਈਆ ਕਰਾਇਆ ਜਾਵੇ।

## ...ਸ.ਫਾ 1 ਦੇ ਬਾਕੀ

### ਪੀ ਆਰ ਟੀ ਸੀ ਨੂੰ ...

ਵੀ ਸਹਿਣਾ ਪੈਂਦਾ ਹੈ। ਹੋਰ ਵੱਡਾ ਜ਼ੁਲਮ, ਜੋ ਸਰਕਾਰ ਪੀ ਆਰ ਟੀ ਸੀ ਦੇ ਮੁਲਾਜ਼ਮਾਂ 'ਤੇ ਕਰ ਰਹੀ ਹੈ, ਉਹ ਹੈ ਮੁਫ਼ਤ ਸਫਰ ਸਹੂਲਤਾਂ ਬਦਲੇ ਬਣਦੀ ਰਕਮ ਪੀ ਆਰ ਟੀ ਸੀ ਨੂੰ ਨਾ ਦੇਣੀ, ਜਿਸ ਦਾ ਸਿੱਟਾ ਹੁੰਦਾ ਹੈ ਕਿ ਵਰਕਰਾਂ ਨੂੰ ਇਕੱਲੀ ਤਨਖਾਹ/ਪੈਨਸ਼ਨ ਵੀ ਸਮੇਂ ਸਿਰ ਨਹੀਂ ਮਿਲਦੀ। ਅਰਸਾ ਡੇਢ ਸਾਲ ਤੋਂ ਸੇਵਾ-ਮੁਕਤ ਕਰਮਚਾਰੀਆਂ ਨੂੰ ਉਹਨਾਂ ਦੇ ਸੇਵਾ-ਮੁਕਤੀ ਉਪਰੰਤ ਮਿਲਣ ਵਾਲੇ ਬਕਾਏ ਨਹੀਂ ਮਿਲ ਰਹੇ, ਮੈਡੀਕਲ ਬਿੱਲਾਂ ਦਾ ਭੁਗਤਾਨ ਸਮੇਂ ਸਿਰ ਨਹੀਂ ਹੋ ਰਿਹਾ, ਕਈ ਤਰ੍ਹਾਂ ਦੇ ਏਰੀਅਰ ਸਾਲਾਂਬੱਧੀ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ।ਵਰਕਰਾਂ ਦੇ ਲਗਭਗ 70 ਕਰੋੜ ਰੁਪਏ ਦੇ ਬਕਾਏ ਖੜੇ ਹਨ। ਦੂਸਰੇ ਪਾਸੇ ਆਮ ਆਦਮੀ ਵਿਰੋਧੀ ਬਣ ਕੇ ਵਿਚਰ ਰਹੀ ਇਹ ਸਰਕਾਰ ਮੁਫ਼ਤ ਸਫਰ ਸਹੂਲਤਾਂ ਬਦਲੇ ਬਣਦੀ ਲਗਭਗ 600 ਕਰੋੜ ਰੁਪਏ ਦੀ ਰਕਮ ਪੀ ਆਰ ਟੀ ਸੀ ਨੂੰ ਨਹੀਂ ਦੇ ਰਹੀ, ਜਦ ਕਿ ਪੀ ਆਰ ਟੀ ਸੀ ਇਕੱਲੀਆਂ ਔਰਤਾ ਦੇ ਮੁਫ਼ਤ ਸਫਰ ਦੇ ਤੌਰ 'ਤੇ 40 ਕਰੋੜ ਰੁਪਏ ਮਹੀਨੇ ਦਾ ਵਿੱਤੀ ਬੋਝ ਸਹਿ ਰਹੀ ਹੈ।

ਰੋਡਵੇਜ਼ ਅਤੇ ਪੀ ਆਰ ਟੀ ਸੀ ਦੋਵਾਂ ਅਦਾਰਿਆਂ ਵੱਲੋਂ ਔਰਤਾਂ ਨੂੰ ਲਗਭਗ 900 ਕਰੋੜ ਰੁਪਏ ਸਲਾਨਾ ਦਾ ਸਫਰ ਕਰਵਾਇਆ ਜਾਂਦਾ ਹੈ, ਪਰ ਸਰਕਾਰ ਨੇ ਬਜਟ ਵਿੱਚ 450 ਕਰੋੜ ਰੁਪਏ ਦੀ ਰਕਮ ਰੱਖੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਵਰਕਰਾਂ ਨੂੰ ਤਨਖਾਹਾਂ—ਪੈਨਸ਼ਨਾਂ ਲਈ ਇਸੇ ਤਰ੍ਹਾਂ ਖੱਜਲ-ਖੁਆਰ ਹੋਣਾ ਪਵੇਗਾ। ਕਦੇ ਮਹਿਕਮੇ ਵੱਲੋਂ ਅੱਧੀ ਤਨਖਾਹ—ਪੈਨਸ਼ਨ ਪਾ ਦਿੱਤੀ ਜਾਂਦੀ ਹੈ, ਕਦੇ 10-15 ਤਰੀਕ ਹੋ ਜਾਂਦੀ ਹੈ, ਇਹ ਕਿਹੋ ਜਿਹਾ ਵਰਤਾਓ ਵਰਕਰਾਂ ਨਾਲ ਹੋ ਰਿਹਾ ਹੈ। ਸਰਕਾਰ ਤਾਕਤ ਦੇ ਨਸ਼ੇ ਵਿੱਚ ਏਨੀ ਮਦਹੋਸ਼ ਹੋ ਗਈ ਹੈ ਕਿ ਇਸ ਨੂੰ ਵੇਤਨ ਭੋਗੀ ਕਰਮਚਾਰੀਆਂ ਦੀਆਂ ਲੋੜਾਂ ਦਾ ਵੀ ਅਹਿਸਾਸ ਨਹੀਂ ਰਿਹਾ।ਆਗੂਆਂ ਨੇ ਪੀ ਆਰ ਟੀ ਸੀ ਮੈਨੇਜਮੈਂਟ ਨੂੰ ਇਹ ਵੀ ਚੇਤੇ ਕਰਵਾਇਆ ਕਿ ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕਰਨ ਸੰਬੰਧੀ ਪਾਲਸੀ ਬਣਾਉਣ ਦਾ ਅਨੇਕਾਂ ਵਾਰ ਇਹ ਸਰਕਾਰ ਵਾਅਦਾ ਕਰ ਚੁੱਕੀ ਹੈ, ਪਰ ਮਸਲਾ ਕਿਸੇ ਤਣ-ਪੱਤਣ ਨਹੀਂ ਲਾਇਆ ਜਾ ਰਿਹਾ, ਜਿਸ ਨੂੰ ਲੈ ਕੇ ਠੇਕਾ ਕਰਮਚਾਰੀਆਂ ਵਿੱਚ ਮਾਯੂਸੀ ਦਾ ਆਲਮ ਹੈ, ਜਿਸ ਦੇ ਸਿੱਟੇ ਵਜੋਂ ਵਾਰ-ਵਾਰ ਹੜਤਾਲਾਂ, ਗੇਟ ਬੰਦ ਆਦਿ ਕੁਝ ਹੁੰਦਾ ਰਹਿੰਦਾ ਹੈ, ਜਿਸ ਨਾਲ ਭਾਰੀ ਵਿੱਤੀ ਨੁਕਸਾਨ ਵੀ ਹੁੰਦਾ ਹੈ। ਇਸੇ ਤਰ੍ਹਾਂ ਪ੍ਰਮੋਸ਼ਨਾਂ, ਐੱਨ ਪੀ ਐੱਸ, ਐੱਲ ਟੀ ਸੀ, ਸੁਪਰਵਾਈਜ਼ਰੀ ਸਟਾਫ ਦੀਆਂ ਮੁਸ਼ਕਲਾਂ, ਤਰਸ ਦੇ ਆਧਾਰ 'ਤੇ ਨੌਕਰੀਆਂ, ਕੋਰਟ ਰਾਹੀਂ ਰੈਗੂਲਰ ਹੋਏ ਕਰਮਚਾਰੀਆਂ ਦਾ ਜੀ ਪੀ ਫੰਡ ਕੱਟਣਾ ਆਦਿ ਕਈ ਮਸਲੇ ਵੀ ਬੇਲੋੜੀ ਦੇਰੀ ਵਿੱਚ ਉਲਝੇ ਪਏ ਹਨ।ਐਕਸ਼ਨ ਕਮੇਟੀ ਨੇ ਮਹਿਸੂਸ ਕਰਦਿਆਂ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਦਾ ਧਿਆਨ ਦਿਵਾਉਣ ਲਈ ਪਬਲਿਕ ਥਾਵਾਂ 'ਤੇ ਸਰਕਾਰ ਦੇ ਮੁਲਾਜ਼ਮ/ ਮਜ਼ਦੂਰ ਵਿਰੋਧੀ ਰਵੱਈਏ ਦੇ ਵਿਰੋਧ ਵਿੱਚ ਮੁਜ਼ਾਹਰੇ, ਜਲੂਸਾਂ, ਮਾਟੋਆਂ ਅਤੇ ਹੋਰ ਵਿਰੋਧ ਕਰਨ ਦੇ ਤਰੀਕੇ ਅਪਣਾ ਕੇ ਰੋਸ ਵਿਅਕਤ ਕੀਤਾ ਜਾਵੇਗਾ।

### ਬੈਂਕ ਕਰਜ਼ਾ ਲੈਣ ...

ਆਈ ਹੈ। ਵਿਆਜ ਦਰਾਂ ਵਿੱਚ ਆਖਰੀ ਸੋਧ ਫਰਵਰੀ 2023 ਵਿੱਚ ਹੋਈ ਸੀ, ਜਦੋਂ ਨੀਤੀਗਤ ਦਰ ਨੂੰ .25 ਅਧਾਰ ਅੰਕ ਵਧਾ ਕੇ 6.5 ਪ੍ਰਤੀਸ਼ਤ ਕੀਤਾ ਗਿਆ ਸੀ। ਬੈਂਕ ਦੇ ਗਵਰਨਰ ਸੰਜੈ ਮਲਹੋਤਰਾ ਨੇ ਕਿਹਾ ਕਿ ਮੁਦਰਾ ਨੀਤੀ ਕਮੇਟੀ (ਐੱਮ ਪੀ ਸੀ) ਨੇ ਸਰਬਸੰਮਤੀ ਨਾਲ ਨੀਤੀਗਤ ਵਿਆਜ ਦਰ ਨੂੰ .25 ਅਧਾਰ ਅੰਕ ਘਟਾ ਕੇ 6 ਫੀਸਦ ਕਰਨ ਦਾ ਫੈਸਲਾ ਕੀਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਦਰਾਮਦਾਂ 'ਤੇ 26 ਫੀਸਦ ਦਾ ਜਵਾਬੀ ਟੈਕਸ ਲਗਾਉਣ ਦਾ ਐਲਾਨ ਕੀਤਾ ਸੀ, ਜੋ 9 ਅਪਰੈਲ ਤੋਂ ਲਾਗੂ ਹੋ ਗਿਆ ਹੈ।

### ਡੀ ਰਾਜਾ ਵੱਲੋਂ ਵਕਫ਼...

ਮੰਤਰੀ ਐੱਮ ਕੇ ਸਟਾਲਿਨ ਦੁਆਰਾ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਇੱਕ ਮਤੇ ਦਾ ਸਮਰਥਨ ਕੀਤਾ ਸੀ, ਜਿਸ ਵਿੱਚ ਕੇਂਦਰ ਸਰਕਾਰ ਨੂੰ ਵਕਫ਼ (ਸੋਧ) ਬਿੱਲ, 2025 ਨੂੰ ਵਾਪਸ ਲੈਣ ਦੀ ਅਪੀਲ ਕੀਤੀ ਗਈ ਸੀ, ਕਿਉਂਕਿ ਇਸ ਦਾ ਭਾਰਤ ਵਿੱਚ ਮੁਸਲਿਮ ਭਾਈਚਾਰੇ ਦੇ ਮੌਲਿਕ ਅਧਿਕਾਰਾਂ 'ਤੇ ਮਾੜਾ ਪ੍ਰਭਾਵ ਪਿਆ ਸੀ।ਜਨਤਾ ਦੇ ਵਿਰੋਧ ਦੇ ਬਾਵਜੂਦ ਵਕਫ਼ ਸੋਧ ਬਿੱਲ 2025 ਨੂੰ ਕੇਂਦਰ ਸਰਕਾਰ ਦੁਆਰਾ ਜੇ ਪੀ ਸੀ ਦੇ ਮੈਂਬਰਾਂ ਅਤੇ ਹੋਰ ਸੰਬੰਧਤ ਧਿਰਾਂ ਵੱਲੋਂ ਉਠਾਏ ਗਏ ਇਤਰਾਜ਼ਾਂ ਤੇ ਸਹੀ ਵਿਚਾਰ ਕੀਤੇ ਬਿਨਾਂ ਪਾਸ ਕਰ ਦਿੱਤਾ ਗਿਆ। ਭਾਰਤੀ ਕਮਿਊਨਿਸਟ ਪਾਰਟੀ ਦੇ ਸੰਸਦ ਮੈਂਬਰਾਂ ਦੁਆਰਾ ਉਠਾਏ ਗਏ ਨੁਕਤਿਆਂ 'ਤੇ ਵੀ ਵਿਚਾਰ ਨਹੀਂ ਕੀਤਾ ਗਿਆ।ਵਕਫ਼ (ਸੋਧ) ਐਕਟ, 2025 ਨੂੰ 6 ਅਪ੍ਰੈਲ ਨੂੰ ਨੋਟੀਫਾਈ ਕੀਤਾ ਗਿਆ ਹੈ। ਇਸ ਨਾਲ ਮੁਸਲਿਮ ਘੱਟ ਗਿਣਤੀ ਭਾਈਚਾਰੇ ਦੇ ਮੌਲਿਕ ਅਧਿਕਾਰ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ ਅਤੇ ਐਕਟ ਨੂੰ ਤੁਰੰਤ ਲਾਗੂ ਕਰਨ ਨਾਲ ਤਾਮਿਲਨਾਡੂ ਦੇ ਲਗਭਗ 50 ਲੱਖ ਮੁਸਲਮਾਨਾਂ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ 20 ਕਰੋੜ ਮੁਸਲਮਾਨਾਂ ਦੇ ਅਧਿਕਾਰਾਂ ਦੀ ਉਲੰਘਣਾ ਅਤੇ ਪੱਖਪਾਤ ਹੁੰਦਾ ਹੈ, ਇਸ ਕਰਕੇ ਸੀ ਪੀ ਆਈ ਨੇ ਵਕਫ਼ (ਸੋਧ) ਐਕਟ, 2025 ਦੇ ਉਪਬੰਧਾਂ ਨੂੰ ਸੁਪਰੀਮ ਕੋਰਟ ਦੇ ਸਾਹਮਣੇ ਚੁਣੌਤੀ ਦਿੱਤੀ ਹੈ।

### 20,000 ਕਿਲੋਮੀਟਰ...

ਲਈ ਇਕ-ਇਕ ਪੈਸੇ ਨੂੰ ਤਰਕਸੰਗਤ ਢੰਗ ਨਾਲ ਵਰਤਿਆ ਜਾਵੇ। ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਸੜਕਾਂ ਦੀ ਰਿਪੇਅਰ ਕਰਨ ਵਾਲੇ ਠੇਕੇਦਾਰ ਅਗਲੇ ਪੰਜ ਸਾਲਾਂ ਲਈ ਇਨ੍ਹਾਂ ਦਾ ਰੱਖ-ਰਖਾਅ ਵੀ ਕਰਨਗੇ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬਾ ਭਰ ਵਿੱਚ ਸੜਕਾਂ ਨੂੰ ਚੌੜਾ ਕਰਨ, ਮਜ਼ਬੂਤ ਅਤੇ ਅੱਪਗ੍ਰੇਡ ਕਰਕੇ ਲਿੰਕ ਸੜਕਾਂ ਦੇ ਬੁਨਿਆਦੀ ਢਾਂਚੇ ਦਾ ਮੁਹਾਂਦਰਾ ਬਦਲਣ ਦਾ ਫੈਸਲਾ ਕੀਤਾ ਹੈ।

## ਦੋ ਔਰਤਾਂ ਸਣੇ ਤਿੰਨ ਵਿਅਕਤੀ ਅਫ਼ੀਮ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੀ.ਆਈ.ਏ. ਸਟਾਫ ਸਰਹਿੰਦ ਤੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਿਸ ਵੱਲੋਂ ਦੋ ਔਰਤਾਂ ਸਣੇ ਤਿੰਨ ਵਿਅਕਤੀਆਂ ਨੂੰ ਅਫ਼ੀਮ ਅਤੇ ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਸੀ.ਆਈ.ਏ. ਸਟਾਫ ਸਰਹਿੰਦ ਦੀ ਇੱਕ ਟੀਮ ਮੰਡੀ ਗੋਬਿੰਦਗੜ੍ਹ ਦੇ ਅਗਰਸੈਨ ਪਾਰਕ ਵੱਲੋਂ ਮਾਸਟਰ ਕਲੋਨੀ ਵੱਲ ਨੂੰ ਗਸ਼ਤ ਕਰਦੀ ਹੋਈ ਜਾ ਰਹੀ ਸੀ ਤਾਂ ਟੀ ਪੁਆਇੰਟ ਨਜ਼ਦੀਕ ਪੈਦਲ ਆ ਰਹੀਆਂ ਦੋ ਔਰਤਾਂ ਦੀ ਹਰਕਤ ਕੁਝ ਸ਼ੱਕੀ ਜਾਪਣ 'ਤੇ ਉਨ੍ਹਾਂ ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਨ੍ਹਾਂ ਨੇ ਪੁਲਸ ਕਰਮਚਾਰੀਆਂ ਵੱਲੋਂ ਪੁੱਛੇ ਜਾਣ 'ਤੇ ਆਪਣੀ ਪਛਾਣ ਸੁਰੇਸ਼ ਅਤੇ ਸਾਨੀਆ ਵਾਸੀਆਨ ਮਾਸਟਰ ਕਲੋਨੀ ਮੰਡੀ ਗੋਬਿੰਦਗੜ੍ਹ ਵਜੋਂ ਦੱਸੀ।ਤਲਾਸ਼ੀ ਦੌਰਾਨ ਉਕਤ ਦੋਵਾਂ ਔਰਤਾਂ ਦੇ ਕਬਜ਼ੇ 'ਚੋਂ 500/500 ਗ੍ਰਾਮ(ਕੁੱਲ ਇੱਕ ਕਿੱਲੋ) ਅਫ਼ੀਮ ਬਰਾਮਦ ਹੋਈ।ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 18/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਸੁਰੇਸ਼ ਅਤੇ ਸਾਨੀਆ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਿਸ ਪਾਰਟੀ ਵੱਲੋਂ ਮੰਡੀ ਗੋਬਿੰਦਗੜ੍ਹ ਦੇ ਖਾਲਸਾ ਸਕੂਲ ਟੀ ਪੁਆਇੰਟ ਨਜ਼ਦੀਕ ਸ਼ੱਕ ਦੇ ਅਧਾਰ 'ਤੇ ਕਾਬੂ ਕੀਤੇ ਗਏ ਸਿਕੰਦਰ ਉਰਫ ਕਾਲਾ ਵਾਸੀ ਢੇਹਾ ਕਲੋਨੀ, ਮੰਡੀ ਗੋਬਿੰਦਗੜ੍ਹ ਦੀ ਤਲਾਸ਼ੀ ਕੀਤੀ ਗਈ ਤਾਂ ਉਸਦੇ ਕਬਜ਼ੇ 'ਚੋਂ ਨਸ਼ੇ ਦੀਆਂ 180 ਗੋਲੀਆਂ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 22 (ਬੀ) ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਸਿਕੰਦਰ ਉਰਫ ਕਾਲਾ ਨੂੰ ਗ੍ਰਿਫਤਾਰ ਕਰਕੇ ਥਾਣੇਦਾਰ ਧਰਮਪਾਲ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਮੀਟਿੰਗ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਬਲਾਕ ਪਾਤੜਾਂ ਦੇ ਅਹੁਦੇਦਾਰਾਂ ਦੀ ਮੀਟਿੰਗ ਬਲਾਕ ਪ੍ਰਧਾਨ ਸੁਖਦੇਵ ਸਿੰਘ ਹਰਿਆਊ ਦੀ ਅਗਵਾਈ ਵਿੱਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਹੋਈ।ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਤੇ ਜ਼ਿਲ੍ਹਾ ਆਗੂ ਹਰਭਜਨ ਸਿੰਘ ਧੂਹੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਮੌਜੂਦਾ ਕਿਸਾਨੀ ਹਾਲਤਾਂ ਦੇ ਨਾਲ-ਨਾਲ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਿਸਾਨੀ ਸਬੰਧੀ ਨੀਤੀਆਂ ਉੱਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਦੌਰਾਨ ਕਿਸਾਨ ਆਗੂ ਲਾਭ ਸਿੰਘ ਦੁਗਾਲ ਨੂੰ ਬਲਾਕ ਪਾਤੜਾਂ ਦਾ ਸੀਨੀਅਰ ਮੀਤ ਪ੍ਰਧਾਨ ਤੇ ਜਲੰਧਰ ਸਿੰਘ ਸ਼ੁਤਰਾਣਾ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਮੀਟਿੰਗ ਦੌਰਾਨ ਮਹਿਲਾ ਕਿਸਾਨ ਆਗੂ ਚਰਨਜੀਤ ਕੌਰ ਕੰਗ ਨੇ ਆਉਣ ਵਾਲੇ ਹਾੜ੍ਹੀ ਦੇ ਸੀਜ਼ਨ ਦੌਰਾਨ ਮੰਡੀਆਂ ਵਿੱਚ ਕਿਸਾਨਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਸਬੰਧੀ ਧਿਆਨ ਦਿਵਾਇਆ ਗਿਆ, ਜਿਸ 'ਤੇ ਮੀਟਿੰਗ ਵਿੱਚ ਹਾਜ਼ਰ ਕਿਸਾਨ ਆਗੂਆਂ ਨੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਕੇ ਫੈਸਲਾ ਲੈਂਦਿਆਂ ਮੰਡੀਆਂ ਵਿੱਚ ਕਿਸਾਨਾਂ ਨੂੰ ਆਉਣ ਵਾਲੀਆਂ ਦਿੱਕਤਾਂ ਉੱਤੇ ਨਜ਼ਰ ਰੱਖਣ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਦੇ ਨਾਲ ਹੀ ਆਗੂਆਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫਸਲ ਨੂੰ ਪੂਰੀ ਤਰ੍ਹਾਂ ਪੱਕਣ ਉਪਰੰਤ ਹੀ ਕੱਟ ਕੇ ਹੀ ਮੰਡੀਆਂ ਵਿਚ ਲਿਆਉਣ ਤਾਂ ਕਿ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।


**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-54 | 25.04.25 ਨੂੰ 11:00 Hrs. | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ)14674/F1, 14604/F1, 19108/F1, 22432/F1, 20986/F1, 14028/F1, 14028/F2, 22942/F1, 14028/R1, 14650/F1 & 22942/F2 |
| EAFZR-SLR25-55 | 28.04.25 ਨੂੰ 11:00 Hrs. | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ)15532/F1, 15098/F1, 12422/F1, 11450/F1, 16318/F1, 12476/F1, 14632/F1, 14632/R1, 12446/F1 & 12478/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 1080/25

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੱਜਣ ਸਿੰਘ ਚੀਮਾ ਵੱਲੋਂ 20.20 ਲੱਖ ਦੀ ਲਾਗਤ ਵਾਲੇ ਵਿਕਾਸ ਕੰਮਾਂ ਦਾ ਉਦਘਾਟਨ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**

ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਬਲਾਕ ਸੁਲਤਾਨਪੁਰ ਲੋਧੀ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਲ੍ਹਾਦਿੱਤਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਅੱਲ੍ਹਾਦਿਤਾ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਇੰਪਰੂਵਮੈਂਟ ਟਰੱਸਟ ਕਪੂਰਥਲਾ ਦੇ ਚੇਅਰਮੈਨ ਸੱਜਣ ਸਿੰਘ ਚੀਮਾ ਵਲੋਂ ਕੀਤਾ ਗਿਆ।ਇਸ ਤਹਿਤ ਪ੍ਰਾਇਮਰੀ ਸਕੂਲ ਅੱਲ੍ਹਾਦਿੱਤਾ ਵਿਖੇ 15.02 ਲੱਖ ਰੁਪਏ ਦੀ ਲਾਗਤ ਨਾਲ ਐਡੀਸ਼ਨਲ ਕਲਾਸ ਰੂਮਾਂ ਦੀ ਉਸਾਰੀ ਦਾ ਕੰਮ ਕੀਤਾ ਗਿਆ ਅਤੇ 4 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਚਾਰਦੀਵਾਰੀ ਅਤੇ 1.18 ਲੱਖ ਰੁਪਏ ਦੀ ਲਾਗਤ ਨਾਲ ਪਖ਼ਾਨਿਆਂ ਦੀ ਉਸਾਰੀ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਨੂੰ ਦਿੱਤੀ ਪਹਿਲ ਸਦਕਾ ਹੀ ਸਰਕਾਰੀ ਸਕੂਲਾਂ ਦਾ ਪੱਧਰ ਹੁਣ ਨਿੱਜੀ ਸਕੂਲਾਂ ਤੋਂ ਵੀ ਵਧੀਆ ਹੈ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਸਿੱਖਿਆ ਲਈ 17 ਹਜ਼ਾਰ ਕਰੋੜ ਰੁਪੈ ਤੋਂ ਵੀ ਵੱਧ ਰੱਖੇ ਗਏ ਹਨ । ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਮੁਫਤ ਦਿੱਤੀ ਜਾ ਰਹੀ ਮਿਆਰੀ ਸਿੱਖਿਆ ਦਾ ਲਾਹਾ ਲੈਣ ਲਈ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਦਾਖਲਾ ਦਿਵਾਉਣ।

# ਮੇਹਰ ਚੰਦ ਪਾਲੀਟੈਕਨਿਕ ਕਾਲਜ ਵਿਖੇ ਸਲੋਗਨ ਲੇਖਨ ਪ੍ਰਤੀਯੋਗਤਾ



**ਜਲੰਧਰ (ਸ਼ੈਲੀ ਐਲਬਰਟ)**-ਪ੍ਰਿੰਸੀਪਲ ਡਾਕਟਰ ਜਗਰੂਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੇਹਰ ਚੰਦ ਪੌਲੀਟੈਕਨਿਕ ਕਾਲਜ, ਜਲੰਧਰ ਦੇ ਰੈਡ ਰਿੱਬਨ ਕੱਲਬ ਵੱਲੋਂ ਇੱਕ 'ਸਲੋਗਨ ਲੇਖਨ' ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਵੱਖ-ਵੱਖ ਵਿਭਾਗਾਂ ਦੇ ਤਕਰੀਬਨ ਦਸ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਨਸ਼ਿਆਂ ਵਿਰੁੱਧ ਆਪਣੇ ਹੁਨਰ ਦਾ ਮੁਜ਼ਾਹਰਾ ਕੀਤਾ। ਇਸ ਮੌਕੇ 'ਤੇ ਡਾਕਟਰ ਜਗਰੂਪ ਸਿੰਘ ਨੇ ਵਿਦਿਆਰਥੀਆਂ ਨੂੰ ਚੰਗੀ ਸਿਹਤ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਨੇ ਕਿਹਾ ਕਿ ਚੰਗੀ ਸਿਹਤ ਨਾਲ ਹੀ ਅਸੀਂ ਆਪਣੇ ਪਰਿਵਾਰ ਅਤੇ ਸਮਾਜ ਦੀ ਮਦਦ ਕਰ ਸਕਦੇ ਹਾਂ । ਉਨ੍ਹਾਂ ਕਿਹਾ ਕਿ ਚੰਗੀ ਸਿਹਤ ਤੋਂ ਉੱਪਰ ਕੁੱਝ ਵੀ ਨਹੀਂ ਹੈ । ਰੈਡ ਰਿੱਬਨ ਕੱਲਬ ਦੇ ਪ੍ਰਧਾਨ ਪ੍ਰੋਫੈਸਰ ਸੰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨਾਂ ਕਿਹਾ ਕਿ ਵਿਦਿਆਰਥੀ ਪੰਜਾਬ ਸਰਕਾਰ ਦੇ ਨਸ਼ਿਆਂ ਵਿਰੁੱਧ ਯੁੱਧ ਵਿੱਚ ਅਹਿਮ ਯੋਗਦਾਨ ਪਾ ਸਕਦੇ ਹਨ। ਜਨਰਲ ਸੈਕਟਰੀ ਮੇਜਰ ਪੰਕਜ ਗੁਪਤਾ ਅਤੇ ਜੋਇੰਟ ਸੈਕਟਰੀ ਪ੍ਰੋਫੈਸਰ ਅਭਿਸ਼ੇਕ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਫਾਰਮੇਸੀ ਦੇ ਸਾਹਿਲ ਨੇ ਪਹਿਲਾ, ਮਕੈਨੀਕਲ ਇੰਜੀਨਰਿੰਗ ਦੇ ਰਾਜਬੀਰ ਸਿੰਘ ਨੇ ਦੂਜਾ ਅਤੇ ਪਾਰੁਲ ਨੇ ਤੀਜਾ ਸਥਾਨ ਹਾਸਿਲ ਕੀਤਾ । ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਅਤੇ ਸਟਾਫ ਮੈਂਬਰਾਂ ਨੇ ਵਧਾਈ ਦਿੱਤੀ।

# ਸਰੀਰ ਨੂੰ ਹਾਈਡ੍ਰੇਟ ਕਰਨਾ ਬਹੁਤ ਜ਼ਰੂਰੀ : ਡਾ. ਸੰਧੂ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸੰਧੂ ਹਸਪਤਾਲ ਦੇ ਡਾਕਟਰ ਜੋਤਨਿੰਦਰ ਸਿੰਘ ਸੰਧੂ, ਡਾਕਟਰ ਗੁਰਜੀਤ ਕੌਰ ਸੰਧੂ ਨੇ ਕਿਹਾ ਕਿ ਕਈ ਵਾਰ ਚਮੜੀ 'ਤੇ ਲਾਲ ਧੱਬੇ ਨਜ਼ਰ ਆਉਣ ਲੱਗ ਪੈਂਦੇ ਹਨ, ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸਰੀਰ ਨੂੰ ਹਾਈਡ੍ਰੇਟ ਕਰਨਾ ਬਹੁਤ ਜ਼ਰੂਰੀ ਹੈ। ਚਮੜੀ ਖੁਸ਼ਕ ਹੋਣ ਦੀ ਸਮੱਸਿਆ ਤੋਂ ਬਚਣ ਲਈ ਮੌਇਸਚਰਾਈਜ਼ਰ ਅਤੇ ਸਨਸਕ੍ਰੀਨ ਦੀ ਵਰਤੋਂ ਕਰੋ। ਦਿਨ ਵਿਚ ਗਰਮੀ ਹੁੰਦੀ ਹੈ, ਅਜਿਹੇ ਵਿਚ ਹੈਵੀ ਮਾਇਸਚਰਾਈਜ਼ਰ ਚਮੜੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਗਰਮ ਹਵਾਵਾਂ ਤੋਂ ਬਚਾਓ ਲਈ ਦੁਪਹਿਰ ਨੂੰ ਕੇਵਲ ਜ਼ਰੂਰੀ ਕੰਮ ਹੋਣ 'ਤੇ ਹੀ ਘਰੋਂ ਬਾਹਰ ਨਿਕਲਿਆ ਜਾਵੇ। ਬਾਹਰ ਜਾਣ ਤੋਂ ਪਹਿਲਾਂ ਆਪਣੇ ਸਿਰ ਢੱਕ ਕੇ ਰੱਖਿਆ ਜਾਵੇ ਇਸ ਲਈ ਕੱਪੜਾ, ਟੋਪੀ ਜਾਂ ਛੱਤਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਹਲਕੇ ਫਿੱਕੇ-ਰੰਗ ਅਤੇ ਢਿੱਲੇ ਸੂਤੀ ਕੱਪੜਿਆਂ ਦੀ ਵਰਤੋਂ ਕੀਤੀ ਜਾਵੇ।ਸਿਗਰਟ, ਤੰਬਾਕੂ, ਬੀੜੀ ਅਤੇ ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ।ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਕਿ ਤਰਬੂਜ, ਖਰਬੂਜਾ, ਸੰਤਰਾ, ਅੰਗੂਰ, ਖੀਰੇ, ਟਮਾਟਰ, ਘੀਆ ਤੇ ਤੋਰੀਆਂ ਦੀ ਵਰਤੋਂ ਵਧੇਰੇ ਕੀਤੀ ਜਾਵੇ, ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਮਾਤਰਾ ਵਧੇਰੇ ਹੁੰਦੀ ਹੈ।



# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਾਗਰੂਕਤਾ ਮਾਰਚ ਜਾਰੀ ਰਹੇਗਾ : ਰਾਜਪਾਲ

**ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)**

ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਵੱਲੋਂ ਗੁਰੂ ਨਾਨਕ ਸਾਹਿਬ ਦੇ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਤੋਂ ਸ਼ੁਰੂ ਕੀਤਾ ਗਿਆ ਜਾਗਰੂਕਤਾ ਮਾਰਚ ਅੱਜ ਜਲ੍ਹਿਆਂਵਾਲਾ ਬਾਗ ਪਹੁੰਚ ਕੇ ਸਮਾਪਤ ਹੋਇਆ। ਰਾਜਪਾਲ ਪੰਜਾਬ ਨੇ ਸ਼ਹੀਦਾਂ ਦੀ ਖੂਨ ਨਾਲ ਰੰਗੀ ਧਰਤੀ ਜਲ੍ਹਿਆਂਵਾਲਾ ਬਾਗ਼ ਤੋਂ ਪੰਜਾਬੀਆਂ ਨੂੰ ਮੁਖ਼ਾਤਿਬ ਹੁੰਦੇ ਦੇਸ਼ ਅਤੇ ਧਰਮ ਦੀ ਖ਼ਾਤਰ ਸ਼ਹੀਦੀਆਂ ਪਾਉਣ ਵਾਲੇ ਵਡੇਰਿਆਂ ਦਾ ਹਵਾਲਾ ਦੇ ਕੇ ਜਮੀਰ ਨੂੰ ਹਲੂਣਾ ਦਿੱਤਾ ਅਤੇ ਪੰਜਾਬ ਚੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਦੀ ਅਪੀਲ ਕੀਤੀ। ਪਦ ਯਾਤਰਾ ਦੇ ਆਖਰੀ ਦਿਨ ਗਵਰਨਰ ਪੰਜਾਬ ਨੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਨਅੰਦੋਲਨ ਖੜ੍ਹਾ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਨਸ਼ੇ ਦੀ ਬਿਮਾਰੀ ਕੇਵਲ ਮੈਂ ਜਾਂ ਸਰਕਾਰਾਂ ਖਤਮ ਨਹੀਂ ਕਰ ਸਕਦੀਆਂ, ਜਿੰਨਾ ਚਿਰ ਆਮ ਲੋਕਾਂ ਦਾ ਸਾਥ ਇਸ ਮੁਹਿੰਮ ਨੂੰ ਨਹੀਂ ਮਿਲ ਜਾਂਦਾ । ਉਨ੍ਹਾਂ ਮੰਚ ਉੱਤੇ ਹਾਜ਼ਰ ਵੱਖ ਵੱਖ ਪਾਰਟੀਆਂ ਦੇ ਨੇਤਾਵਾਂ ਨੂੰ ਵੀ ਅਪੀਲ ਕੀਤੀ ਕਿ ਇਸ ਮੁੱਦੇ ਉੱਤੇ ਰਾਜਨੀਤੀ ਨਾ ਕਰਨ ਬਲਕਿ ਸਾਰੇ ਸੁਹਿਰਦ ਹੋ ਕੇ ਇਸ ਨੂੰ ਖਤਮ ਕਰਨ ਲਈ ਅੱਗੇ ਆਉਣ। ਉਹਨਾਂ ਕਿਹਾ ਕਿ ਸਰਹੱਦ ਉੱਤੇ ਪਿੰਡਾਂ ਦੀ ਸੁਰੱਖਿਆ ਲਈ ਬਣਾਈਆਂ ਗਈਆਂ ਸੁਰੱਖਿਆ ਕਮੇਟੀਆਂ ਜੋ ਕਿ ਨਸ਼ੇ ਦੀ ਤਸਕਰੀ ਰੋਕਣ ਲਈ ਵਧੀਆ ਕੰਮ ਕਰ ਰਹੀਆਂ ਹਨ, ਨੂੰ ਉਹਨਾਂ ਦੀ ਕਾਰਗੁਜ਼ਾਰੀ ਦੇ ਆਧਾਰ ਉੱਤੇ ਪਿੰਡਾਂ ਦੇ ਵਿਕਾਸ ਲਈ ਹੋਰ ਫੰਡ ਦਿੱਤੇ ਜਾਣੇ ਚਾਹੀਦੇ ਹਨ। ਰਾਜਪਾਲ ਪੰਜਾਬ ਨੇ ਯਾਤਰਾ ਲਈ ਹਰੇਕ ਵਰਗ ਜਿਸ ਵਿੱਚ ਸਕੂਲਾਂ ਦੇ ਬੱਚੇ, ਅਧਿਆਪਕ, ਪੰਚਾਇਤਾਂ, ਕਿਸਾਨ, ਵਪਾਰੀ, ਖਿਡਾਰੀ, ਰਾਜਸੀ ਪਾਰਟੀਆਂ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਨਅਤਕਾਰਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਇਹ ਮੁਹਿੰਮ ਨਿਰੰਤਰ ਜਾਰੀ ਰੱਖਣ ਦੀ ਅਪੀਲ ਵੀ ਕੀਤੀ। ਉਹਨਾਂ ਕਿਹਾ ਕਿ ਮੇਰੇ ਵੱਲੋਂ ਵੀ ਇਹ ਜਾਗਰੂਕਤਾ ਮੁਹਿੰਮ ਨਿਰੰਤਰ ਜਾਰੀ ਰਹੇਗੀ। ਇਸ ਤੋਂ ਪਹਿਲਾਂ ਰਾਜਪਾਲ ਪੰਜਾਬ ਨੇ ਸਵੇਰੇ ਤੜਕੇ 4 ਵਜੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਵਾਹਿਗੁਰੂ ਦੀ ਓਟ ਆਸਰਾ ਲਿਆ। ਉਹਨਾਂ ਪਾਲਕੀ ਸਾਹਿਬ ਨੂੰ ਮੋਢਾ ਦਿੱਤਾ ਤੇ ਸੇਵਾ ਕੀਤੀ। ਕਟਾਰੀਆ ਨੇ ਭੰਡਾਰੀ ਪੁਲ ਤੋਂ ਪਦ ਯਾਤਰਾ ਸ਼ੁਰੂ ਕੀਤੀ ਜੋ ਕਿ ਹਾਲ ਬਾਜ਼ਾਰ ਰਾਹੀਂ ਹੁੰਦੇ ਹੋਏ ਜਲ੍ਹਿਆਂਵਾਲਾ ਬਾਗ਼ ਵਿਖੇ ਆ ਕੇ ਸਮਾਪਤ ਹੋਈ। ਇਸ ਮੌਕੇ ਸ਼ਹਿਰ ਦੀਆਂ ਨਾਮੀ ਹਸਤੀਆਂ ਤੋਂ ਇਲਾਵਾ, ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਰਾਜ ਸਭਾ ਸਾਂਸਦ ਵਿਕਰਮਜੀਤ ਸਿੰਘ ਸਾਹਨੀ, ਸੁਨੀਲ ਜਾਖੜ, ਵਿਵੇਕ ਪ੍ਰਤਾਪ ਸਿੰਘ ਪ੍ਰਿੰਸੀਪਲ ਸੈਕਟਰੀ, ਗੁਰਪ੍ਰੀਤ ਸਿੰਘ ਭੁੱਲਰ ਕਮਿਸ਼ਨਰ ਪੁਲਸ, ਸਾਕਸ਼ੀ ਸਾਹਨੀ ਡਿਪਟੀ ਕਮਿਸ਼ਨਰ, ਗੁਰਮੀਤ ਸਿੰਘ ਰਾਣਾ ਸੋਢੀ, ਜ਼ਿਲ੍ਹਿਆਂ ਵਾਲੇ ਬਾਗ ਦੇ ਸੈਕਟਰੀ ਮੁਖਰਜੀ, ਲੇਖਕ ਖੁਸ਼ਵੰਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪ੍ਰਸ਼ਾਸਨ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲੇ ਰੋਬਿਨ ਸਾਂਪਲੇ 'ਤੇ ਕਾਨੂੰਨੀ ਕਾਰਵਾਈ ਕਰੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜ਼ਿਲ੍ਹੇ ਦੀਆਂ ਸਮੂਹ ਸਿੱਖ ਅਤੇ ਸਮਾਜਿਕ ਜਥੇਬੰਦੀਆਂ ਦਾ ਵਫ਼ਦ ਐੱਸ.ਐੱਸ.ਪੀ ਸੰਦੀਪ ਕੁਮਾਰ ਮਲਿਕ ਨੂੰ ਆਮ ਆਦਮੀ ਪਾਰਟੀ ਆਗੂ ਰੌਬਿਨ ਸਾਂਪਲਾ 'ਤੇ ਮੁਕੱਦਮਾ ਦਰਜ ਕਰਵਾਉਣ ਸੰਬੰਧੀ ਮਿਲਿਆ।ਜ਼ਿਕਰਯੋਗ ਹੈ ਕਿ ਮਿਤੀ 2 ਅਪ੍ਰੈਲ 2025 ਨੂੰ ਜ਼ਿਲ੍ਹਾ ਜਲੰਧਰ ਦੇ ਨਕੋਦਰ ਚੌਕ ਵਿਖੇ ਰੌਬਿਨ ਸਾਂਪਲਾ ਅਤੇ ਉਸਦੇ ਸਾਥੀਆਂ ਵੱਲੋਂ ਇਕੱਠ ਕੀਤਾ ਗਿਆ ਅਤੇ ਉਸ ਇਕੱਠ ਦੌਰਾਨ ਰੌਬਿਨ ਸਾਂਪਲਾ ਨੇ ਨਾਅਰੇਬਾਜ਼ੀ ਕਰਦਿਆਂ ਪੁਤਲੇ 'ਤੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਖੰਡਾ ਸਾਹਿਬ ਵਾਲੀ ਤਸਵੀਰ 'ਤੇ ਜਾਣ-ਬੁੱਝ ਕੇ ਜੁੱਤੀਆਂ ਮਾਰੀਆਂ ਜਿਸ ਨਾਲ ਸਿੱਖਾਂ ਦੇ ਇਸ ਪਵਿੱਤਰ ਚਿੰਨ੍ਹ ਦੀ ਬੇਅਦਬੀ ਹੋਈ।ਇਸ ਘਟਨਾ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਗੰਭੀਰ ਠੇਸ ਪਹੁੰਚੀ ਅਤੇ ਇਸ ਜਾਪਦਾ ਹੈ ਕਿ ਇਹ ਘਟਨਾ ਸਮਾਜ ਅੰਦਰ ਧਾਰਮਿਕ ਦੰਗੇ ਭੜਕਾਉਣ ਲਈ ਕੀਤੀ ਗਈ ਹੈ। ਇਹ ਘਟਨਾ ਨਾ ਸਿਰਫ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਆਹਤ ਕਰਨ ਵਾਲੀ ਹੈ, ਸਗੋਂ ਸਮਾਜਿਕ ਸਦਭਾਵਨਾ ਅਤੇ ਸ਼ਾਂਤੀ ਨੂੰ ਵਿਗਾੜਨ ਦੀ ਕੋਸ਼ਿਸ਼ ਵੀ ਹੈ।ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਅਜਿਹਾ ਵਰਤਾਰਾ ਪੰਜਾਬ ਦੀ ਧਰਤੀ 'ਤੇ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਰੌਬਿਨ ਸਾਂਪਲਾ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਬਣਦੀਆਂ ਕਾਨੂੰਨੀ ਧਾਰਾਵਾਂ ਅਧੀਨ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।ਇਸ ਮੌਕੇ ਨੌਜ਼ਵਾਨ ਸਿੱਖ ਆਵਾਜ਼ ਏ ਕੌਮ, ਗੁਰਨਾਮ ਸਿੰਘ ਸਿੰਗੜੀਵਾਲਾ ਸ਼੍ਰੋ.ਅ.ਦ ਅੰਮ੍ਰਿਤਸਰ, ਗੁਰਪ੍ਰੀਤ ਸਿੰਘ ਖੁੱਡਾ ਦਲ ਖ਼ਾਲਸਾ, ਹਰਵਿੰਦਰ ਸਿੰਘ ਹੀਰਾ ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ, ਕਰਨੈਲ ਸਿੰਘ ਸਿੱਖ ਨੌਜਵਾਨ ਫਰੰਟ, ਭਾਈ ਗੁਰਪਾਲ ਸਿੰਘ ਪੰਥਕ ਤਾਲਮੇਲ ਸੰਗਠਨ, ਰਣਵੀਰ ਸਿੰਘ ਬੈਂਸ, ਜਸਵੀਰ ਸਿੰਘ ਸੀਕਰੀ ਮਿਸਲ ਪੰਜ ਆਬ, ਜਗਜੀਤ ਸਿੰਘ ਗੱਗ ਖ਼ਾਲਸਾ ਗਰੁੱਪ, ਸੁਖਵਿੰਦਰ ਸਿੰਘ ਹੁਸ਼ਿਆਰਪੁਰ, ਅਮਰਜੀਤ ਸਿੰਘ ਨਿੱਝਰ, ਅਮਰਜੀਤ ਸਿੰਘ ਹੁਸ਼ਿਆਰਪੁਰ, ਦਲਜੀਤ ਸਿੰਘ ਮਾਨ, ਲਖਵੀਰ ਸਿੰਘ ਆਦਿ ਹਾਜ਼ਰ ਸਨ।



# ਜ਼ਿਲ੍ਹਾ ਪ੍ਰਧਾਨ ਟੈਣੀ ਵਡਾਲਾ ਸਾਥੀਆਂ ਸਮੇਤ ਬੀ ਕੇ ਯੂ ਸਿੱਧੂਪੁਰ ਜਥੇਬੰਦੀ 'ਚ ਸ਼ਾਮਲ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਕਿਸਾਨ ਨੌਜਵਾਨ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨੰਬਰਦਾਰ ਸਵਿੰਦਰ ਸਿੰਘ ਟੈਨੀ ਵਡਾਲਾ ਅੱਜ ਆਪਣੇ ਅਨੇਕਾਂ ਸਾਥੀਆਂ ਸਮੇਤ ਜਥੇਬੰਦੀ ਨੂੰ ਛੱਡ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਵਿੱਚ ਸ਼ਾਮਲ ਹੋ ਗਏ। ਸਵਿੰਦਰ ਸਿੰਘ ਵਡਾਲਾ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵਿੱਚ ਸ਼ਾਮਲ ਹੋਣ ਉਪਰੰਤ ਅੱਡਾ ਬਾਊਲੀ, ਪਿੰਡ ਵਡਾਲਾ ਭਿੱਟੇਵੱਡ ਦੇ ਗੁਰਦੁਆਰਾ ਸੰਗਤਸਰ ਸਾਹਿਬ ਵਿਖੇ ਹੋਏ ਕਿਸਾਨਾਂ ਦੇ ਇੱਕ ਵੱਡੇ ਇਕੱਠ ਦੌਰਾਨ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਪਲਵਿੰਦਰ ਸਿੰਘ ਮਾਹਲ ਵੱਲੋਂ ਉਹਨਾਂ ਨੂੰ ਸਨਮਾਨਤ ਕੀਤਾ ਗਿਆ। ਟੈਨੀ ਵਡਾਲਾ ਦੇ ਨਾਲ ਜਥੇਬੰਦੀ ਵਿੱਚ ਸ਼ਾਮਿਲ ਹੋਣ ਵਾਲੇ ਹਰਭਜਨ ਸਿੰਘ ਵਡਾਲਾ, ਮਨਦੀਪ ਬਤਰਾ, ਪਲਵਿੰਦਰ ਸਿੰਘ ਸ਼ਾਹਪੁਰ, ਅਰਵਿੰਦਰਜੀਤ ਸਿੰਘ ਛੀਨਾ, ਹਰਪਾਲ ਸਿੰਘ ਬਿੱਟੂ, ਲਖਬੀਰ ਸਿੰਘ ਸੋਨਾ, ਪੂਰਨ ਸਿੰਘ ਛੀਨਾ, ਸੁਰਿੰਦਰ ਸਿੰਘ ਧਨੋਏ, ਬਲਰਾਜ ਸਿੰਘ ਮਾਨਾਂਵਾਲਾ, ਹਰਵਿੰਦਰ ਸਿੰਘ ਵਡਾਲਾ ਆਦਿ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਪਲਵਿੰਦਰ ਸਿੰਘ ਮਾਹਲ ਨੇ ਕਿਹਾ ਕਿ 10 ਅਪ੍ਰੈਲ ਨੂੰ ਪਿੰਡ ਕੋਹਾਲੀ ਦੇ ਪ੍ਰੀਤਮ ਸਟੇਡੀਅਮ ਵਿਖੇ ਜਥੇਬੰਦੀ ਵੱਲੋਂ ਮਹਾਂ ਪੰਚਾਇਤ ਕਰਵਾਈ ਜਾ ਰਹੀ ਹੈ, ਜਿਸ ਵਿੱਚ ਸੂਬਾਈ ਆਗੂ ਜਗਜੀਤ ਸਿੰਘ ਡੱਲੇਵਾਲ, ਕਾਕਾ ਸਿੰਘ ਕੋਟੜਾ ਸਮੇਤ ਪੰਜਾਬ ਦੇ ਵੱਡੇ ਆਗੂ ਪਹੁੰਚ ਰਹੇ ਹਨ ਅਤੇ ਉਸ ਮਹਾਂ ਪੰਚਾਇਤ ਦੀਆਂ ਤਿਆਰੀਆਂ ਸਬੰਧੀ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਕਿਸਾਨ ਆਗੂਆਂ ਨੂੰ ਭਰੋਸੇ ਵਿੱਚ ਲੈ ਕੇ ਉਨ੍ਹਾਂ ਨਾਲ ਵਿਸ਼ਵਾਸਘਾਤ ਕੀਤਾ ਅਤੇ ਮੋਰਚੇ ਨੂੰ ਮਲੀਆਮੇਟ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਇੱਕ ਵੱਡਾ ਸੰਘਰਸ਼ ਉਲੀਕ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਦਾ ਹਰ ਥਾਂ ਤੇ ਸਖਤ ਵਿਰੋਧ ਕੀਤਾ ਜਾਵੇਗਾ। ਇਸ ਮੀਟਿੰਗ ਦੇ ਸਮੇਂ ਬਲਬੀਰ ਸਿੰਘ ਬੋਪਾਰਾਏ, ਨਿਰਮਲ ਸਿੰਘ ਕਲੇਰ, ਨੰਬਰਦਾਰ ਰੇਸ਼ਮ ਸਿੰਘ ਕੋਹਾਲੀ, ਬਲਾਕ ਚੋਗਾਵਾਂ ਦੇ ਪ੍ਰਧਾਨ ਸਵਿੰਦਰ ਸਿੰਘ ਕਲੇਰ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਸਰਕਾਰ ਦੀਆਂ ਇਨ੍ਹਾਂ ਹਰਕਤਾਂ ਤੋਂ ਡਰਨ ਵਾਲੇ ਨਹੀਂ ਅਤੇ ਕਿਸਾਨਾਂ ਦਾ ਸੰਘਰਸ਼ ਲਗਾਤਾਰ ਕੇਂਦਰ ਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਜਾਰੀ ਰਹੇਗਾ। ਇਸ ਮੌਕੇ ਤੇ ਕਿਸਾਨ ਆਗੂ ਜੈਮਲ ਸਿੰਘ ਵਡਾਲਾ, ਬਲਜਿੰਦਰ ਸਿੰਘ ਵਡਾਲਾ ਆਦਿ ਵੀ ਹਾਜ਼ਰ ਸਨ।

# 200 ਰੁੱਖ ਵੱਢਣ ਵਾਲੇ ਖਿਲਾਫ ਕਾਰਵਾਈ ਕਰਨ ਦੀ ਮੰਗ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਸਬਾ ਕਾਦੀਆਂ ਦੇ ਰਹਿਣ ਵਾਲੇ ਲਲਿਤ ਕੁਮਾਰ ਪੁੱਤਰ ਜਗਦੇਵ ਚੰਦ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਮਾਲਕੀ ਜ਼ਮੀਨ 17 ਕਨਾਲ 18 ਮਰਲੇ ਪਿੰਡ ਕੋਟ ਸ਼ਾਹਪੁਰ ਕੰਡੀ ਜ਼ਿਲ੍ਹਾ ਪਠਾਨਕੋਟ ਵਿੱਚ ਹੈ।ਜਿੱਥੇ ਕਿ ਰਕੇਸ਼ ਕੁਮਾਰ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਕੋਟ ਸ਼ਾਹਪੁਰ ਕੰਡੀ ਨੇ ਉਸ ਦੀ ਜ਼ਮੀਨ ਵਿੱਚੋਂ ਵੱਖ ਵੱਖ ਕਿਸਮਾਂ ਦੇ 200 ਦੇ ਕਰੀਬ ਰੁੱਖ ਵੱਢ ਲਏ ਹਨ।ਇਸ ਸੰਬੰਧੀ ਜਦੋਂ ਉਸ ਨੂੰ ਸੂਚਨਾ ਮਿਲੀ ਤਾਂ ਉਸਨੇ ਤੁਰੰਤ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਸ ਦੇ ਕੋਲੋਂ ਮੰਗ ਕੀਤੀ ਕਿ ਉਸ ਦੀ ਜ਼ਮੀਨ ਵਿੱਚੋਂ



200 ਰੁੱਖ ਜੋ ਉਕਤ ਸੰਬੰਧਤ ਵਿਅਕਤੀ ਨੇ ਵੱਢੇ ਹਨ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਉਸਦੇ ਹੋਏ ਨੁਕਸਾਨ ਦੀ ਭਰਪਾਈ ਕਰਵਾਈ ਜਾਵੇ।ਲਲਿਤ ਕੁਮਾਰ ਨੇ ਅੱਗੇ ਦੱਸਿਆ ਕਿ ਰਕੇਸ਼ ਕੁਮਾਰ ਨੇ ਮੈਨੂੰ ਇਹ ਵੀ ਧਮਕੀ ਦਿੱਤੀ ਕਿ ਇਸ ਜ਼ਮੀਨ ਵਿੱਚੋਂ ਰੁੱਖ ਵੱਢ ਰਿਹਾ ਹਾਂ ਤਾਂ ਕਾਫੀ ਨੁਕਸਾਨ ਹੋਇਆ ਹੈ।ਲਲਿਤ ਕੁਮਾਰ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਦੇ ਕੇ ਕਾਰਵਾਈ ਦੀ ਮੰਗ ਕੀਤੀ ਤੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕਰਦੇ ਹਾਂ ਉਸਨੇ ਕਿਹਾ ਕਿ ਸੰਬੰਧਿਤ ਵਿਅਕਤੀ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਸੁਖਬੀਰ ਸਿੰਘ ਬਾਦਲ ਮਨੋਰੰਜਨ ਕਾਲੀਆ ਦੇ ਘਰ ਗਏ



**ਜਲੰਧਰ,(ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਸਿੰਘ ਬਾਦਲ ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦੇ ਘਰ ਗਏ ਅਤੇ ਕਿਹਾ ਕਿ ਆਗੂ ਦੇ ਘਰ 'ਤੇ ਗ੍ਰਨੇਡ ਹਮਲਾ ਪੰਜਾਬ ਨੂੰ ਅਸਥਿਰ ਕਰਨ ਅਤੇ ਇਸਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਤਬਾਹ ਕਰਨ ਦੀ ਸਾਜ਼ਿਸ਼ ਦਾ ਹਿੱਸਾ ਸੀ।ਸੁਖਬੀਰ ਬਾਦਲ ਨੇ ਮਨੋਰੰਜਨ ਕਾਲੀਆ ਅਤੇ ਹੋਰ ਆਗੂਆਂ ਨਾਲ ਗੱਲਬਾਤ ਕੀਤੀ ਅਤੇ ਭਾਜਪਾ ਆਗੂ ਨੂੰ ਭਰੋਸਾ ਦਿਵਾਇਆ ਕਿ ਅਕਾਲੀ ਦਲ ਕਿਸੇ ਵੀ ਕੀਮਤ 'ਤੇ ਪੰਜਾਬ ਦੀ ਸ਼ਾਂਤੀ ਨੂੰ ਤਬਾਹ ਨਹੀਂ ਹੋਣ ਦੇਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਹਿੰਦੂ-ਸਿੱਖ 'ਏਕਤਾ' ਬੰਧਨ ਦੀ ਮਜ਼ਬੂਤੀ ਹੈ ਅਤੇ ਅਜਿਹੇ ਕਾਇਰਤਾਪੂਰਨ ਹਮਲਿਆਂ ਨਾਲ ਟੁੱਟੇਗੀ ਨਹੀਂ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਕੋਈ ਸੁਧਾਰਾਤਮਕ ਉਪਾਅ ਕਰਨ ਵਿੱਚ ਅਸਫਲ ਰਹੀ ਹੈ।

# ਗੁ: ਕਿਲਾ ਸਾਹਿਬ ਠੱਠਗੜ੍ਹ ਵਿਖੇ ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ ਗਿਆ



**ਝਬਾਲ, (ਹਰਜਿੰਦਰ ਸਿੰਘ ਸੋਨੀ)**

ਜਿਲ੍ਹਾ ਤਰਨ ਤਾਰਨ ਦੇ ਪਿੰਡ ਠੱਠਗੜ੍ਹ ਵਿਖੇ ਸਥਿਤ ਧਾਰਮਿਕ ਅਸਥਾਨ ਗੁਰਦੁਆਰਾ ਕਿਲਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਜੋੜ ਮੇਲਾ ਗੁ: ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸੁੱਧ ਸਿੰਘ ਟੂਸੇ ਮਾਛੀਵਾੜਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਦੇਸ਼ ਵਿਦੇਸ਼, ਇਲਾਕੇ ਅਤੇ ਠੱਠਗੜ੍ਹ ਨਗਰ ਦੀਆਂ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਨਾਲ ਬੜੇ ਸਤਿਕਾਰ, ਸ਼ਰਧਾ ਭਾਵਨਾ ਤੇ ਧੂਮ ਧਾਮ ਨਾਲ ਮਨਾਇਆ ਗਿਆ। ਧਾਰਮਿਕ ਦੀਵਾਨਾਂ ਵਿੱਚ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ।ਉੱਥੇ ਹੀ ਪੁੱਜੀਆਂ ਪੰਥ ਦੀਆਂ ਸਿਰਮੌਰ ਧਾਰਮਿਕ ਸਖਸ਼ੀਅਤਾਂ ਤੇ ਰਾਜਸੀ ਆਗੂਆਂ ਨੂੰ ਬਾਬਾ ਸੁੱਧ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਸਤਵੰਤ ਸਿੰਘ ਆਦਿ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਤੇ ਲੋਈਆ ਦੇ ਕੇ ਸਨਮਾਨਿਤ ਕੀਤਾ ਗਿਆ। ਜੋੜ ਮੇਲੇ 'ਚ ਡਾ ਮਨਜਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਵੱਲੋਂ ਮੁਫ਼ਤ ਜਨਰਲ ਚੈੱਕਅਪ ਮੈਡੀਕਲ ਕੈਂਪ ਲਗਾਇਆ ਗਿਆ ਤੇ ਸੰਗਤਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ।ਇਸ ਮੌਕੇ ਸਰਪੰਚ ਸੋਨੂੰ ਠੱਠਗੜ੍ਹ ਸਮੂਹ ਮੈਂਬਰ ਪੰਚਾਇਤ,ਨਾਮਵਰ ਕਵੀਸ਼ਰ ਸੰਦੀਪ ਸਿੰਘ ਚੰਦਨ ਠੱਠਗੜ੍ਹ, ਗੁਰਦੁਆਰਾ ਸਾਹਿਬ ਦੇ ਸੇਵਾਦਾਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।

# ਸਾਡਾ ਟੀਚਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਫੁੱਲਤ ਕਰਨਾ : ਪ੍ਰਿੰ. ਰੰਧਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਤ ਕਰਨਾ ਹੀ ਸਾਡਾ ਮੁਢਲਾ ਅਤੇ ਮੁੱਖ ਫ਼ਰਜ਼ ਹੈ, ਜਿਸ ਲਈ ਅਸੀਂ ਵਿੱਦਿਆ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਹਾਂ ਅਤੇ ਰਹਾਂਗੇ । ਇਹ ਵਿਚਾਰ ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਦੇ ਨਵ-ਨਿਯੁਕਤ 18ਵੇਂ ਪ੍ਰਿੰ. ਡਾ. ਆਤਮ ਰੰਧਾਵਾ ਨੇ ਵਧਾਈ ਦੇਣ ਗਏ ਵਫਦ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਕਹੇ।ਉਹਨਾਂ ਨਾਲ ਮੁਲਾਕਾਤ ਕਰਨ ਗਏ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਅਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੀ ਜਰਨਲ ਕੌਂਸਲ ਦੇ ਮੈਂਬਰ ਦੀਪ ਦੇਵਿੰਦਰ ਸਿੰਘ, ਪ੍ਰਮੁੱਖ ਕਾਲਮ ਨਵੀਸ ਮਨਮੋਹਨ ਸਿੰਘ ਢਿੱਲੋਂ, ਪੰਜ- ਆਬ ਹੈਰੀਟੇਜ ਮਿਊਜ਼ੀਅਮ ਤੋਂ ਪ੍ਰਤੀਕ ਸਹਿਦੇਵ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਤੋਂ ਡਾ. ਹੀਰਾ ਸਿੰਘ ਅਤੇ ਮੋਹਿਤ ਸਹਿਦੇਵ ਆਦਿ ਦਾ ਆਪਣੇ ਦਫਤਰ ਵਿੱਚ ਸਵਾਗਤ ਕਰਦਿਆਂ ਪ੍ਰਿੰ. ਡਾ.ਆਤਮ ਰੰਧਾਵਾ ਨੇ ਦੱਸਿਆ ਕਿ ਸੌ ਵਰ੍ਹੇ ਪਹਿਲਾਂ ਸਥਾਪਿਤ ਹੋਏ ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਦੀ ਵਿੱਦਿਅਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਇੰਨ-ਬਿੰਨ ਕਾਇਮ ਰਖਦਿਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਉਹ ਨਿਰੰਤਰ ਕਾਰਜਸ਼ੀਲ ਰਹਿਣਗੇ। ਉਹ ਇਸ ਜ਼ਿੰਮੇਵਾਰੀ ਵਾਲੀ ਕੁਰਸੀ ਦਾ ਜਿਥੇ ਸਨਮਾਨ ਕਾਇਮ ਰੱਖਣਗੇ ਉੱਥੇ ਪਹਿਲਾਂ ਵਾਂਗ ਹੀ ਸਾਹਿਤਕਾਰਾਂ ਅਤੇ ਹੋਰ ਬੁੱਧੀਜੀਵੀਆਂ ਲਈ ਖਾਲਸਾ ਕਾਲਜ ਪਹਿਲਾਂ ਵਾਂਗ ਹੀ ਆਪਣਾ ਹਰ ਤਰ੍ਹਾਂ ਦਾ ਸਹਿਯੋਗ ਮੁਹੱਈਆ ਕਰਵਾਏਗਾ।

# ਅਮਨਜੀਤ ਸਿੰਘ ਸੰਧੂ ਨੇ ਅਹੁਦਾ ਸੰਭਾਲਿਆ

**ਅਜਨਾਲਾ (ਸੁਖਜਿੰਦਰ ਸਿੰਘ ਰਾਜੂ)**

ਅੰਮ੍ਰਿਤਸਰ ਦੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਨਵ ਨਿਯੁਕਤ ਅਮਨਜੀਤ ਸਿੰਘ ਸੰਧੂ ਨੇ ਅਹੁੱਦਾ ਸੰਭਾਲਿਆ ਉਨ੍ਹਾਂ ਨੇ ਆਪਣਾ ਅਹੁਦਾ ਸੰਭਾਲਦਿਆਂ ਆਪਣੇ ਡਿਪਾਰਟਮੈਂਟ ਦੇ ਸਾਰੇ ਮੁਲਾਜ਼ਮਾਂ ਨਾਲ ਮੀਟਿੰਗ ਕਰਦੇ ਦੱਸਿਆ ਕਿ ਕਿਸੇ ਵੀ ਪਬਲਿਕ ਨੂੰ ਕੋਈ ਕੰਮ ਕਰਾਉਣ ਆਉਣ 'ਤੇ ਪ੍ਰੇਸ਼ਾਨੀ ਨਾ ਆਉਣ ਦਿੱਤੀ ਜਾਵੇ ਅਤੇ ਉਨ੍ਹਾਂ ਨੇ ਆਪਣੇ ਜਿਲ੍ਹੇ ਦੇ ਸਾਰੇ ਡੀਪੂ ਹੋਲਡਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਕੇ ਵਾਈ ਸੀ ਜਿਸ ਦੀ ਤਰੀਕ 31 ਮਾਰਚ ਸੀ ਹੁਣ ਉਸ ਦੀ ਤਰੀਕ ਪੰਜਾਬ ਸਰਕਾਰ ਵੱਲੋਂ ਵਧਾ ਕੇ 30 ਅਪ੍ਰੈਲ ਕਰ ਦਿੱਤੀ ਗਈ ਹੈ ਅਤੇ ਸਾਰੇ ਕਣਕ ਕਾਰਡ ਹੋਲਡਰਾਂ ਨੂੰ ਆਪਣੀ ਕੇ ਵਾਈ ਸੀ ਡੀਪੂਆਂ 'ਤੇ ਜਾ ਕੇ ਕਰਵਾਉਣ ਦੀ ਹਦਾਇਤਾਂ ਜਾਰੀ ਕੀਤੀਆਂ।ਇਸ ਮੌਕੇ ਉਨ੍ਹਾਂ ਨੇ ਮੰਡੀ ਵਿੱਚ ਆ ਰਹੀ ਜ਼ਿਮੀਦਾਰਾਂ ਦੀ ਕਣਕ ਦੀ ਕੋਈ ਦਿੱਕਤ ਨਾ ਆਉਣ ਦੇਣ ਲਈ ਵੀ ਆਪਣੇ ਇੰਸਪੈਕਟਰਾਂ ਦੀਆਂ ਡਿਊਟੀਆਂ ਲਗਾਈਆਂ ਤਾਂ ਕਿ ਪੰਜਾਬ ਦੇ ਕਿਸਾਨ ਖਰਾਬ ਨਾ ਹੋਣ ਸਮੇਂ ਸਿਰ ਫਸਲ ਜਿਹੜੀ ਹੈ ਉਸ ਦੀ ਲਿਫਟਿੰਗ ਕਰਵਾਈ ਜਾਵੇ।ਇਸ ਮੌਕੇ ਉਨ੍ਹਾਂ ਦੇ ਨਾਲ ਸੰਦੀਪ ਸਿੰਘ ਸੈਂਡੀ ਏ ਐਫ ਐਸ ਓ ਹਰਪਾਲ ਸਿੰਘ ਸੁਪਰਡੈਂਟ ਏ ਐਫ ਐਸ ਓ ਅਮਨਦੀਪ ਸਿੰਘ, ਇੰਸਪੈਕਟਰ ਹਰਜੋਤ ਸਿੰਘ ਅਜਨਾਲਾ, ਇੰਸਪੈਕਟਰ ਅਰੁਣ ਖੋਸਲਾ, ਸੁਮਿਤ ਪ੍ਰਭਾਕਰ, ਤਜਿੰਦਰ ਸਿੰਘ ਆਦਿ ਹਾਜ਼ਰ ਸਨ।



# ਗੁ. ਬਾਬਾ ਜੱਲਣ ਦਾਸ ਵਿਖੇ ਵਿਸਾਖੀ ਸਾਲਾਨਾ ਜੋੜ ਮੇਲੇ ਦੇ ਪ੍ਰਬੰਧ ਮੁਕੰਮਲ



**ਝਬਾਲ, (ਹਰਜਿੰਦਰ ਸਿੰਘ ਸੋਨੀ)**

ਭਾਰਤ-ਪਾਕਿ ਸਰਹੱਦ ਕੰਡਿਆਲੀ ਤਾਰ ਨੇੜੇ ਵਸੇ ਪ੍ਰਸਿੱਧ ਪਿੰਡ ਨੌਸ਼ਹਿਰਾ ਢਾਲਾ (ਤਰਨ ਤਾਰਨ) ਵਿਖੇ ਸਥਿਤ ਧੰਨ-ਧੰਨ ਭਗਤ ਜੱਲਣ ਦਾਸ ਦੇ ਤਪ ਅਸਥਾਨ ਗੁਰਦੁਆਰਾ ਭਗਤ ਜੱਲਣ ਦਾਸ ਵਿਖੇ ਗੁ: ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਨਿਰਮਲ ਸਿੰਘ ਸੰਧੂ ਨੌਸ਼ਹਿਰਾ ਢਾਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਇਲਾਕਾ ਤੇ ਨਗਰ ਨੌਸ਼ਹਿਰਾ ਢਾਲਾ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ 13, 14 ਅਪ੍ਰੈਲ ਦਿਨ ਐਤਵਾਰ-ਸੋਮਵਾਰ ਨੂੰ ਬੜੀ ਸ਼ਰਧਾ ਭਾਵਨਾ ਤੇ ਧੂਮ-ਧਾਮ ਨਾਲ ਮਨਾਏ ਜਾਂ ਰਹੇ ਵਿਸਾਖੀ ਦੇ ਦੋ ਦਿਨਾ ਸਾਲਾਨਾ ਜੋੜ ਦੀਆਂ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਉੱਘੇ ਸਮਾਜ ਸੇਵਕ ਤੇ ਵਿਧਾਨ ਸਭਾ ਹਲਕਾ ਤਰਨ ਤਾਰਨ ਤੋਂ ਰਾਜਸੀ ਆਗੂ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ, ਜਸਮਿੰਦਰ ਸਿੰਘ ਸੰਧੂ, ਮਨਜਿੰਦਰ ਸਿੰਘ ਮੰਨਾ ਬਾਵਾ ਢਾਲਾ ਅਤੇ ਸਮਾਜ ਸੇਵਕ ਨੌਜਵਾਨ ਸਮਸ਼ੇਰ ਸਿੰਘ ਸ਼ੇਰਾ ਨੇ ਦੱਸਿਆ ਕਿ ਗੁ: ਸਾਹਿਬ ਵਿਖੇ ਵਿਸਾਖੀ ਦੇ ਦੋ ਰੋਜ਼ਾ ਸਾਲਾਨਾ ਜੋੜ ਮੇਲੇ ਮੌਕੇ ਦੇਸ਼ ਵਿਦੇਸ਼ ਦੂਰ ਦਰਾਡਿਓਂ ਵੱਡੀ ਗਿਣਤੀ ਵਿਚ ਪੁੱਜਣ ਵਾਲੀਆਂ ਸੰਗਤਾਂ ਲਈ ਪੁਖਤਾ ਪ੍ਰਬੰਧ ਕਰ ਲਏ ਗਏ ਹਨ।ਉਨ੍ਹਾਂ ਸਮੁੱਚੀਆ ਸੰਗਤਾਂ ਨੂੰ ਹੁੰਮ ਹੁਮਾ ਕੇ ਮੇਲੇ ਦੀਆਂ ਰੌਣਕਾਂ ਨੂੰ ਵਧਾਉਣ ਲਈ ਕਿਹਾ।ਇਸ ਮੌਕੇ ਹਰਦੇਵ ਸਿੰਘ ਸਾਹ,ਸਾਬਕਾ ਸਰਪੰਚ ਗੁਰਭੇਜ ਸਿੰਘ, ਸਰਪੰਚ ਕੇਹਰ ਸਿੰਘ ਆਧੀ, ਸਾਬਕਾ ਸਰਪੰਚ ਗੁਰਭੇਜ ਸਿੰਘ,ਆੜ੍ਹਤੀ ਗੁਰਬੀਰ ਸਿੰਘ ਲਾਡੀ, ਹਰਮਨ ਸਿੰਘ ਹੰਮਾ,ਭਗਵਾਨ ਸਿੰਘ ਭਾਗਾ ਨੌਸ਼ਹਿਰਾ, ਸੁਲਤਾਨ ਸਿੰਘ ਨੌਸ਼ਹਿਰਾ, ਦਵਿੰਦਰ ਸਿੰਘ ਆੜ੍ਹਤੀ, ਰਾਣਾ ਆਧੀ, ਸ਼ੈਲੀ ਸੋਹਲ, ਗੁਰਭਾਗ ਸਿੰਘ ਭਾਗਾ ਸੋਹਲ, ਸੋਨੂੰ ਝਬਾਲ ਮੋਦੀ ਕਰਿਆਨਾ ਸਟੋਰ, ਕਰਮਨ ਹਵੇਲੀਆਂ, ਰਾਣਾ ਹਵੇਲੀਆਂ, ਦਵਿੰਦਰ ਸਿੰਘ ਹਵੇਲੀਆਂ, ਮੁਖ਼ਤਾਰ ਸਿੰਘ ਹਵੇਲੀਆਂ, ਸੁਖਮਨ ਸਿੰਘ,ਬਲਦੇਵ ਸਿੰਘ, ਬਲਕਾਰ ਸਿੰਘ, ਸੋਨੂੰ ਬਾਵਾ,ਗੋਰਾ ਬਾਵਾ, ਗੋਪੀ, ਸੁਖਜੀਤ ਸਿੰਘ ਬਾਵਾ, ਯੋਧਾ ਬਾਵਾ ਆਦਿ ਵੀ ਹਾਜ਼ਰ ਸਨ।

# ਝੱਖੜਪਿੰਡੀ 'ਚ ਗੁਰੂ ਨਾਭਾ ਦਾਸ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਗੋਸੁਆਮੀ ਸ਼੍ਰੀ ਗੁਰੂ ਨਾਭਾ ਦਾਸ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਝੱਖੜਪਿੰਡ ਵਿਖੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਸੰਗਤਾਂ ਨੂੰ ਅਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣ ਵੱਲ ਉਚੇਚਾ ਧਿਆਨ ਦੇਣ 'ਤੇ ਜੋਰ ਦਿੰਦਿਆਂ ਕਿਹਾ ਕਿ ਜਿਹੜੇ ਲੋਕ ਸਿੱਖਿਆ ਨੂੰ ਵਧੇਰੇ ਤਰਜੀਹ ਦਿੰਦੇ ਹਨ ਉਹ ਲੋਕ ਹਮੇਸ਼ਾ ਤਰੱਕੀ ਦੀ ਰਾਹ ਵੱਲ ਵਧਦੇ ਹਨ।ਸ਼੍ਰੀ ਗੁਰੂ ਨਾਭਾ ਦਾਸ ਮੰਦਰ ਕਮੇਟੀ ਝੱਖੜਪਿੰਡੀ ਦੇ ਪ੍ਰਧਾਨ ਮਿਲਖੀ ਰਾਮ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਦੌਰਾਨ ਸ਼੍ਰੀ ਗੁਰੂ ਨਾਭਾ ਦਾਸ ਮੰਦਰ ਵਿਖੇ ਨਤਮਸਤਕ ਹੋਣ ਮਗਰੋਂ ਹਾਜਰ ਸੰਗਤਾਂ ਨੂੰ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਕਈ ਦਹਾਕੇ ਰਾਜ ਮਗਰੋਂ ਵੀ ਸਮਾਜ ਦੇ ਹੇਠਲੇ ਪੱਧਰ ਤੱਕ ਵਿੱਦਿਆ ਦਾ ਚਾਨਣ ਫੈਲਾਉਣ 'ਚ ਨਕਾਮ ਰਹੀਆਂ ਹਨ। ਕਿਉਂਕਿ ਇਹਨਾਂ ਰਵਾਇਤੀ ਪਾਰਟੀਆਂ ਨੇ ਅਨੁਸੂਚਿਤ ਜਾਤੀ ਸਮਾਜ ਨੂੰ ਹਮੇਸ਼ਾਂ ਵੋਟ ਬੈਂਕ ਲਈ ਹੀ ਵਰਤਿਆ ਹੈ ਅਤੇ ਕਦੇ ਵੀ ਇਸ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਵੱਲ ਧਿਆਨ ਨਹੀਂ ਦਿੱਤਾ।ਪਰ ਆਮ ਆਦਮੀ ਪਾਰਟੀ ਇਹਨਾਂ ਰਵਾਇਤੀ ਪਾਰਟੀਆਂ ਤੋਂ ਬਿਲਕੁੱਲ ਵੱਖਰੀ ਹੈ, ਜਿਸਨੇ ਸਮਾਜ ਦੇ ਹਰੇਕ ਵਰਗ ਨੂੰ ਸਿੱਖਿਅਤ ਕਰਨ ਲਈ ਸਿੱਖਿਆ ਦੇ ਪਸਾਰ ਨੂੰ ਮੁੱਖ ਟੀਚਾ ਬਣਾਇਆ ਅਤੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰੀ ਹੈ।ਉਹਨਾਂ ਕਿਹਾ ਕਿ ਦੇਸ਼ ਦੀ ਅਜਾਦੀ ਦੇ ਕਈ ਦਹਾਕਿਆਂ ਮਗਰੋਂ ਵੀ ਅੱਜ ਸਾਡੇ ਅਨੁਸੂਚਿਤ ਜਾਤੀ ਸਮਾਜ ਦੇ ਲੋਕ ਹੇਠਲੇ ਪੱਧਰ ਦਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ।ਜਿਸ ਚੋਂ ਨਿਕਲਣ ਅਤੇ ਅੱਗੇ ਵਧਣ ਲਈ ਅਨੂਸਿਚਤ ਜਾਤੀ ਭਾਈਚਾਰੇ ਨੂੰ ਅਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਤੇ ਵਧੇਰੇ ਜੋਰ ਦੇਣਾ ਚਾਹੀਦਾ ਹੈ।ਇਸ ਮੌਕੇ ਬੌਬੀ, ਰਾਮ ਸਿੰਘ, ਅਜੇ ਕੁਮਾਰ, ਹੀਰਾ ਮੰਜ, ਨਿੱਕਾ, ਮੱਖਣ, ਇੰਦੂ ਬਾਲਾ, ਧਰਮ ਪਾਲ ਮੋਨੂੰ, ਬਲਵਿੰਦਰ ਸਿੰਘ, ਅੰਜੂ ਬਾਲਾ, ਵਿਕਰਮ ਸਿੰਘ, ਸੁਭਾਸ਼, ਰਮੇਸ਼ ਪਾਲ, ਮਨਜੀਤ ਸਿੰਘ, ਸਤਨਾਮ ਸਿੰਘ, ਸੁਨੀਲ ਕੁਮਾਰ, ਨੀਰਜ ਹਰਚੰਦ, ਲਵ, ਦਰਸ਼ਨਾ ਦੇਵੀ, ਵੀਨਾ, ਬਿੱਕਾ ਅਤੇ ਕਾਲਾ ਵੀ ਮੌਜੂਦ ਸਨ।

# ਗਰੀਬਾਂ ਦੇ ਹੱਕ 'ਚ ਲੜਨ ਵਾਲੇ ਜਗਮੋਹਣ ਸਿੰਘ ਨਹੀਂ ਰਹੇ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- 2015 ਤੋਂ 2017 ਤੱਕ ਲਗਭਗ ਢਾਈ ਸਾਲ ਲਗਾਤਾਰ ਗੋਪਾਲ ਨਗਰ ਦੇ ਪਲਾਟਾਂ ਉੱਪਰ ਭੋਂ ਮਾਫੀਆ ਵੱਲੋਂ ਗਰੀਬ ਪਲਾਟ ਮਾਲਕਾਂ ਦੇ ਪਲਾਟ ਖੋਹਣ ਵਿਰੁੱਧ ਲੰਬੀ ਲੜਾਈ ਲੜਨ ਵਾਲੇ ਅਤੇ ਭੋਂ-ਮਾਫੀਆ ਤੋਂ ਪਲਾਟ ਵਾਪਸ ਗਰੀਬਾਂ ਨੂੰ ਦਵਾਉਣ ਵਾਲੇ ਸਾਥੀ ਜਗਮੋਹਣ ਸਿੰਘ ਸੰਤ ਨਗਰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸਦੀਵੀ ਵਿਛੋੜਾ ਦੇ ਗਏ ।ਉਹ ਉਸ ਟੀਮ ਦਾ ਹਿੱਸਾ ਸਨ ਜਿਨ੍ਹਾਂ ਦੀ ਅਗਵਾਈ ਮੱਖਣ ਸਿੰਘ ਕੁਹਾੜ ਸੁਖਵਿੰਦਰ ਸਿੰਘ ਕਾਹਲੋ ਰਮਨ ਬਹਿਲ ਅਸ਼ੋਕ ਵੈਦ ਸੁਖਦੇਵ ਸਿੰਘ ਭਾਗੋਕਾਵਾਂ ਧਿਆਨ ਸਿੰਘ ਠਾਕੁਰ ਭਾਰਤ ਭੂਸ਼ਣ ਗੁਰਦੀਪ ਸਿੰਘ ਮਸਤਫਾਬਾਦ ਗੁਲਜਾਰ ਸਿੰਘ ਬਸੰਤਕੋਟ ਬਲਬੀਰ ਸਿੰਘ ਕੱਤੋਵਾਲ ਸਾਥੀ ਸ਼ਿਵ ਕੁਮਾਰ ਨੱਥਾ ਸਿੰਘ ਨਿਰਮਲ ਸਿੰਘ ਬੋਪਾਰਾਏ ਹਰਜੋਤ ਸਿੰਘ ਅਬੱਲਖੈਰ ਸੋਹਣ ਸਿੰਘ ਆਦਿ ਕਰਦੇ ਸਨ ਉਹ ਲੋਕ ਘੋਲਾਂ ਦਾ ਪਰਖਿਆ ਹੋਇਆ ਯੋਧਾ ਸੀ।ਇਸ ਵਕਤ ਉਹ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦਾ ਮੈਂਬਰ ਅਤੇ ਸੈਂਟਰ ਆਫ ਟਰੇਡ ਯੂਨੀਅਨ ਦੇ ਆਗੂ ਸਨ। ਉਹ ਆਪਣੇ ਪਿੱਛੇ ਪਤਨੀ ਤੇ ਤਿੰਨ ਧੀਆਂ ਛੱਡ ਗਏ ਹਨ।ਜਗਮੋਹਨ ਸਿੰਘ ਜਿਲ੍ਹਾ ਸਾਹਿਤ ਕੇਂਦਰ ਦੇ ਆਗੂ ਸੋਹਣ ਸਿੰਘ ਦਾ ਭਰਾ ਸੀ।ਮੱਖਣ ਸਿੰਘ ਕੁਹਾੜ ਨੇ ਦੱਸਿਆ ਕਿ ਉਹ ਹੱਕ ਸੱਚ ਦੀ ਲੜਾਈ ਲੜਨ ਵਾਲਿਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਚਲਦੇ ਸਨ। ਉਹਨਾਂ ਦੇ ਅੰਤਿਮ ਸੰਸਕਾਰ ਮੌਕੇ ਭੌਂ ਮਾਫੀਆ ਵਿਰੋਧੀ ਮੋਰਚੇ ਦੇ ਉਪਰੋਕਤ ਸਾਰੇ ਮੈਂਬਰਾਂ ਦੇ ਨਾਲ ਨਾਲ ਖੋਏ ਪਲਾਟ ਵਾਪਸ ਲੈਣ ਵਾਲੇ ਪਲਾਟਾਂ ਦੇ ਮਾਲਕ ਸਰੇਸ਼ ਕੁਮਾਰ ਰਾਣੀ, ਕੁਲਵੰਤ ਸਿੰਘ, ਸ਼ੁਭ ਕੁਮਾਰ, ਤਿਲਕ ਭੰਡਾਰੀ, ਰਣਜੀਤ ਸਿੰਘ, ਹਰਜੀਤ ਸਿੰਘ ਆਦਿ ਤੋਂ ਇਲਾਵਾ ਜਿਲ੍ਹਾ ਸਾਹਿਤ ਕੇਂਦਰ ਦੇ ਮੈਂਬਰ ਤਰਸੇਮ ਸਿੰਘ ਭੰਗੂ, ਸੁਭਾਸ਼ ਦੀਵਾਨਾ, ਬੂਟਾ ਰਾਮ, ਆਜ਼ਾਦ ਰਘਬੀਰ ਸਿੰਘ, ਚਾਹਲ ਅਜੀਤ ਸਿੰਘ, ਹੁੰਦਲ ਅਮਰਜੀਤ ਸਿੰਘ, ਸੈਣੀ ਜਗਦੀਪ ਸਿੰਘ, ਮਨਜੀਤ ਸਿੰਘ, ਸਰਵਨ ਸਿੰਘ ਆਦਿ ਅਨੇਕਾਂ ਹੋਰ ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਸਨ।ਜਗਮੋਹਨ ਸਿੰਘ ਦੀ ਅੰਤਿਮ ਅਰਦਾਸ ਗੁਰਦੁਆਰਾ ਬਥਵਾਲਾ ਵਿਖੇ 15 ਅਪ੍ਰੈਲ ਨੂੰ ਹੋਵੇਗੀ।

# ਪਟਵਾਰੀ 'ਤੇ ਹੋਏ ਹਮਲੇ ਦਾ ਮਾਮਲਾ : ਕਰਾਸ ਪਰਚੇ ਨੂੰ ਰੱਦ ਕਰਵਾਉਣ ਲਈ ਥਾਣੇ ਅੱਗੇ ਦਿੱਤਾ ਧਰਨਾ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਖਾਲੜਾ ਤੋਂ ਗੁਰਪ੍ਰੀਤ ਸਿੰਘ ਪਟਵਾਰੀ ਅਤੇ ਉਸ ਦੇ ਸਾਥੀਆਂ ਵੱਲੋਂ ਹਮਲਾਵਰਾਂ ਨੂੰ ਗ੍ਰਿਫ਼ਤਾਰ ਕਰਨ ਤੇ ਕਰਾਸ ਪਰਚਾ ਰੱਦ ਕਰਵਾਉਣ ਲਈ ਆਲ ਇੰਡੀਆ ਐਂਟੀ ਕਰੱਪਸ਼ਨ ਮੋਰਚਾ ਦੇ ਆਗੂਆਂ ਨੂੰ ਨਾਲ ਲੈ ਕੇ ਥਾਣਾ ਖਾਲੜਾ ਅੱਗੇ ਰੋਸ ਧਰਨਾ ਦਿੱਤਾ ਗਿਆ।ਜ਼ਿਕਰਯੋਗ ਹੈ ਕਿ ਲਗਭਗ ਚੌਦਾਂ ਕੁ ਦਿਨ ਪਹਿਲਾਂ ਖਾਲੜਾ ਤੋਂ ਗੁਰਪ੍ਰੀਤ ਸਿੰਘ ਪਟਵਾਰੀ ਦੀ ਕੁਝ ਕੁ ਵਿਅਕਤੀਆਂ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ, ਜਿਸ ਤੋਂ ਬਾਅਦ ਖਾਲੜਾ ਪੁਲਸ ਨੇ 25 ਵਿਅਕਤੀਆਂ ਖ਼ਿਲਾਫ਼ ਪਰਚਾ ਤਾਂ ਦਰਜ ਕੀਤਾ ਪਰ ਮਾਮਲੇ ਵਿੱਚ ਨਾਮਜ਼ਦ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਦੂਜੀ ਧਿਰ ਦੇ ਬਿਆਨਾਂ 'ਤੇ ਕਰਾਸ ਪਰਚਾ ਦਰਜ ਕਰ ਦਿੱਤਾ।ਧਰਨੇ ਮੌਕੇ ਗੁਰਪ੍ਰੀਤ ਸਿੰਘ ਦੀ ਮਾਤਾ ਮਨਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਦੇ ਪੁੱਤਰ ਉੱਪਰ ਜਾਣ-ਬੁੱਝ ਕੇ ਜਾਨਲੇਵਾ ਹਮਲਾ ਕੀਤਾ ਗਿਆ ਸੀ, ਜਿਸ ਵਿੱਚ ਉਸ ਦੀ ਬਹੁਤ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।ਉਨ੍ਹਾਂ ਕਿਹਾ ਕਿ ਹਮਲਾਵਰਾਂ ਨੇ ਲੜਾਈ ਖ਼ਤਮ ਕਰਵਾਉਣ ਲਈ ਅੱਗੇ ਆਉਣ ਵਾਲਿਆਂ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ।ਉਨ੍ਹਾਂ ਕਿਹਾ ਕਿ ਖਾਲੜਾ ਪੁਲਸ ਨੇ ਹਮਲਾਵਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕਰਾਸ ਪਰਚਾ ਦਰਜ ਕਰਕੇ ਉਨ੍ਹਾਂ ਨਾਲ ਬੇਇਨਸਾਫ਼ੀ ਕੀਤੀ ਹੈ।ਪਟਵਾਰੀ ਦੀ ਮਾਂ ਨੇ ਮੰਗ ਕੀਤੀ ਕਿ ਹਮਲਾਵਰਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਤੇ ਕਰਾਸ ਪਰਚਾ ਰੱਦ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿਵਾਇਆ ਜਾਵੇ।ਇਸ ਮੌਕੇ ਆਲ ਇੰਡੀਆ ਐਂਟੀ ਕਰੱਪਸ਼ਨ ਮੋਰਚੇ ਦੇ ਪ੍ਰਧਾਨ ਅਜੇ ਕੁਮਾਰ ਚੀਨੂ ਨੇ ਕਿਹਾ ਕਿ ਖਾਲੜਾ ਪੁਲਸ ਪਟਵਾਰੀ ਗੁਰਪ੍ਰੀਤ ਸਿੰਘ ਨੂੰ ਇਨਸਾਫ਼ ਦਿਵਾਉਣ ਦੀ ਥਾਂ ਕਰਾਸ ਪਰਚਾ ਕਰਕੇ ਧੱਕੇਸ਼ਾਹੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਪੁਲਸ ਨੇ ਦੂਜੀ ਧਿਰ ਵੱਲੋਂ ਐਮ ਐੱਲ ਆਰ ਦੇ ਆਧਾਰ ਉੱਪਰ ਦਰਜ ਕੀਤਾ ਮੁਕੱਦਮਾ ਰੱਦ ਨਾ ਕੀਤਾ ਤਾਂ ਆਉਂਦੇ ਵੀਰਵਾਰ ਨੂੰ ਥਾਣਾ ਖਾਲੜਾ ਅੱਗੇ ਅਣਮਿੱਥੇ ਸਮੇਂ ਲਈ ਰੋਸ ਧਰਨਾ ਦਿੱਤਾ ਜਾਵੇਗਾ। ਇਸ ਸੰਬੰਧੀ ਜਦੋਂ ਥਾਣਾ ਮੁਖੀ ਖਾਲੜਾ ਪਰਮਜੀਤ ਸਿੰਘ ਵਿਰਦੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਦੋਹਾਂ ਧਿਰਾਂ ਵੱਲੋਂ ਸਮੇਂ-ਸਮੇਂ ਉੱਪਰ ਪੇਸ਼ ਕੀਤੀਆਂ ਗਈਆਂ ਐੱਮ ਐੱਲ ਆਰਜ਼ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਆਲ ਇੰਡੀਆ ਐਂਟੀ ਕਰੱਪਸ਼ਨ ਮੋਰਚੇ ਵੱਲੋਂ ਦਿੱਤੇ ਗਏ ਮੰਗ ਪੱਤਰ ਦੇ ਆਧਾਰ 'ਤੇ ਮਾਮਲੇ ਦੀ ਡੂੰਘਾਈ ਨਾਲ ਤਫਤੀਸ਼ ਕੀਤੀ ਜਾਵੇਗੀ ਤੇ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਥਾਣਾ ਮੁਖੀ ਵੱਲੋਂ ਦਿੱਤੇ ਭਰੋਸੇ ਉਪਰੰਤ ਧਰਨਾਕਾਰੀਆਂ ਵੱਲੋਂ ਧਰਨਾ ਸਮਾਪਤ ਕਰ ਦਿੱਤਾ ਗਿਆ।



# ਸੁਰਿੰਦਰ ਕੁਮਾਰ ਚੱਢਾ ਕਾਂਗਰਸ ਪਾਰਟੀ ਭਿੱਖੀਵਿੰਡ ਦੇ ਸ਼ਹਿਰੀ ਪ੍ਰਧਾਨ ਨਿਯੁਕਤ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਕੇ ਪੰਜਾਬ ਦੀ ਸੱਤਾ 'ਤੇ ਕਬਜ਼ਾ ਕੀਤਾ ਗਿਆ ਸੀ।ਪਰ ਤਿੰਨ ਸਾਲ ਦਾ ਸਮਾਂ ਬੀਤ ਜਾਣ 'ਤੇ ਪੰਜਾਬ ਦੇ ਲੋਕਾਂ ਦੀ ਸਮਝ ਵਿੱਚ ਪੂਰੀ ਗੱਲ ਆ ਗਈ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀ ਜੰਤਾ ਨਾਲ ਧੋਖਾ ਕੀਤਾ ਗਿਆ ਹੈ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਖੇਮਕਰਨ ਤੋਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਕਾਂਗਰਸ ਪਾਰਟੀ ਦੇ ਭਿੱਖੀਵਿੰਡ ਤੋਂ ਸੁਰਿੰਦਰ ਕੁਮਾਰ ਚੱਡਾ ਨੂੰ ਸ਼ਹਿਰੀ ਪ੍ਰਧਾਨ ਨਿਯੁਕਤ ਕਰਨ ਮੌਕੇ ਭਿੱਖੀਵਿੰਡ ਵਾਸੀਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਉਹਨਾਂ ਕਿਹਾ ਕਿ ਆਪ ਸਰਕਾਰ ਵੱਲੋਂ ਪੰਜਾਬ ਦੀਆਂ ਔਰਤਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਨਹੀਂ ਕੀਤਾ ਗਿਆ ਅਤੇ ਅੱਜ ਪੰਜਾਬ ਅੰਦਰ ਜੋ ਹਾਲਾਤ ਬਣੇ ਪਏ ਹਨ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨਲਾਇਕੀ ਨੂੰ ਦਰਸਾਉਂਦੇ ਹਨ। ਕਿਉਂਕਿ ਅੱਜ ਪੰਜਾਬ ਦਾ ਛੋਟਾ ਤੇ ਵੱਡਾ ਕਾਰੋਬਾਰੀ ਖੌਫ ਦੇ ਸਾਏ ਥੱਲੇ ਜੀ ਰਿਹਾ ਹੈ ਅਤੇ ਗੈਂਗਸਟਰ ਉਹਨਾਂ ਨੂੰ ਫੋਨ ਕਰਕੇ ਫਿਰੌਤੀਆਂ ਲੈ ਰਹੇ ਹਨ।ਇਸ ਲਈ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਸੱਤਾ ਤੋਂ ਦੂਰ ਕਰਨ ਲਈ ਪੂਰੀ ਤਰ੍ਹਾਂ ਉਤਾਵਲੇ ਹਨ ਅਤੇ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਲਈ ਉਤਾਵਲੇ ਹਨ। ਉਹਨਾਂ ਅੱਗੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਪੰਜਾਬ ਦੇ ਲੋਕਾਂ ਦੀ ਅਤੇ ਪੰਜਾਬ ਦੇ ਹਿੱਤਾਂ ਦੀ ਗੱਲ ਕੀਤੀ ਹੈ ਜਦਕਿ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਕਹਿਣੀ ਅਤੇ ਕਥਨੀ ਵਿੱਚ ਲੱਖਾ ਕੋਹਾਂ ਦਾ ਫਰਕ ਨਜ਼ਰ ਆਉਂਦਾ ਹੈ। ਜਿਸ ਨੂੰ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਸਮਝ ਚੁੱਕੇ ਹਨ ਅਤੇ ਇਹਨਾਂ ਦੇ ਨਵੇਂ ਧੋਖਿਆਂ ਵਿੱਚ ਨਹੀਂ ਆਉਣਗੇ।ਉੱਥੇ ਹੀ ਇਸ ਮੌਕੇ ਬੋਲਦਿਆਂ ਬਲਾਕ ਕਾਂਗਰਸ ਕਮੇਟੀ ਭਿੱਖੀਵਿੰਡ ਦੇ ਪ੍ਰਧਾਨ ਗੁਰਮੁਖ ਸਿੰਘ ਸਾਂਡਪੁਰਾ ਨੇ ਕਿਹਾ ਕਿ ਹੁਣ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਲਹਿਰ ਦਿਨ ਪ੍ਰਤੀ ਦਿਨ ਵਧ ਰਹੀ ਹੈ। ਉਹਨਾਂ ਪਿਛਲੇ 70 ਸਾਲਾਂ ਦੇ ਰਿਕਾਰਡ ਦੀ ਗੱਲ ਕਰਦਿਆਂ ਕਿਹਾ ਕਿ ਅਜਿਹਾ ਅੱਜ ਤੱਕ ਪੰਜਾਬ ਦੀ ਸੱਤਾ ਵਿੱਚ ਕਦੀ ਨਹੀਂ ਹੋਇਆ ਕਿ ਮੌਜੂਦਾ ਸਰਕਾਰ ਦੇ ਦੋ ਸਾਲ ਬਚੇ ਹੋਣ ਤੇ ਉਸਦੇ ਬਾਵਜੂਦ ਵੱਡੀ ਗਿਣਤੀ ਵਿੱਚ ਲੋਕ ਸਰਕਾਰ ਨੂੰ ਅਲਵਿਦਾ ਕਹਿ ਕੇ ਦੂਸਰੀ ਪਾਰਟੀ ਵਿੱਚ ਸ਼ਾਮਿਲ ਹੋ ਜਾਣ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਝੂਠ ਦੀ ਸੱਤਾ ਕਰਨ ਵਾਲੇ ਇਹਨਾਂ ਆਗੂਆਂ ਨੂੰ ਸਬਕ ਸਿਖਾਉਣਾ ਚਾਹੁੰਦੇ ਹਨ ਉਹਨਾਂ ਸੁਖਪਾਲ ਸਿੰਘ ਭੁੱਲਰ ਦੀ ਗੱਲ ਕਰਦਿਆਂ ਕਿਹਾ ਕਿ ਸੁਖਪਾਲ ਸਿੰਘ ਭੁੱਲਰ ਜੋ ਕਹਿੰਦੇ ਹਨ ਉਹ ਕਰਦੇ ਹਨ ਇਹੀ ਕਾਰਨ ਹੈ ਕਿ ਅੱਜ ਲੋਕ ਵੱਡੀ ਗਿਣਤੀ ਵਿੱਚ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਉਹਨਾਂ ਕਿਹਾ ਕਿ ਪੁਰਾਣੇ ਟਕਸਾਲੀ ਕਾਂਗਰਸੀ ਪਰਿਵਾਰਾਂ ਨੂੰ ਇਕੱਠੇ ਕੀਤਾ ਜਾ ਰਿਹਾ ਹੈ ਅਤੇ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹਾ ਹੈ ਅਤੇ ਪੰਜਾਬ ਦੀ ਸੱਤਾ ਵਿੱਚ ਕਾਂਗਰਸ ਪਾਰਟੀ ਦੇ ਆਉਣ ਤੋਂ ਬਾਅਦ ਹਰ ਟਕਸਾਲੀ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ । ਇਸ ਮੌਕੇ ਸੁਰਿੰਦਰ ਕੁਮਾਰ ਚੱਡਾ ਨੇ ਉਸਨੂੰ ਭਿੱਖੀਵਿੰਡ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤੇ ਜਾਣ ਤੇ ਕਾਗਰਸ ਪਾਰਟੀ ਦੀ ਹਾਈਕਮਾਂਡ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ ਹਰ ਵਰਕਰ ਨੂੰ ਸਮੇਂ ਸਿਰ ਬਣਦਾ ਮਾਣ ਅਤੇ ਸਤਿਕਾਰ ਮਿਲਿਆ ਹੈ ਇਹੀ ਕਾਰਨ ਹੈ ਲੋਕ ਸੱਤਾ ਦੇ ਕਾਬਜ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਦੁਖੀ ਹੋ ਕੇ ਧੜਾ ਧੜ ਕਾਂਗਰਸ ਪਾਰਟੀ ਦਾ ਪੱਲਾ ਫੜ ਰਹੇ ਹਨ । ਸੁਰਿੰਦਰ ਕੁਮਾਰ ਚੱਡਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਹਥਿਆਉਣ ਵਾਲੀ ਸਰਕਾਰ ਨੂੰ 2027 ਵਿੱਚ ਪੰਜਾਬ ਦੇ ਲੋਕ ਹਰਾ ਕੇ ਸੱਤਾ ਤੋਂ ਉਲਾਂਭੇ ਕਰਨਗੇ । ਕਿਉਂਕਿ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਪੰਜਾਬ ਦੇ ਲੋਕਾਂ ਨੂੰ ਗੈਂਗਸਟਰਵਾਦ ਫਰੌਤੀ ਦੀਆਂ ਧਮਕੀਆਂ ਤੋਂ ਬਿਨ੍ਹਾਂ ਕੁਝ ਹਾਸਲ ਨਹੀਂ ਹੋਇਆ । ਜਿਸ ਕਰਕੇ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 2027 ਵਿੱਚ ਹਰਾ ਕੇ ਕਾਂਗਰਸ ਪਾਰਟੀ ਨੂੰ ਸੱਤਾ ਦੇ ਕਾਬਜ ਕਰੇਗੀ । ਇਸ ਮੌਕੇ ਸੁਰਿੰਦਰ ਸ਼ਰਮਾ ਸਿੰਘਪੁਰੀਆ, ਲੱਕੀ ਮਹਿਤਾ, ਲਾਡੀ ਚੱਡਾ, ਰਤਨ ਲਾਲ ਚੱਡਾ, ਰੋਮੀ ਮਹਿਤਾ, ਕ੍ਰਿਸ਼ਨ ਚੱਡਾ, ਅਮਨ ਸ਼ਰਮਾ ਬਿੱਟੂ ਆਦਿ ਚੱਡਾ ਅਤੇ ਮਹਿਤਾ ਪਰਿਵਾਰ ਹਾਜ਼ਰ ਸਨ।



# ਨਸ਼ਾ ਤਸਕਰਾਂ ਖ਼ਿਲਾਫ਼ ਵੱਖ-ਵੱਖ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਪੁਲਸ ਦੇ ਏ ਐਸ ਆਈ ਜਗਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨਜਦੀਕ ਸੁਭਮ ਇਨਕਲੇਵ ਬਟਾਲਾ ਰੋਡ ਗੁਰਦਾਸਪੁਰ ਤੋਂ ਦੌਰਾਨ ਨਾਕਾਬੰਦੀ ਰਮਨਦੀਪ ਸਿੰਘ ਵਾਸੀ ਮੀਆ ਪਧੇਰ ਥਾਣਾ ਕੱਥੂ ਨੰਗਲ ਜਿਲ੍ਹਾ ਅੰਮ੍ਰਿਤਸਰ ਨੂੰ ਸ਼ੱਕ ਦੇ ਆਧਾਰ 'ਤੇ ਮੋਟਰਸਾਈਕਲ ਸਪਲੈਂਡਰ ਸਮੇਤ ਕਾਬੂ ਕਰਕੇ ਉਸ ਕੋਲੋ ਬ੍ਰਾਮਦ 17 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਹੈ। ਥਾਣਾ ਧਾਰੀਵਾਲ ਦੇ ਏ ਐਸ ਆਈ ਰਣਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਫਲਾਈਓਵਰ ਪੁੱਲ ਹੇਠ ਬਾਈਪਾਸ ਰਣੀਆ ਤੋਂ ਇਕ ਔਰਤ ਵਾਸੀ ਸੋਹਲ ਨੂੰ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਤਾਂ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਬਹਿਰਾਮਪੁਰ ਦੇ ਏ ਐਸ ਆਈ ਤਿਲਕ ਰਾਜ ਨੇ ਸਮੇਤ ਪੁਲਸ ਪਾਰਟੀ ਮੁੱਖਬਰ ਦੀ ਇਤਲਾਹ 'ਤੇ ਨਿਕਾਸ਼ੀ ਪੁੱਲੀ ਸ਼ਾਸੀਆ ਮੁਹੱਲਾ ਬਹਿਰਾਮਪੁਰ ਵਿਖੇ ਰੇਡ ਕਰਕੇ ਰਕੇਸ਼ ਕੁਮਾਰ ਕੇਸ਼ਾ ਨੂੰ ਕਾਬੂ ਕੀਤਾ ਜਿਸ ਪਾਸੋਂ 30,000 ਐਮ ਐਲ ਨਜਾਇਜ ਸ਼ਰਾਬ ਬਰਾਮਦ ਹੋਈ ਹੈ। ਪੁਲਸ ਨੇ ਇਨ੍ਹਾਂ ਸਾਰੇ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਫਸਲੀ ਵਿਭਿੰਨਤਾ ਅਪਨਾਉਣਾ ਲਾਹੇਵੰਦਾ : ਡਾ. ਭੁਪਿੰਦਰ ਸਿੰਘ

**ਪੱਟੀ (ਬਲਦੇਵ ਸਿੰਘ ਸੰਧੂ)**

ਸਿੰਚਾਈ ਸਹੂਲਤਾਂ ਦੇ ਵੱਧ ਜਾਣ ਨਾਲ ਪੰਜਾਬ ਵਿੱਚ ਲਗਭਗ ਸਾਰੀ ਧਰਤੀ ਹੀ ਦੋ ਫਸਲੀ ਭਾਵ ਕਣਕ ਝੋਨੇ ਦੀ ਹੋ ਗਈ ਹੈ।ਜਿਸ ਨਾਲ ਜ਼ਮੀਨ ਵਿੱਚੋਂ ਵੱਧ ਪਾਣੀ ਨਿਕਾਸੀ ਨਾਲ ਪਾਣੀ ਪੱਧਰ ਘੱਟ ਹੋ ਰਿਹਾ ਹੈ, ਉੱਥੇ ਨਾਲ ਦੀ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਣਾਏ ਰੱਖਣ ਲਈ ਰਸਾਇਣਿਕ ਖਾਦਾਂ ਖਾਸ ਤੌਰ 'ਤੇ ਨਾਈਟਰੋਜਨ ਤੱਤ ਵਾਲੀ ਯੂਰੀਆ ਖਾਦ ਤੇ ਵੀ ਨਿਰਭਰਤਾ ਵਧ ਰਹੀ ਹੈ।ਇਸ ਤਰ੍ਹਾਂ ਇਕਹਿਰੇ ਫਸਲੀ ਚੱਕਰ ਨਾਲ ਜੈਵਿਕ ਵੰਨ-ਸੁਵੰਨਤਾ ਦਾ ਘਟਣਾਂ ਵੀ ਭਵਿੱਖ ਲਈ ਵੱਡੀਆਂ ਮੁਸ਼ਕਲਾਂ ਪੈਦਾ ਕਰ ਸਕਦਾ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਭੁਪਿੰਦਰ ਸਿੰਘ ਏ ਓ ਨੇ ਪਿੰਡ ਜੋਤੀ ਸ਼ਾਹ ਅਤੇ ਭੱਗੂਪੁਰ ਹਵੇਲੀਆਂ ਵਿਖੇ ਨਰਿੰਦਰ ਸਿੰਘ ਅਤੇ ਜੈਦੀਪ ਸਿੰਘ ਦੁਆਰਾ ਬਿਜਾਈ ਕੀਤੀਆਂ ਵੱਖ-ਵੱਖ ਫਸਲਾਂ ਦੇ ਨਿਰੀਖਣ ਮੌਕੇ ਕੀਤਾ।ਇਸ ਮੌਕੇ 50 ਏਕੜ ਵਿੱਚ ਆਲੂ, ਮੱਕੀ, ਮਟਰ ਦੀ ਕਾਸ਼ਤ ਕਰ ਰਹੇ ਨਰਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਪਿਛਲੇ ਸਾਲ ਰਾਜਮਾਂਹ ਦੀ ਕਾਸ਼ਤ ਕੀਤੀ ਸੀ, ਮੌਸਮ ਖਰਾਬੀ ਦੇ ਬਾਵਜੂਦ ਵਧੀਆ ਨਤੀਜਾ ਮਿਲਿਆ। ਇਸ ਲਈ ਇਸ ਵਾਰ ਫਿਰ 10 ਏਕੜ ਵਿੱਚ ਬਿਜਾਈ ਕੀਤੀ ਹੈ।ਇਸ ਮੌਕੇ 17 ਏਕੜ ਵਿੱਚ ਖੇਤੀ ਕਰ ਰਹੇ ਜੈਦੀਪ ਸਿੰਘ ਨੇ ਦੱਸਿਆ ਕਿ ਉਸ ਨੇ ਸੱਤ ਏਕੜ ਵਿੱਚ ਚੁਕੰਦਰ, ਪੰਜ ਏਕੜ ਵਿੱਚ ਕਣਕ ਅਤੇ ਸਾਢੇ ਤਿੰਨ ਏਕੜ ਵਿੱਚ ਮਟਰਾਂ ਤੋਂ ਬਾਅਦ ਸੱਠੇ ਮਾਂਹ ਦੀ ਕਾਸ਼ਤ ਕੀਤੀ ਹੈ।ਇਸ ਮੌਕੇ ਸੂਝਵਾਨ ਕਿਸਾਨ ਸੁਰਜੀਤ ਸਿੰਘ ਚੀਮਾ ਮੈਂਬਰ ਪੰਚਾਇਤ ਸੁੱਖਾ ਸਿੰਘ, ਹਰਜਿੰਦਰ ਸਿੰਘ ਮੱਲ੍ਹੀ, ਫੀਲਡ ਵਰਕਰ ਗੁਰਲਾਲ ਸਿੰਘ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਿਸਾਨਾਂ ਨੂੰ 11 ਅਪ੍ਰੈਲ ਨੂੰ ਭੱਠਲ ਫਾਰਮ, ਨੁਸ਼ਹਿਰਾ ਪਨੂੰਆਂ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਵਿੱਚ ਪਹੁੰਚਣ ਸਬੰਧੀ ਜਾਣਕਾਰੀ ਵੀ ਦਿੱਤੀ ਗਈ।



# ਖਾਮੋਸ਼ੀ ਮਹਿੰਗੀ ਪੈਣੀ

*ਹਰ ਵਿਅਕਤੀ ਆਪਣੇ ਬੱਚਿਆਂ ਦੇ ਰੌਸ਼ਨ ਭਵਿੱਖ ਲਈ ਬਿਹਤਰ ਵਿਦਿਅਕ ਅਦਾਰਿਆਂ ਦੀ ਖੋਜ ਕਰਦਾ ਹੈ ਤੇ ਉੱਥੇ ਉਨ੍ਹਾਂ ਨੂੰ ਪੜ੍ਹਾਉਣਾ ਚਾਹੁੰਦਾ ਹੈ, ਪਰ ਕੀ ਲੋਕ ਇਨ੍ਹਾਂ ਉੱਚ ਵਿਦਿਅਕ ਅਦਾਰਿਆਂ ਵਿੱਚ ਹੋ ਰਹੀਆਂ ਤਬਦੀਲੀਆਂ ਜਾਂ ਉਨ੍ਹਾਂ ਦੇ ਲੁਕੇ ਏਜੰਡਿਆਂ ਪ੍ਰਤੀ ਸੁਚੇਤ ਰਹਿੰਦੇ ਹਨ ਜਾਂ ਫਿਰ ਸਿਰਫ ਇੱਕ ਚੰਗੇ ਅਦਾਰੇ ਵਿੱਚ ਬੱਚੇ ਦਾ ਦਾਖਲਾ ਹੋਣ ਦੇ ਬਾਅਦ ਬੇਫਿਕਰ ਹੋ ਜਾਂਦੇ ਹਨ? ਸਰਕਾਰੀ ਤੇ ਨਿੱਜੀ, ਦੋਹਾਂ ਤਰ੍ਹਾਂ ਦੇ ਅਦਾਰਿਆਂ ਵਿੱਚ ਨਾ ਸਿਰਫ ਅਧਿਆਪਕਾਂ ਤੇ ਸਿਲੇਬਸਾਂ ਵਿੱਚ, ਸਗੋਂ ਉੱਥੇ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਬਹੁਤ ਬਦਲਾਅ ਕੀਤੇ ਜਾ ਰਹੇ ਹਨ। ਅਧਿਆਪਕਾਂ ਨੂੰ ਅਦਾਰਿਆਂ ਵਿੱਚੋਂ ਕੱਢਿਆ ਜਾ ਰਿਹਾ ਹੈ ਤੇ ਅਸਤੀਫੇ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ। ਕੀ ਇਸ ਨੂੰ ਲੈ ਕੇ ਵਿਦਿਆਰਥੀ, ਉਨ੍ਹਾਂ ਦੇ ਮਾਪੇ ਤੇ ਸਮਾਜ ਗੰਭੀਰ ਹੈ? ਕੀ ਇਹ ਮੁੱਦਾ ਆਮ ਲੋਕਾਂ ਲਈ ਅਹਿਮੀਅਤ ਰੱਖਦਾ ਹੈ?*

*ਅਸ਼ੋਕਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਪ੍ਰਤਾਪ ਭਾਨੂੰ ਮਹਿਤਾ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ, ਕਿਉਂਕਿ ਉਨ੍ਹਾ ਅਖਬਾਰਾਂ ਵਿੱਚ ਅਜਿਹੇ ਅਲੋਚਨਾਤਮਕ ਲੇਖ ਲਿਖੇ, ਜਿਹੜੇ ਹਾਕਮਾਂ ਨੂੰ ਰਾਸ ਨਹੀਂ ਆਏ। ਇਸੇ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸਬਿਆਸਾਚੀ ਦਾਸ ਨੇ ਖੋਜ ਪੱਤਰ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਵਿੱਚ ਜਮਹੂਰੀ ਪਤਨ' ਵਿੱਚ ਇਹ ਸਿੱਧ ਕੀਤਾ ਸੀ ਕਿ ਹੁਕਮਰਾਨ ਪਾਰਟੀ ਨੇ ਚੋਣਾਂ ਵਿੱਚ ਕਿੱਥੇ-ਕਿੱਥੇ ਧੋਖਾਦੇਹੀ ਕੀਤੀ। ਹਾਕਮਾਂ ਨੂੰ ਇਹ ਨਾਗਵਾਰ ਗੁਜ਼ਰਿਆ ਤੇ ਅਸਤੀਫੇ ਲਈ ਦਬਾਅ ਬਣਾਇਆ ਗਿਆ। ਯੂਨੀਵਰਸਿਟੀ ਦੇ ਪ੍ਰਬੰਧਕ ਵੀ ਲਿਫ ਗਏ। ਇਹ ਸਿਰਫ ਇੱਕ ਅਦਾਰੇ ਦੀ ਗੱਲ ਨਹੀਂ। ਅਧਿਆਪਕਾਂ 'ਤੇ ਹਮਲੇ, ਮਾਨਸਕ ਤੌਰ 'ਤੇ ਪ੍ਰੇਸ਼ਾਨ ਕਰਨ ਲਈ ਮਾਮੂਲੀ ਮੁੱਦਿਆਂ 'ਤੇ ਜਾਂਚ ਬਿਠਾਉਣਾ, ਉਨ੍ਹਾਂ ਦੀ ਗ੍ਰਿਫਤਾਰੀ, ਅਸਤੀਫਾ ਦੇਣ ਲਈ ਮਜਬੂਰ ਕਰਨਾ ਜਾਂ ਕਿਸੇ ਖਾਸ ਵਿਚਾਰਧਾਰਾ ਵਾਲੀ ਵਿਦਿਆਰਥੀ ਜਥੇਬੰਦੀ ਦੇ ਦਬਾਅ ਵਿੱਚ ਆ ਕੇ ਕੱਢ ਦੇਣਾ ਆਮ ਹੋ ਗਿਆ ਹੈ।*

*ਹਾਲ ਹੀ ਵਿੱਚ ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਮੁਖੀ ਸੀਨੀਆਰਤਾ ਦੇ ਹਿਸਾਬ ਨਾਲ ਪ੍ਰੋਫੈਸਰ ਅਪੂਰਵਾਨੰਦ ਨੇ ਬਣਨਾ ਸੀ, ਪਰ ਲੋਕਾਂ ਦੇ ਮੁੱਦਿਆਂ ਨੂੰ ਉਠਾਉਣ ਵਾਲੇ ਬੁੱਧੀਜੀਵੀ ਅਪੂਰਵਾਨੰਦ ਦੀ ਥਾਂ ਕਿਸੇ ਹੋਰ ਨੂੰ ਬਣਾ ਦਿੱਤਾ ਗਿਆ। ਪ੍ਰੋਫੈਸਰ ਅਪੂਰਵਾਨੰਦ ਆਮ ਲੋਕਾਂ ਤੇ ਘੱਟ ਗਿਣਤੀਆਂ ਦੇ ਸੰਵਿਧਾਨਕ ਹੱਕਾਂ ਦੇ ਸੰਘਰਸ਼ ਵਿੱਚ ਨਾਲ ਖੜ੍ਹਦੇ ਹਨ ਤੇ ਵਿਦਿਅਕ ਅਦਾਰਿਆਂ ਦੀ ਖ਼ੁਦਮੁਖਤਾਰੀ ਲਈ ਸੰਘਰਸ਼ ਕਰਦੇ ਹਨ। ਅੱਜ ਦੇ ਦੌਰ ਵਿੱਚ ਸਵਾਲ ਉਠਾਉਣਾ ਤੇ ਕਮਜ਼ੋਰਾਂ ਦਾ ਸਾਥ ਦੇਣਾ ਹਾਕਮਾਂ ਨੂੰ ਰਾਸ ਨਹੀਂ ਆਉਂਦਾ।*

*ਅਕਾਦਮਿਕ ਜਗਤ ਦੇ ਬੁੱਧੀਜੀਵੀਆਂ ਨੂੰ ਇਹ ਆਜ਼ਾਦੀ ਮਿਲਣੀ ਚਾਹੀਦੀ ਹੈ ਕਿ ਉਹ ਬਿਨਾਂ ਕਿਸੇ ਭੈਅ ਦੇ ਆਪਣਾ ਪੱਖ ਰੱਖ ਸਕਣ, ਜਿਹੜਾ ਸਮਾਜ ਦੇ ਵਿਕਾਸ ਤੇ ਉਥਾਨ ਲਈ ਜ਼ਰੂਰੀ ਹੈ, ਪਰ ਅਲੋਚਨਾ ਤੇ ਅਸਹਿਮਤੀ ਦੀ ਜਿਹੜੀ ਗੱਲ ਪਹਿਲਾਂ ਸੀ, ਉਹ ਲਗਾਤਾਰ ਖਤਮ ਕੀਤੀ ਜਾ ਰਹੀ ਹੈ। ਫਰਾਂਸ ਦੇ ਮਸ਼ਹੂਰ ਬੁੱਧੀਜੀਵੀ ਜਿਆਂ-ਪਾਲ ਸਾਰਤਰੇ ਨੇ ਅਲਜੀਰੀਆ ਦੀ ਆਜ਼ਾਦੀ ਦੀ ਹਮਾਇਤ ਕੀਤੀ ਸੀ ਤੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਦਹਿਸ਼ਤਗਰਦੀ ਗਰੀਬਾਂ ਤੇ ਸ਼ੋਸ਼ਤਾਂ ਦਾ ਪ੍ਰਮਾਣੂ ਬੰਬ ਹੈ। ਉਨ੍ਹਾਂ ਦੇ ਇਸ ਬਿਆਨ 'ਤੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਉੱਠੀ। ਉਸ ਸਮੇਂ ਫਰਾਂਸ ਵਿੱਚ ਡੀ ਗਾਲ ਦੀ ਸਰਕਾਰ ਸੀ, ਜਿਸ ਨੇ ਇਸ ਮੰਗ ਨੂੰ ਖਾਰਜ ਕਰਦਿਆਂ ਕਿਹਾ ਕਿ ਸਾਰਤਰੇ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਫਰਾਂਸ ਦੀ ਚੇਤਨਾ ਹਨ। ਹਰ ਦੇਸ਼ ਦੀ ਚੇਤਨਾ ਉਸ ਦੇ ਬੁੱਧੀਜੀਵੀਆਂ, ਅਧਿਆਪਕਾਂ, ਸਿੱਖਿਆ ਪ੍ਰਣਾਲੀ ਤੇ ਵਿਦਿਆਰਥੀਆਂ ਤੋਂ ਨਿਰਧਾਰਤ ਹੁੰਦੀ ਹੈ। ਸਿੱਖਿਆ ਤੇ ਅਧਿਆਪਕਾਂ ਦੀ ਸਾਰਥਿਕਤਾ ਅਜਿਹੇ ਵਿਦਿਆਰਥੀਆਂ ਦੇ ਨਿਰਮਾਣ ਵਿੱਚ ਹੈ, ਜਿਹੜੇ ਤੱਥਾਂ ਨੂੰ ਬਿਨਾਂ ਜਾਂਚੇ-ਸਮਝੇ ਸਵੀਕਾਰ ਨਾ ਕਰਨ ਤੇ ਸਵਾਲ ਕਰਨ। ਸਵਾਲਾਂ ਦੇ ਮਾਧਿਅਮ ਨਾਲ ਹੀ ਸੱਚ ਦੇ ਕਰੀਬ ਪੁੱਜਿਆ ਜਾ ਸਕਦਾ ਹੈ। ਇਸ ਲਈ ਅਧਿਆਪਕਾਂ ਵੱਲੋਂ ਸਵਾਲ ਪੁੱਛਣ ਦੀ ਸੰਸਕ੍ਰਿਤੀ ਨੂੰ ਵਿਕਸਤ ਕੀਤਾ ਜਾਣਾ ਚਾਹੀਦਾ ਹੈ, ਪਰ ਅੱਜ ਜਿਹੜੇ ਅਧਿਆਪਕ ਸਵਾਲ ਪੁੱਛਣ ਲਈ ਪ੍ਰੇਰਤ ਕਰਦੇ ਹਨ, ਉਨ੍ਹਾਂ ਨੂੰ ਹੀ ਨਿਸ਼ਾਨਾ ਬਣਾ ਕੇ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ। ਸਮਾਜ, ਸਿੱਖਿਆ ਵਿਵਸਥਾ, ਅਧਿਆਪਕ ਤੇ ਵਿਦਿਆਰਥੀ ਇੱਕ-ਦੂਜੇ ਨਾਲ ਪ੍ਰਸਪਰ ਜੁੜੇ ਹੋਏ ਹਨ। ਇਸ ਲਈ ਅਧਿਆਪਕਾਂ ਨਾਲ ਹੋ ਰਹੀ ਬੇਇਨਸਾਫੀ ਤੇ ਵਿਦਿਅਕ ਅਦਾਰਿਆਂ ਵਿੱਚ ਹੋ ਰਹੀਆਂ ਤਬਦੀਲੀਆਂ ਪ੍ਰਤੀ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਦਖਲ ਦੇਵੇ, ਕਿਉਂਕਿ ਵਿਦਿਅਕ ਅਦਾਰਿਆਂ ਤੋਂ ਹੀ ਜ਼ਿੰਮੇਵਾਰ ਤੇ ਵਿਗਿਆਨਕ ਚੇਤਨਾ ਨਾਲ ਲੈਸ ਵਿਦਿਆਰਥੀ/ ਵਿਦਿਆਰਥਣਾਂ ਨਿਕਲਦੇ ਹਨ। ਬਿਹਤਰ ਸਮਾਜ ਦੇ ਨਿਰਮਾਣ ਲਈ ਸੁਚੇਤ ਤੇ ਜਾਗਰੂਕ ਨਾਗਰਿਕਾਂ ਦੀ ਲੋੜ ਹੁੰਦੀ ਹੈ, ਤਾਂ ਕਿ ਸਮਾਜ ਸੁਚਾਰੂ ਰੂਪ ਨਾਲ ਸੰਚਾਲਤ ਹੋ ਸਕੇ। ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਵਰਤਮਾਨ ਸਮਾਜ ਦੀ ਖਾਮੋਸ਼ੀ ਦੇ ਨਤੀਜੇ ਭਾਵੀ ਪੀੜ੍ਹੀਆਂ ਨੂੰ ਭੁਗਤਣੇ ਪੈਣਗੇ।*

## ਪਾਠਕ-ਸੱਥ

### ਹਵਾ ਪ੍ਰਦੂਸ਼ਣ ਦੀ ਸਮੱਸਿਆ

ਬੀਤੇ ਦਿਨ ਸਵਿਸ ਸੰਗਠਨ ਆਈ.ਏ.ਕਿਊ ਏਅਰ ਵੱਲੋਂ ਹਵਾ ਦੀ ਗੁਣਵੱਤਾ ਸੰਬੰਧੀ ਪੇਸ਼ ਕੀਤੀ ਗਈ ਤਾਜ਼ਾ ਰਿਪੋਰਟ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਬਣਾਈਆਂ ਗਈਆਂ ਕਾਗਜ਼ੀ ਯੋਜਨਾਵਾਂ ਦੀ ਪੋਲ ਖੋਲ੍ਹਦੀ ਹੈ। ਸੰਸਾਰ ਦੇ ਸਭ ਤੋਂ ਵੱਧ 20 ਪ੍ਰਦੂਸ਼ਿਤ ਸ਼ਹਿਰਾਂ ਦਾ ਭਾਰਤ ਵਿੱਚ ਹੋਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਸਮੇਂ-ਸਮੇਂ 'ਤੇ ਵਾਤਾਵਰਨ ਨੂੰ ਬਚਾਉਣ ਲਈ ਕੀਤੇ ਗਏ ਉਪਰਾਲੇ ਕਾਰਗਰ ਸਾਬਤ ਹੋਣ ਵਿੱਚ ਨਾਕਾਮ ਰਹੇ ਹਨ।ਦਿੱਲੀ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਵਜੋਂ ਦਰਜ ਹੋਣਾ ਦਿੱਲੀ ਨੂੰ ਫਰਾਂਸ ਬਣਾ ਰਹੇ ਹਾਕਮਾਂ ਦੀਆਂ ਨੀਤੀਆਂ ਨੂੰ ਉਜਾਗਰ ਕਰਦੀ ਹੈ । ਦਿਨੋਂ-ਦਿਨ ਪ੍ਰਦੂਸ਼ਿਤ ਹੋ ਰਹੀ ਹਵਾ ਨੇ ਜਨ ਜੀਵਨ ਨੂੰ ਪ੍ਰਭਾਵਿਤ ਕਰਦੇ ਹੋਏ ਵਾਤਾਵਰਨ ਵਿੱਚ ਵਿਗਾੜ ਪੈਦਾ ਕਰਕੇ ਮਨੁੱਖ ਨੂੰ ਸਿਹਤਮੰਦ ਜੀਵਨਸ਼ੈਲੀ ਤੋਂ ਦੂਰ ਧੱਕ ਕੇ ਬਿਮਾਰੀਆਂ ਦੇ ਹਵਾਲੇ ਕਰ ਦਿੱਤਾ ਹੈ। ਅਖ਼ੌਤੀ ਵਿਕਾਸ ਲਈ ਕੀਤੀ ਜਾ ਰਹੀ ਦਰੱਖਤਾਂ ਦੀ ਕਟਾਈ ਹਵਾ ਪ੍ਰਦੂਸ਼ਣ ਵਿੱਚ ਵਾਧੇ ਦਾ ਮੁੱਖ ਕਾਰਨ ਹੈ । ਜੇਕਰ ਵੱਧ ਤੋਂ ਵੱਧ ਦਰੱਖ਼ਤ ਲਗਾਏ ਜਾਣ ਤਾਂ ਇਹ ਦੂਸ਼ਿਤ ਹਵਾ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੇ ਹਨ ਪ੍ਰੰਤੂ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਸ਼ੁਰੂਆਤ ਕੌਣ ਕਰੇ।ਜੋ ਵਾਤਾਵਰਨ ਨੂੰ ਬਚਾਉਣ ਲਈ ਕਦਮ ਚੁੱਕਦੇ ਹਨ ਉਹਨਾਂ ਦੀ ਕੋਈ ਸੁਣਨ ਲਈ ਤਿਆਰ ਨਹੀਂ। ਵਾਤਾਵਰਨ ਕਾਰਕੁੰਨ ਵਾਂਗ ਚੁੱਕ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਚਿੰਤਾ ਜ਼ਾਹਿਰ ਕੀਤੀ ਸੀ ਕਿ ਜੇਕਰ ਨਦੀਆਂ ਦੇ ਪਾਣੀ ਨੂੰ ਨਾ ਸੰਭਾਲਿਆ ਗਿਆ, ਵਾਤਾਵਰਨ ਦੀ ਸੁਰੱਖਿਆ ਲਈ ਕਦਮ ਨਾ ਚੁੱਕੇ ਗਏ ਤਾਂ ਅਗਲਾ ਮਹਾਂਕੁੰਭ ਇੱਕ ਸੌ ਚੁਤਾਲੀ ਸਾਲ ਬਾਅਦ ਰੇਤ 'ਤੇ ਹੋਵੇਗਾ। ਵਾਤਾਵਰਨ ਕਾਰਕੁੰਨ ਅਜਿਹੇ ਹੰਭਲੇ ਸਮੇਂ-ਸਮੇਂ 'ਤੇ ਮਾਰਦੇ ਰਹਿੰਦੇ ਹਨ, ਪਰੰਤੂ ਸਰਕਾਰ ਦੁਆਰਾ ਉਹਨਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਉਹਨਾਂ ਨੂੰ ਹੱਲਾਸ਼ੇਰੀ ਦੇਣ ਲਈ ਕੋਈ ਉਪਰਾਲੇ ਨਹੀਂ ਕੀਤੇ ਜਾਂਦੇ। ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਰਗੇ ਖੇਤਰਾਂ ਵਿੱਚ ਪਹਾੜਾਂ ਨੂੰ ਚੀਰ ਕੇ ਬਣਾਏ ਜਾ ਰਹੇ ਰਸਤੇ ਭਵਿੱਖ ਵਿੱਚ ਤਬਾਹੀ ਦਾ ਮੰਜ਼ਰ ਸਾਬਿਤ ਹੋਣਗੇ। ਵਾਤਾਵਰਨ ਨੂੰ ਬਚਾਉਣ ਦਾ ਮੁੱਦਾ ਗੰਭੀਰ ਅਤੇ ਅਜੋਕੀ ਸਮੇਂ ਦੀ ਮੁੱਖ ਸਮੱਸਿਆ ਹੈ ।ਧਰਤੀ 'ਤੇ ਜੀਵਨ ਨੂੰ ਜਾਰੀ ਰੱਖਣ ਲਈ ਸਾਫ਼ ਪੌਣ-ਪਾਣੀ ਦਾ ਹੋਣਾ ਮੁੱਖ ਲੋੜ ਹੈ। ਮਨੁੱਖੀ ਸੁਭਾਅ ਦੀ ਇਹ ਖਾਸੀਅਤ ਹੀ ਹੈ ਕਿ ਜਦੋਂ ਅਧਿਕਾਰਾਂ ਦੀ ਗੱਲ਼ ਆਉਂਦੀ ਹੈ ਤਾਂ ਉਹ ਸੜਕਾਂ ਜਾਮ ਕਰ ਦਿੰਦਾ ਹੈ ਅਤੇ ਜਦੋਂ ਫਰਜ਼ਾਂ ਦੀ ਗੱਲ ਚਲਦੀ ਹੈ ਤਾਂ ਉਹ ਮੁੱਖ ਮੋੜ ਲੈਂਦਾ ਹੈ। ਵਾਤਾਵਰਨ ਵਿੱਚ ਅਸੀਂ ਸਾਰੇ ਰਹਿੰਦੇ ਹਾਂ।ਇਹ ਸਾਡੀ ਸਾਰਿਆਂ ਦੀ ਮਾਂ ਹੈ।ਵਾਤਾਵਰਨ ਨੂੰ ਬਚਾਉਣਾ ਸਾਡੀ ਜ਼ਿੰਮੇਵਾਰੀ ਹੀ ਨਹੀਂ, ਸਗੋਂ ਨੈਤਿਕ ਕਰਤੱਵ ਵੀ ਹੈ।

**-ਰਜਵਿੰਦਰ ਪਾਲ ਸ਼ਰਮਾ,70873-67969**

# 'ਰਾਜ ਧਰਮ ਨਿਭਾਓ' ਕਹਿਣ ਵਾਲਾ ਹੁਣ ਕੋਈ ਨੇਤਾ ਨਹੀਂ



ਵਰਗਿਸ ਸਲਾਮਤ

ਲੋਕ ਸਭਾ ਵਿਚ ਵਕਫ ਬੋਰਡ ਦੇ ਇਸ ਬਿੱਲ ਦੀ ਅਸਾਵੀਂ ਸੋਧ ਵਾਲਾ ਕਾਨੂੰਨ ਪਾਸ ਹੋਣ ਨਾਲ ਇਕ ਵਾਰੀ ਫਿਰ ਲੋਕਤੰਤਰ 'ਚ ਬਹੁਮਤਵਾਦ ਵਾਲਾ ਧਰਮਤੰਤਰ, ਰਾਜਨੀਤੀ ਸੱਤਾ 'ਚ ਹਰ ਵੇਲੇ ਬਣੇ ਰਹਿਣ ਲਈ ਮੌਕਾਪ੍ਰਸਤੀ ਦੀ ਰਾਜਨੀਤੀ ਅਤੇ ਭਾਰਤੀ ਜਨਤਾ ਪਾਰਟੀ ਦੇ ਹਿੰਦੂਤਵੀ ਚੇਹਰੇ ਅਤੇ ਤੇਵਰਾਂ ਨੇ ਜਿੱਥੇ ਮਜ਼ਬੂਤ ਲੋਕਤੰਤਰ ਵਾਲੇ ਸੰਵਧਾਨ ਦੀ ਛਵੀ ਲਬੇੜੀ ਅਤੇ ਵਿਗਾੜੀ ਹੈ, ਉੱਥੇ ਅੰਤਰਰਾਸ਼ਟਰੀ ਕੈਨਵਸ 'ਤੇ ਦੇਸ਼ ਨੂੰ ਫਿਰਕਾਪ੍ਰਸਤੀ ਦਾ ਧੱਬਾ ਲਾਇਆ ਹੈ। ਪਹਿਲਾਂ ਸੀ ਏ ਏ ਕਾਨੂੰਨ ਨਾਲ, ਫਿਰ ਜੰਮੂ-ਕਸ਼ਮੀਰ 'ਚ 370 ਧਾਰਾ ਖਤਮ ਕਰਨਾ ਨਾਲ, ਕਿਸਾਨਾਂ ਦੇ ਵਿਰੋਧ 'ਚ ਤਿੰਨ ਕਾਲੇ ਕਾਨੂੰਨ ਲਿਆਉਣ ਨਾਲ, ਮਨੀਪੁਰ ਦੇ ਕਤਲੇਆਮ 'ਤੇ ਪ੍ਰਧਾਨ ਮੰਤਰੀ ਦੀ ਚੁੱਪੀ ਧਾਰਨਾ ਨਾਲ ਅਤੇ ਉੱਥੇ ਰਾਸ਼ਟਰਪਤੀ ਰਾਜ ਦੀ ਮਿਆਦ ਵਧਾਉਣ ਨਾਲ, ਭਾਵੀ ਪ੍ਰਧਾਨ ਮੰਤਰੀ ਬਣਨ ਦੀ ਦੌੜ 'ਚ ਉੱਤਰ-ਪ੍ਰਦੇਸ਼ 'ਚ ਸੰਬਲ ਫਿਰਕੂ ਦੰਗਾ ਭੜਕਾਉਣ ਨਾਲ ਅਤੇ ਮਹਾਰਾਸ਼ਟਰ ਵਿਚ ਹੋਏ ਫਿਰਕੂ ਦੰਗੇ ਆਦਿ ਨਾਲ ਦੇਸ਼ ਨੂੰ ਇਕ ਵਾਰੀ ਫਿਰ ਗੁਜਰਾਤ ਵਰਗੇ ਹਾਲਾਤ ਦੁਹਰਾਉਣ ਵੱਲ ਨੂੰ ਧਕੇਲਿਆ ਜਾ ਰਿਹਾ ਹੈ। ਬੁਰੀ ਤਰਾਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਸਹਿਯੋਗੀ ਸਰਕਾਰੀ ਤੰਤਰ ਅਤੇ ਉਸ ਦੀਆਂ ਏਜੰਸੀਆਂ ਨੂੰ ਦੁਰਉਪਯੋਗ ਕਰਕੇ ਹਰ ਹੀਲੇ ਸੱਤਾ 'ਤੇ ਕਾਬਜ ਰਹਿਣਾ ਚਾਹੰਦੇ ਹਨ। ਉਹ ਵੀ ਸਿਰਫ ਤੇ ਸਿਰਫ ਇਕ ਫਿਰਕੇ ਨੂੰ ਖੁਸ਼ ਕਰਨ ਲਈ।

ਸੱਚੀ-ਮੁੱਚੀਂ ਭਾਰਤ ਇਸ ਸਮੇਂ ਬੁਰੀ ਤਰਾਂ ਡਿਸਟਰਬ ਦੇਸ਼ਾਂ ਦੀ ਲੜੀ 'ਚ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਅਮਰੀਕਾ ਨੇ ਆਪਣੇ ਕਹੇ ਅਨੁਸਾਰ ਭਾਰਤ ਨੂੰ 26 ਫੀਸਦੀ ਟੈਰਿਫ ਥੋਪ ਦਿੱਤਾ ਹੈ। ਸਾਹਿਬ ਚੁੱਪ ਹਨ। ਪਿਛਲੇ ਕਝ ਮਹੀਨਿਆਂ 'ਚ ਜਿਸ ਤਰਾਂ ਕਿਸ ਤਰਾਂ ਤਿੰਨ ਰਾਜਾਂ 'ਚ ਭਾਜਪਾ ਸਰਕਾਰਾਂ ਬਣਨ ਨਾਲ ਇਕ ਵਾਰੀ ਫਿਰ 2014 ਅਤੇ 2019 ਦੀ ਕੇਂਦਰ ਸਰਕਾਰ ਦੇ ਹਿਟਲਰੀ ਤੇਵਰਾਂ ਵਾਂਗ ਹੀ ਘੱਟ-ਗਿਣਤੀਆਂ ਅਤੇ ਦਲਿਤਾਂ ਨੂੰ ਡਰਾਉਣ, ਦਬਕਾਉਣ ਅਤੇ ਭਜਾਉਣ ਦੀਆਂ ਕੌਝੀਆਂ ਕੁਚਾਲਾਂ ਚਲਾਈਆਂ ਜਾ ਰਹੀਆਂ ਹਨ। ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਭਟਕਾ ਕੇ ਉਕਸਾਊ ਨੀਤੀ ਤਹਿਤ ਉਤਰ ਪ੍ਰਦੇਸ਼ 'ਚ ਮਸਜਿਦਾਂ ਖੋਦ ਕੇ, ਜਗ੍ਹਾਵਾਂ, ਸ਼ਹਿਰਾਂ ਦੇ ਨਾਂਅ ਬਦਲ ਕੇ, ਖੋਦੋ ਇੰਡੀਆ ਕਰ ਕੇ, ਕਥਿਤ ਬਾਬਾ ਬਲਡੋਜ਼ਰ ਚਲਵਾ ਕੇ ਅਤੇ ਕਥਿਤ ਬਾਬਾ ਬਗੇਸ਼ਵਰ ਦੇ ਹਿੰਦੂ ਪਿੰਡ ਵਸਾਉਣ ਅਤੇ ਵਡਿਆਉਣ ਦੀਆਂ ਅਸੰਵਿਧਾਨਿਕ ਯੋਜਨਾਵਾਂ ਕਿਵੇਂ ਦੇਸ਼ ਦੀ ਤਰੱਕੀ ਕਰ ਸਕਦੀਆਂ ਹਨ। ਅਜਿਹੀਆਂ ਹਰਕਤਾਂ ਤੋਂ ਖੁਸ਼ ਹੋਣ ਵਾਲੇ ਅਤੇ ਅਜਿਹੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਕਿਸੇ ਭਰਮ ਵਿਚ ਹਨ ਕਿ ਉਹ ਦੇਸ਼ ਦਾ ਵਿਕਾਸ ਕਰ ਰਹੇ ਹਨ। ਪ੍ਰਧਾਨ ਮੰਤਰੀ ਸਾਹਿਬ ਦੀ ਹਰ ਅਜਿਹੇ ਸਮਾਜ ਪਾੜੂ ਦਲੀਲਾਂ, ਤਹਿਰੀਰਾਂ ਅਤੇ ਤਰਕੀਬਾਂ 'ਤੇ ਚੁੱਪੀ ਵੱਟ ਜਾਣਾ ਕਈ ਪ੍ਰਸ਼ਨ ਚਿੰਨ੍ਹ ਖੜੇ ਕਰਦਾ ਹੈ ਅਤੇ ਯਾਦ ਆ ਜਾਂਦੀ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਜੀ ਦੀ।

ਅਟਲ ਬਿਹਾਰੀ ਵਾਜਪਾਈ ਜੀ ਸੱਚ-ਮੁੱਚ ਦੂਰਦਰਸ਼ੀ, ਅਨੁਭਵੀ ਅਤੇ ਵਿਦਵਾਨ ਇਨਸਾਨ ਸਨ। ਉਹਨਾ ਵਰਗੀ ਉਤਸ਼ਾਹ ਭਰਨ ਵਾਲੀ ਕਾਵਿ ਸ਼ੈਲੀ ਅਤੇ ਭਾਸ਼ਣ ਪੇਸ਼ਕਾਰੀ ਸ਼ਾਇਦ ਟਾਂਵੇਂ-ਟਾਂਵੇਂ ਲੋਕਾਂ ਕੋਲ ਹੁੰਦੀ ਹੈ। ਉਹਨਾਂ ਦੇ ਬੇਬਾਕ ਭਾਸ਼ਣਾਂ ਵਿਚ ਫਾਇਲ ਰਿਕਾਰਡ ਹੈ ਕਿ 2002 ਦੇ ਗੁਜਰਾਤ ਦੰਗਿਆਂ ਦੇ ਬਾਅਦ ਗੁਜਰਾਤ ਜਾ ਕੇ ਦੇਸ਼ ਵਿਚ ਸ਼ਾਂਤੀ ਵਿਵਸਥਾ ਬਣਾਈ ਰੱਖਣ ਅਤੇ ਸਮਾਜ ਵਿਚ ਟੁੱਟ ਚੁੱਕੀ ਭਾਈਚਾਰਕ ਸਾਂਝ ਬਹਾਲ ਕਰਨ ਦੀ ਅਪੀਲ ਕਰਦਿਆਂ ਉਸ ਵੇਲੇ ਦੀ ਗੁਜਰਾਤ ਸਰਕਾਰ ਅਤੇ ਉਸ ਵੇਲੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਮੰਚ ਤੋਂ ਰਾਜ-ਧਰਮ ਨਿਭਾਉਣ ਦੀ ਕੰਨ ਖਿੱਚਣੀ ਤਾੜਨਾ ਅਤੇ ਸਲਾਹ ਦਿੱਤੀ ਸੀ ਅਤੇ ਅਜਿਹੇ ਕਾਰੇ, ਜੋ ਸਮਾਜ ਨੂੰ ਲੜਾਉਂਦੇ ਅਤੇ ਸਮਾਜ ਨੂੰ ਤੋੜਦੇ ਹਨ, ਨੂੰ ਕਰਨ ਤੋਂ ਵਰਜਿਆ ਸੀ। ਜ਼ਾਹਿਰ ਹੈ ਵਾਜਪਾਈ ਜੀ ਦੇ ਰਾਜ ਧਰਮ ਨਿਭਾਉਣ ਦਾ ਅਰਥ ਹੈ ਕਿ ਲੋਕਤੰਤਰ ਵਿਚ ਲੋਕਾਂ ਨੇ ਵੋਟਾਂ ਪਾ ਕੇ ਜੋ ਲੋਕ ਸ਼ਕਤੀ ਸੱਤਾ ਦੇ ਰੂਪ ਵਿਚ ਹਾਕਮ 'ਤੇ ਭਰੋਸਾ ਕਰਕੇ ਉਸ ਨੂੰ ਸੱਤਾ ਸੌਂਪੀ ਹੁੰਦੀ ਹੈ, ਉਸ ਨੂੰ ਲੋਕਾਂ ਦੇ ਹਿੱਤਾ ਲਈ ਸਰਬ-ਸਾਂਝੇ ਅਤੇ ਬਿਨਾਂ ਭੇਦ-ਭਾਵ ਸ਼ਾਂਤੀ ਵਿਵਸਥਾ ਬਣਾਈ ਰੱਖਣਾ ਹੁੰਦਾ ਹੈ।

ਸਮੇ ਦੀਆਂ ਸਾਰੀਆਂ ਸਰਕਾਰਾਂ ਭਾਵੇਂ ਉਹ ਭਾਜਪਾ ਸਰਕਾਰ ਹੋਵੇ ਜਾਂ ਗੈਰ-ਭਾਜਪਾ ਸਾਰਿਆਂ ਲਈ ਇਹ ਤਿੰਨ ਸ਼ਬਦੀ ਵਾਕ 'ਰਾਜ ਧਰਮ ਨਿਭਾਓ' ਰਾਹ-ਦਸੇਰਾ ਹੋ ਸਕਦਾ ਹੈ। ਬਣਦਾ ਤਾਂ ਇਹ ਸੀ ਕਿ ਸੰਨ 2014 ਤੋਂ ਹੀ ਮਾਣਯੋਗ ਪ੍ਰਧਾਨ ਮੰਤਰੀ ਅਟਲ ਜੀ ਵਾਂਗ ਹੀ ਸਾਡੇ ਅਜੋਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਂ-ਸਮੇਂ ਉਹਨਾਂ ਮੁੱਖ ਮੰਤਰੀਆਂ ਨੂੰ ਵੱਡੇ ਭਰਾ ਵਾਂਗ ਜਾਂ ਸਮਝਦਾਰ ਆਗੂ ਹੋਣ ਦੇ ਨਾਤੇ ਅਤੇ ਜਾਂ ਫਿਰ ਇਕ ਸੰਵਿਧਾਨਕ ਜ਼ਿੰਮੇਵਾਰੀ ਵਾਲੇ ਵੱਡੇ ਅਹੁਦੇ 'ਤੇ ਬੈਠੇ ਨੇਤਾ ਹੋਣ ਦੇ ਨਾਤੇ ਹਰ ਉਸ ਸ਼ਖਸ ਨੂੰ ਅਟਲ ਸਾਹਿਬ ਵਾਲੀ ਤਾੜਨਾ ਦਿੰਦੇ। ਹਰ ਅਜਿਹੇ ਗੁੱਟ ਨੂੰ ਦਬਕਾ ਮਾਰਦੇ, ਜੋ ਜਾਤਾਂ-ਪਾਤਾਂ ਜਾਂ ਹਿੰਦੂ-ਮੁਸਲਿਮ ਕਰਕੇ ਨਾ ਮਿੱਟਣੇ ਪਾੜੇ ਪਾ ਰਹੇ ਹਨ। ਉਸ ਸਟੇਟ ਦੇ ਮੁੱਖ ਮੰਤਰੀ ਨੂੰ ਸੱਦ ਕੇ ਕਲਾਸ ਲਾਉਂਦੇ, ਜੋ ਕਥਿਤ ਹਿੰਦੂਤਵੀ ਏਜੰਡੇ ਹੇਠ ਘੱਟ-ਗਿਣਤੀ ਮੁਸਲਮਾਨਾਂ, ਘੱਟ-ਗਿਣਤੀ ਈਸਾਈ ਅਤੇ ਘੱਟ-ਗਿਣਤੀ ਸਿੱਖ ਆਦਿ ਨੂੰ ਦੂਜੇ-ਤੀਜੇ ਦਰਜੇ ਦੇ ਨਾਗਰਿਕ ਦੱਸਣ ਦੀ ਕੋਸ਼ਿਸ 'ਚ ਕੁੱਟ-ਮਾਰ ਕਰਦੇ, ਬੇਹੁਰਮਤੀ ਕਰਦੇ ਜਾਂ ਦੰਗਿਆਂ ਅਤੇ ਲੜਾਈ-ਝਗੜੇ ਲਈ ਉਕਸਾਉਂਦੇ ਹਨ।

ਇਹ ਵੀ ਮਹਿਸੂਸ ਕੀਤਾ ਜਾਂਦਾ ਹੈ ਕਿ ਆਜ਼ਾਦੀ ਬਾਅਦ ਜਿਹੜੇ ਸਾਡੇ ਰਾਜ ਨੇਤਾ ਬਣੇ ਉਹਨਾਂ ਵਿਚ ਬਹੁਤੇ ਆਜ਼ਾਦੀ ਘੁਲਾਟੀਏ ਸਨ, ਉਹਨਾਂ ਵਿਚ ਦੇਸ਼ ਨਿਰਮਾਣ ਦੇ ਨਾਲ ਭਾਈਚਾਰਕ ਸਾਂਝ , ਸਮਾਜਿਕ ਨਿਆਂ ਅਤੇ ਲੋਕ ਹਿੱਤੂ ਜਜ਼ਬਾ ਸੀ। ਸਮਾਂ ਬੀਤਦੇ ਸੱਤਾ ਫਿਰ ਜਗੀਰਦਾਰਾਂ, ਸ਼ਾਹੂਕਾਰਾਂ ਅਤੇ ਬਾਹੂਬਲੀਆਂ ਦੇ ਹੱਥਾਂ 'ਚ ਜਾਂਦੀ ਗਈ। ਆਜ਼ਾਦੀ ਘੁਲਾਟੀਆਂ ਦੀ ਥਾਂ ਘੁਟਾਲਿਆਂ ਨੇ ਲੈ ਲਈ । ਅਪਰਾਧ , ਲਾਲਚ ਅਤੇ ਮੌਕਾਪ੍ਰਸਤੀ ਸੱਤਾ 'ਤੇ ਭਾਰੀ ਹੋ ਗਏ ਹਨ। ਇਹ ਵੀ ਕਿਆਸ ਲਗਾਏ ਜਾ ਰਹੇ ਹਨ ਕਿ ਮੋਦੀ ਸਾਹਿਬ ਦੀ ਰਿਟਾਇਰਮੈਂਟ ਤੋਂ ਬਾਅਦ ਅਗਲੇ ਪ੍ਰਧਾਨ ਮੰਤਰੀ ਦੀ ਦੌੜ ਵਿਚ ਕਿਸੇ ਵਿਸ਼ੇਸ਼ ਆਕਾ ਅਤੇ ਹਿੰਦੂਤਵੀ ਕੱਟੜਵਾਦ ਨੂੰ ਖੁਸ਼ ਕਰਨ ਲਈ ਅਜਿਹਾ ਮਹੌਲ ਜਾਣ-ਬੁਝ ਕਿ ਬਣਾਇਆ ਜਾ ਰਿਹਾ ਹੈ।

2014 'ਚ ਭਾਜਪਾ ਸਰਕਾਰ ਆਉਣ ਤੋਂ ਪਹਿਲਾਂ ਹਿੰਦੂ ਧਰਮ ਦੀ ਅਸੁਰੱਖਿਆ ਵਾਲਾ ਮਹੌਲ ਬਣਾਇਆ ਗਿਆ । ਇਕ ਸਮੇਂ 'ਸਭ ਦਾ ਸਾਥ ਸਭ ਦਾ ਵਿਕਾਸ' ਦਾ ਨਾਅਰਾ ਤਾਂ ਦੇ ਦਿੱਤਾ, ਸੱਤਾ ਵੀ ਪ੍ਰਾਪਤ ਕਰ ਲਈ, ਪਰ ਅੰਦਰਖਾਤੇ ਆਰ ਐੱਸ ਐੱਸ ਦਾ ਸੰਪ੍ਰਦਾਇਕਤਾ ਵਾਲਾ ਏਜੰਡਾ ਹੀ ਕੰਮ ਕਰਦਾ ਰਿਹਾ। ਅਜਿਹੀ ਫਾਸ਼ੀਵਾਦੀ ਸਥਿਤੀ ਦੀ ਮੌਕਾਪ੍ਰਸਤੀ 'ਚ ਇਕ ਗੋਦੀ ਮੀਡੀਆ ਸਥਾਪਤ ਹੋ ਗਿਆ ਜਾਂ ਸਥਾਪਤ ਕਰ ਦਿੱਤਾ ਗਿਆ। ਬਸ ! ਫਿਰ ਸੰਵਿਧਾਨ ਦਰਕਿਨਾਰ ਕਰਕੇ ਰਾਸ਼ਟਰਵਾਦ ਦੀਆਂ ਨਵੀਆਂ ਪਰਿਭਾਸ਼ਾਵਾਂ ਘੜਨ ਦਾ ਕੰਮ ਜੋ ਇਸ ਫਾਸ਼ੀਵਾਦੀ ਗੱਠਜੋੜ ਨੇ ਕੀਤਾ, ਇਹ ਮੰਨਣ ਨਾ ਮੰਨਣ, ਪਰ ਉਸ ਨੇ ਦੇਸ਼ ਨੂੰ ਇਕ ਅਗਾਂਹਵਧੂ ਦੌਰ 'ਚੋਂ ਪਿਛਾਂਹ ਗੇੜੀ ਦੇ ਕੇ ਪਿਛਾਖੜੀ ਬਣਾ ਦਿੱਤਾ ਹੈ। ਮੌਜੂਦਾ ਸਮੇਂ ਕੁਝ ਸਾਲਾਂ ਤੋਂ ਪੂਰਾ ਦੇਸ਼ ਇਕ ਬੇਚੈਨੀ ਅਤੇ ਅਸੁਰੱਖਿਆ ਜਿਹੇ ਮਹੌਲ ਵਿੱਚੋਂ ਲੰਘ ਰਿਹਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਵਿਦਿਆਰਥੀਆਂ ਤੋਂ ਲੈ ਕੇ ਵਿਦਵਾਨਾਂ ਤੱਕ , ਮੁਲਾਜ਼ਮਾਂ ਤੋਂ ਲੈ ਕੇ ਅਫਸਰਾਂ ਤੱਕ, ਮਜ਼ਦੂਰਾਂ ਤੋਂ ਲੈ ਮਾਲਕਾਂ ਤੱਕ, ਕਾਮਿਆਂ ਤੋਂ ਲੈ ਕੇ ਕਿਸਾਨਾਂ ਤੱਕ, ਮੰਗਤਿਆਂ ਤੋਂ ਲੈ ਕੇ ਸ਼ਾਹਾਂ ਤੱਕ ਅਤੇ ਇਹਨਾਂ ਸਾਰਿਆਂ ਵਿੱਚ ਔਰਤ ਵਰਗ ਜ਼ਿਆਦਾ ਪੀੜਤ ਹੈ ਅਤੇ ਜ਼ਿਆਦਾ ਕੁਝ ਸਹਿ ਰਹੀ ਹੈ। ਇਸ ਤੋਂ ਇਲਾਵਾ ਘੱਟ ਗਿਣਤੀਆਂ ਅਸੁਰੱਖਿਅਤ ਹਨ।

ਆਰ ਐੱਸ ਐੱਸ ਭਾਵੇਂ ਹੁਣ ਇਹ ਮੰਨ ਰਿਹਾ ਹੈ ਕਿ ਹਰ ਮਸਜਿਦ 'ਚ ਮੰਦਿਰ ਖੋਦਣਾ ਠੀਕ ਨਹੀ ਹੈ, ਪਰ ਇੰਜ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਦੀ ਰਿਟਾਇਰਮੈਂਟ ਵਾਲੀ ਉਮਰ 'ਚ ਜਾਣ ਤੋ ਪਹਿਲਾਂ ਭਾਜਪਾ ਦੇ ਮੁੱਖ ਮੰਤਰੀ ਅਜ਼ਾਦੀ ਤੋਂ ਪਹਿਲਾਂ ਵੀ ਅਤੇ ਅਜ਼ਾਦੀ ਬਾਅਦ ਵੀ ਭਾਰਤ ਵਿਚ ਦੰਗਿਆਂ ਦਾ ਲੰਮਾ ਅਤੇ ਸਾਜ਼ਿਸ਼ੀ ਇਤਿਹਾਸ ਹੈ। ਕਥਿਤ ਵਰਨ-ਵਰਗ ਦੀਆਂ ਕਿਲ੍ਹੇਨੁਮੀਂ ਦੀਵਾਰਾਂ ਨੇ ਜੋ ਨਾਬਰਾਬਰੀ ਵਾਲਾ ਸਮਾਜ ਸਿਰਜ ਰੱਖਿਆ ਹੈ, ਉਸ ਵਿਚ ਇਹ ਹੋਣਾ ਅਤੇ ਕਰਵਾਉਣਾ ਦੋਵੇਂ ਗੱਲਾਂ ਸੰਭਵ ਰਹੀਆਂ ਹਨ। ਤਹਿਰੀਰਾਂ ਦੱਸਦੀਆਂ ਹਨ ਕਿ ਫਿਰਕੂ ਲੋਕਾਂ ਨੂੰ ਉਸ ਵੇਲੇ ਵੀ ਸਾਂਝੇ ਘੋਲ , ਅਜ਼ਾਦੀ ਸੰਗ੍ਰਾਮ ਅਤੇ ਸਮਾਜਿਕ ਬਰਾਬਰਤਾ ਪਸੰਦ ਨਹੀ ਸੀ, ਅਜਿਹੇ ਲੋਕਾਂ ਦਾ ਫਾਇਦਾ ਅੰਗਰੇਜ਼ ਸਰਕਾਰ ਉਠਾਉਂਦੀ ਰਹੀ ਹੈ।

31 ਮਾਰਚ ਨੂੰ ਰਮਜ਼ਾਨ ਦੇ 30 ਰੋਜ਼ਿਆਂ ਬਾਅਦ ਈਦ-ਉਲ-ਫਿਤਰ ਹੋਈ। ਉਸ ਵੇਲੇ ਵੀ ਆਸਥਾਵਾਨ ਲੋਕ ਨਮਾਜ਼ 'ਚ ਅਜਿਹੇ ਬਿੱਲ ਲਈ ਦੁਆ ਕਰ ਰਹੇ ਸੀ। ਆਉਣ ਵਾਲੇ ਦਿਨਾਂ 40 ਪਾਕ ਰੋਜ਼ਿਆਂ ਦੇ ਬਾਅਦ ਮਸੀਹੀ ਧਰਮ 'ਚ ਗੁੱਡ ਫਰਾਈ ਡੇ (ਸ਼ੁਭ ਸ਼ੁੱਕਰਵਾਰ) ਅਤੇ ਈਸਟਰ ਹੈ, ਉਹ ਵੀ ਦੁਆਵਾਂ ਵਿਚ ਹਨ। ਹਿੰਦੂ ਧਰਮ 'ਚ ਨਵਰਾਤਰੇ ਰਹੇ ਹਨ, ਉਹ ਵੀ ਇਕ ਤਰਾਂ ਦੇ ਪਵਿੱਤਰ ਦਿਨ ਕਹੇ ਜਾਂਦੇ ਹਨ। ਭਾਈਚਾਰਕ ਸਾਂਝ ਵਾਲੇ ਲੋਕ ਵੀ ਚਾਹੁੰਦੇ ਹੋਣਗੇ ਕਿ ਅਜਿਹੀ ਦਖਲ-ਅੰਦਾਜ਼ੀ ਕਿਸੇ ਦੇ ਧਰਮ 'ਚ ਨਹੀ ਹੋਣੀ ਚਾਹੀਦੀ। ਇਹਨਾਂ ਦਿਨਾਂ 'ਚ ਉਪਵਾਸ ਜਾਂ ਵਰਤ ਰੱਖੇ ਜਾਂਦੇ ਹਨ। ਸਾਰੇ ਧਰਮਾਂ ਵਿਚ ਇਹ ਦਿਨ ਪਵਿੱਤਰ ਅਤੇ ਮਨੁੱਖ ਲਈ ਸਵੈ-ਜਾਂਚ ਕਰਦਿਆਂ ਆਤਮ ਵਿਸ਼ਵਾਸ ਵਧਾਉਣ ਲਈ ਹੁੰਦੇ ਹਨ। ਉਸ ਸਵੈ-ਜਾਂਚ 'ਚ ਸਭ ਤੋਂ ਪਹਿਲਾਂ ਹੈ, ਦੂਸਰਿਆਂ ਨੂੰ ਮੁਆਫ ਕਰਨਾ, ਭਾਈਚਾਰਕ ਸਾਂਝ ਵਧਾਉਣਾ ਅਤੇ ਪਿਆਰ-ਮੁਹੱਬਤ ਨਾਲ ਮਿਲ ਕੇ ਰਹਿਣਾ ਹੁੰਦਾ ਹੈ। ਸਮਝ ਨਹੀ ਆਈ ਕਿ ਕਾਨੂੰਨ ਤਾਂ ਦੋਹਾਂ ਸਦਨਾਂ 'ਚ ਪਾਸ ਤਾਂ ਹੋ ਚੁੱਕਾ ਸੀ, ਪਰ ਰਾਸ਼ਟਰਪਤੀ ਨੇ ਮੁਸਲਿਮ ਵਫਦ ਮਿਲਣ ਦਾ ਸਮਾਂ ਕਿਉਂ ਨਹੀਂ ਦਿੱਤਾ।

**# ਸੰਪਰਕ : 98782-61522**

# ਜੁਡੀਸ਼ਰੀ ਵੱਲੋਂ ਔਰਤਾਂ ਦੇ ਸਨਮਾਨ ਨੂੰ ਸੱਟ

ਰਜਿੰਦਰਪਾਲ ਕੌਰ

ਔਰਤ ਸਦੀਆਂ ਤੋਂ ਜ਼ੁਲਮ ਸਹਿੰਦੀ ਆ ਰਹੀ ਹੈ ।ਉਸ ਦੇ ਮਾਣ-ਸਨਮਾਨ ਨੂੰ ਅਕਸਰ ਹੀ ਮਿੱਟੀ ਵਿੱਚ ਰੋਲਿਆ ਜਾਂਦਾ ਰਿਹਾ। ਸਿਰ ਉੱਚਾ ਚੁੱਕ ਕੇ ਜਿਉਣ ਵਾਸਤੇ ਔਰਤਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਕੀਤੀਆਂ। ਦਹਾਕਿਆਂ ਦੀ ਲੰਮੀ ਲੜਾਈ ਅਤੇ ਮਿਹਨਤ ਨਾਲ ਕੁਝ ਹੱਕ ਪ੍ਰਾਪਤ ਕੀਤੇ, ਕੁਝ ਕਾਨੂੰਨ ਬਣਵਾਏ ਤਾਂ ਕਿ ਉਸ ਨੂੰ ਵੀ ਇਨਸਾਨ ਸਮਝ ਕੇ ਬਰਾਬਰੀ ਵਾਲਾ ਵਿਵਹਾਰ ਕੀਤਾ ਜਾਏ ਅਤੇ ਉਸ ਦੇ ਮਾਣ-ਸਨਮਾਨ ਦੀ ਰਾਖੀ ਕਾਨੂੰਨ ਕਰੇ। ਜੇ ਕੋਈ ਉਸ ਦੇ ਮਾਣ-ਸਨਮਾਨ 'ਤੇ ਸੱਟ ਮਾਰਦਾ ਹੈ ਤਾਂ ਅਦਾਲਤਾਂ ਕਾਨੂੰਨ ਮੁਤਾਬਕ ਉਸ ਨੂੰ ਇਨਸਾਫ ਦੇਣ ਤੇ ਦੋਸ਼ੀ ਨੂੰ ਉਸ ਦੇ ਕੀਤੇ ਕੁਕਰਮ ਦੀ ਸਜ਼ਾ ਮਿਲੇ।

'ਜਦ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਦੀ ਰਾਖੀ ਕੌਣ ਕਰੇਗਾ? ਇਹੋ ਹੀ ਗੱਲ ਅਦਾਲਤਾਂ 'ਤੇ ਵੀ ਲਾਗੂ ਹੁੰਦੀ ਹੈ। ਜਦੋਂ ਕਿਸੇ ਔਰਤ ਜਾਂ ਕਿਸੇ ਬੱਚੀ ਨਾਲ ਛੇੜਛਾੜ ਕੀਤੀ ਜਾਂਦੀ ਹੈ ਜਾਂ ਬਲਾਤਕਾਰ ਹੋ ਜਾਂਦਾ ਹੈ ਤਾਂ ਉਹ ਇਨਸਾਫ ਲਈ ਅਦਾਲਤ ਪਹੁੰਚਦੀ ਹੈ ।ਵੈਸੇ ਤਾਂ ਬਹੁਤ ਸਾਰੇ ਕੇਸ ਨੇ ਜਿਹੜੇ ਕੋਰਟ ਵਿੱਚ ਜਾਂਦੇ ਹੀ ਨਹੀਂ। ਜਿਹੜੇ ਜਾਂਦੇ ਹਨ, ਉਹਨਾਂ ਨੂੰ ਇਨਸਾਫ ਲੈਣ ਵਿੱਚ ਲੰਮਾ ਸਮਾਂ ਲੱਗ ਜਾਂਦਾ ਹੈ ਅਤੇ ਹੁਣ ਅਦਾਲਤਾਂ ਹੀ ਔਰਤ ਦੀਆਂ ਦੁਸ਼ਮਣ ਬਣ ਰਹੀਆਂ ਹਨ।

ਹੁਣੇ-ਹੁਣੇ 19 ਮਾਰਚ ਨੂੰ ਇਲਾਹਾਬਾਦ ਹਾਈ ਕੋਰਟ ਨੇ ਫੈਸਲਾ ਦਿੱਤਾ ਹੈ, ਜਿਸ ਵਿੱਚ ਦੋਸ਼ੀਆਂ ਨੂੰ ਸਾਫ ਬਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।ਜਸਟਿਸ ਰਾਮ ਮਨੋਹਰ ਨਰਾਇਣ ਮਿਸ਼ਰ ਨੇ ਸ਼ਬਦ ਜਾਲ ਵਿੱਚ ਉਲਝਾ ਕੇ ਦੋਸ਼ੀ ਨੂੰ ਉਸ ਦਾ ਫਾਇਦਾ ਦੇਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਕਿ ਇੱਕ ਛੋਟੀ ਬੱਚੀ ਨਾਲ ਹੋਈ ਛੇੜਛਾੜ ਦਾ ਕੇਸ ਅਦਾਲਤ ਵਿੱਚ ਗਿਆ ।ਮੁਲਜ਼ਮ ਤੇ ਪੋਕਸੋ ਲੱਗ ਗਿਆ, ਜਿਸ ਨਾਲ ਉਸ ਦੀ ਜ਼ਮਾਨਤ ਦੀ ਕੋਈ ਗੁੰਜਾਇਸ਼ ਨਹੀਂ ਸੀ, ਪਰੰਤੂ ਜੱਜ ਨੇ ਕਿਹਾ ਕਿ ਬੱਚੀ ਦੀ ਛਾਤੀ ਨੂੰ ਪਕੜਨਾ ਜਾਂ ਉਸ ਦੇ ਪਜ਼ਾਮੇ ਦੇ ਨਾਲੇ ਨੂੰ ਤੋੜਨਾ ਜਾਂ ਉਸ ਨੂੰ ਪੁਲੀ ਵੱਲ ਖਿੱਚ ਕੇ ਲਿਜਾਣਾ ਅਪਰਾਧ ਨਹੀਂ, ਅਪਰਾਧ ਦੀ ਤਿਆਰੀ ਹੈ ਅਤੇ ਇਸ ਵਿਚਲੇ ਅੰਤਰ ਨੂੰ ਸਮਝਣਾ ਚਾਹੀਦਾ ਹੈ।ਇਹ ਘਿਨਾਉਣਾ ਕੰਮ ਉੱਤਰ ਪਰਦੇਸ਼ ਵਿੱਚ ਇਕ 11 ਸਾਲ ਦੀ ਬੱਚੀ ਨਾਲ ਕੀਤਾ ਗਿਆ, ਜਿਸ ਦੀ ਮਾਂ ਨੇ ਕੇਸ ਦਰਜ ਕਰਵਾਇਆ ਕਿ ਅਸ਼ੋਕ ਅਤੇ ਪਵਨ ਨਾਂਅ ਦੇ ਦੋ ਦੋਸ਼ੀਆਂ ਨੇ ਉਸ ਦੀ ਬੱਚੀ ਨਾਲ ਜ਼ਿਆਦਤੀ ਕੀਤੀ ਹੈ ਅਤੇ ਲੋਕਾਂ ਨੇ ਉਸ ਨਾਲ ਅਣਹੋਣੀ ਹੋਣ ਤੋਂ ਬਚਾ ਲਿਆ। ਹੁਣ ਜੱਜ ਦੇ ਹਿਸਾਬ ਨਾਲ ਜੇ ਲੋਕ ਵਿੱਚ ਨਾ ਆਉਂਦੇ ਤਾਂ ਉਸ ਬੱਚੀ ਦੀ ਇੱਜ਼ਤ ਤਾਰ-ਤਾਰ ਕਰ ਦਿੱਤੀ ਜਾਂਦੀ ਤਾਂ ਹੀ ਅਪਰਾਧ ਬਣਨਾ ਸੀ।

ਪੋਕਸੋ ਦੇ ਤਹਿਤ ਹੀ ਅਲਾਹਾਬਾਦ ਹਾਈ ਕੋਰਟ ਨੇ ਅਜੈ ਦਿਵਾਂਕਰ ਕੇਸ ਵਿਚ ਦੋਸ਼ੀ ਨੂੰ ਇਸ ਕਰਕੇ ਜ਼ਮਾਨਤ ਦੇ ਦਿੱਤੀ ਕਿ ਉਹ ਨਬਾਲਗਾ ਨਾਲ ਸ਼ਾਦੀ ਕਰ ਲਵੇਗਾ। ਇਹ ਤਾਂ ਉਸ ਨਾਬਾਲਗਾ ਨੂੰ ਨਰਕ ਵਿੱਚ ਧੱਕਣ ਦੀ ਕੋਸ਼ਿਸ਼ ਹੈ, ਕਿਉਂਕਿ ਇਹ ਆਮ ਵਰਤਾਰਾ ਹੈ, ਜਿਸ ਬੱਚੀ ਨਾਲ ਕਿਸੇ ਵਿਅਕਤੀ ਨੇ ਬਲਾਤਕਾਰ ਕੀਤਾ ਹੁੰਦਾ ਹੈ ਜਾਂ ਕੋਸ਼ਿਸ਼ ਕੀਤੀ ਹੁੰਦੀ ਹੈ ਤਾਂ ਜੇ ਮਜਬੂਰੀ ਵਿੱਚ ਉਸ ਨੂੰ ਉਸ ਨਾਲ ਸ਼ਾਦੀ ਕਰਨੀ ਪੈ ਜਾਵੇ ਤਾਂ ਉਹ ਉਸ ਨੂੰ ਕਦੇ ਵੀ ਇੱਜ਼ਤ ਨਹੀਂ ਦਿੰਦਾ, ਕਿਉਂਕਿ ਉਹ ਸਮਝਦਾ ਹੈ ਇਹ ਤਾਂ ਉਸ ਦਾ ਸ਼ਿਕਾਰ ਸੀ, ਉਸ ਨਾਲ ਸ਼ਾਦੀ ਦੇ ਕਾਬਲ ਨਹੀਂ ਸੀ ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2017 ਵਿੱਚ ਵਿਕਾਸ ਗਰਗ ਨਾਂਅ ਦੇ ਵਿਅਕਤੀ ਨੂੰ ਇਸ ਕਰਕੇ ਜ਼ਮਾਨਤ ਦੇ ਦਿੱਤੀ ਕਿ ਪੀੜਤ ਲੜਕੀ ਦਾ ਚਾਲ-ਚਲਣ ਚੰਗਾ ਨਹੀਂ ਸੀ, ਉਸ ਨੇ ਮਰਦ ਨੂੰ ਬਲਾਤਕਾਰ ਕਰਨ ਲਈ ਉਕਸਾਇਆ।

ਕੇਰਲਾ ਹਾਈ ਕੋਰਟ ਨੇ ਸਿਵਿਕ ਚੰਦਰਨ ਨਾਂਅ ਦੇ ਵਿਅਕਤੀ ਨੂੰ ਇਸ ਕਰਕੇ ਜ਼ਮਾਨਤ ਦੇ ਦਿੱਤੀ ਕੀਤੀ ਕਿ ਲੜਕੀ ਦੇ ਕੱਪੜੇ ਇਸ ਤਰ੍ਹਾਂ ਦੇ ਸਨ, ਜੋ ਕਿ ਮਰਦ ਨੂੰ ਆਪਣੇ ਵੱਲ ਖਿੱਚਦੇ ਹਨ ਅਤੇ ਗੁਨਾਹ ਕਰਨ ਲਈ ਉਕਸਾਉਂਦੇ ਹਨ । ਬੇਹੱਦ ਸ਼ਰਮ ਵਾਲੀ ਗੱਲ ਹੈ ਕਿ ਇਨਸਾਫ ਵਾਲੀਆਂ ਕੁਰਸੀਆਂ 'ਤੇ ਬੈਠੇ ਜੱਜ ਏਨੇ ਨੀਵੇਂ ਪੱਧਰ ਦੀਆਂ ਗੱਲਾਂ ਕਰਦੇ ਹਨ ।ਜੇਕਰ ਮਰਦ ਜਾਤੀ ਕੋਲ ਕੋਈ ਸੰਸਕਾਰ ਹੋਣ ਤਾਂ ਉਸ ਨੂੰ ਔਰਤ ਦੇ ਪਾਏ ਹੋਏ ਕੱਪੜਿਆਂ ਵੱਲ ਵੇਖ ਕੇ ਵੀ ਗੁਨਾਹ ਦੀ ਨੌਬਤ ਨਹੀਂ ਆਉਂਦੀ।

ਔਰਤਾਂ ਨੇ ਬੜੀ ਜੱਦੋਜਹਿਦ ਨਾਲ ਮੈਰੀਟਲ ਰੇਪ ਕਨੂੰਨ ਪਾਸ ਕਰਵਾਇਆ ਸੀ ਕਿ ਆਦਮੀ ਵਿਆਹ ਤੋਂ ਬਾਅਦ ਵੀ ਜੇ ਔਰਤ ਦੀ ਮਰਜ਼ੀ ਬਿਨਾਂ ਸੰਬੰਧ ਬਣਾਵੇਗਾ ਤਾਂ ਇਹ ਬਲਾਤਕਾਰ ਹੀ ਮੰਨਿਆ ਜਾਵੇਗਾ ।ਛਤੀਸਗੜ੍ਹ ਹਾਈ ਕੋਰਟ ਨੇ ਫੈਸਲਾ ਦਿੱਤਾ ਕਿ ਮਰਦ ਔਰਤ ਨਾਲ ਕੁਝ ਵੀ ਕਰ ਸਕਦਾ ਹੈ ।ਇਕ ਫੈਸਲੇ ਵਿੱਚ ਇਹ ਵੀ ਕਿਹਾ ਗਿਆ ਕਿ ਬਲਾਤਕਾਰ ਹੀ ਹੋਇਆ ਹੈ, ਕਤਲ ਤਾਂ ਨਹੀਂ।ਬਲਾਤਕਾਰ ਔਰਤ ਦਾ ਮਾਨਸਿਕ ਕਤਲ ਹੀ ਹੁੰਦਾ ਹੈ, ਕਿਉਂਕ ਪੀੜਤ ਔਰਤ ਕਦੇ ਵੀ ਸਧਾਰਨ ਜ਼ਿੰਦਗੀ ਨਹੀਂ ਜੀ ਸਕਦੀ।ਸਾਰੀ ਉਮਰ ਉਹ ਮਾਨਸਿਕ ਤੌਰ 'ਤੇ ਉਹ ਦਰਦ ਨਹੀਂ ਭੁੱਲ ਸਕਦੀ, ਜਿਹੜਾ ਉਸ ਨੇ ਉਹਨਾਂ ਪਲਾਂ ਵਿੱਚ ਹੰਢਾਇਆ ਹੁੰਦਾ ਹੈ।

ਲੰਮਾ ਪੈਂਡਾ ਮਾਰ ਕੇ ਔਰਤ ਜਾਤੀ ਵੱਲੋਂ ਪ੍ਰਾਪਤ ਕੀਤੇ ਗਏ ਹੱਕਾਂ ਉਤੇ ਗੁਨਾਹਗਾਰ ਤਾਂ ਡਾਕਾ ਮਾਰ ਹੀ ਰਹੇ ਸਨ, ਉੱਥੇ ਇਨਸਾਫ ਦਾ ਮੰਦਰ ਅਖਵਾਏ ਜਾਣ ਵਾਲੀਆਂ ਅਦਾਲਤਾਂ ਵੀ ਗੁਨਾਹਗਾਰਾਂ ਦੀ ਮਦਦ 'ਤੇ ਆ ਜਾਂਦੀਆਂ ਹਨ ਤਾਂ ਔਰਤ ਕਿੱਥੇ ਜਾ ਕੇ ਇਨਸਾਫ ਦੀ ਗੁਹਾਰ ਲਗਾਵੇ।ਪਿੱਤਰਸੱਤਾ ਦੇ ਜੂਲੇ ਹੇਠੋਂ ਨਿਕਲਣ ਲਈ ਔਰਤ ਜਾਤੀ ਜੂਝ ਰਹੀ ਹੈ ।ਇਹੋ ਜਿਹੇ ਸਮੇਂ ਅਦਾਲਤਾਂ ਦੇ ਇਹੋ ਜਹੇ ਫੈਸਲੇ ਉਸ ਨੂੰ ਪਿਤਰਸੱਤਾ ਦੇ ਕਿੱਲੇ ਨਾਲ ਹੋਰ ਸਖਤੀ ਨਾਲ ਬੰਨ੍ਹ ਦਿੰਦੇ ਹਨ ।

ਔਰਤ ਵਿਰੋਧੀ ਫੈਸਲੇ ਅਤੇ ਟਿੱਪਣੀਆਂ ਦੇ ਵਿਰੋਧ ਵਿੱਚ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਮੈਦਾਨ ਵਿੱਚ ਆਈ ਹੈ ਅਤੇ ਸਾਰੇ ਦੇਸ਼ ਵਿੱਚ 10 ਅਪ੍ਰੈਲ ਤੋਂ ਜੁਡੀਸ਼ਰੀ ਵਿਰੁੱਧ ਵਿਖਾਵੇ ਕਰਨ, ਕਾਲੇ ਝੰਡੇ ਦਿਖਾਉਣ ਅਤੇ ਹੋਰ ਕਈ ਢੰਗਾਂ ਨਾਲ ਆਪਣਾ ਵਿਰੋਧ ਜਤਾਉਣ ਦਾ ਸੱਦਾ ਦਿੱਤਾ ਗਿਆ ਹੈ। ਪੰਜਾਬ ਇਸਤਰੀ ਸਭਾ ਇਸ ਸੱਦੇ ਨੂੰ ਕਬੂਲਦੀ ਹੋਈ 10 ਅਪ੍ਰੈਲ ਤੋਂ ਐਕਸ਼ਨ ਸ਼ੁਰੂ ਕਰੇਗੀ ਅਤੇ ਜਦੋਂ ਤੱਕ ਸੈਂਟਰ ਦੀ ਕਾਲ ਹੋਵੇਗੀ, ਤਦ ਤੱਕ ਉਸ ਨੂੰ ਜਾਰੀ ਰੱਖੇਗੀ।

**# ਸੰਪਰਕ : 99881-76812**

# ਹੋ-ਹੱਲਾ ਰਹਿਤ ਮਹਿੰਗਾਈ

ਜਗਦੇਵ ਸ਼ਰਮਾ ਬੁਗਰਾ

ਇੱਕ ਅਖਾਣ ਹੈ ਕਿ ਰਸੋਈ ਭੂਤ ਬਣ ਗਈ ਹੈ ।ਘਰੇਲੂ ਸੁਆਣੀਆਂ ਇਸ ਅਖਾਣ ਦੀ ਵਰਤੋਂ ਉਦੋਂ ਕਰਦੀਆਂ ਹਨ, ਜਦੋਂ ਨਿੱਤ ਵਰਤੋਂ ਦੀਆਂ ਚੀਜ਼ਾਂ, ਖਾਸ ਤੌਰ 'ਤੇ ਰਸੋਈ ਵਿੱਚ ਵਰਤੀਆਂ ਜਾਣ ਵਾਲੀਆਂ ਵਸਤੂਆਂ ਦੇ ਰੇਟ ਅਸਮਾਨੀ ਚੜ੍ਹ ਜਾਣ ।ਅੱਜ ਕੱਲ੍ਹ ਮਹਿੰਗਾਈ ਨੇ ਹਰ ਕਿਸੇ ਦਾ ਕਚੂੰਮਰ ਕੱਢ ਰੱਖਿਆ ਹੈ। ਰੇਹੜੀਆਂ 'ਤੇ ਪਈਆਂ ਸਬਜ਼ੀਆਂ ਕੌੜੀਆਂ-ਕੌੜੀਆਂ ਝਾਕਦੀਆਂ ਹਨ ।ਇਹੀ ਹਾਲ ਫਲਾਂ ਦਾ ਹੈ । ਬੱਚਿਆਂ, ਬੁੱਢਿਆਂ ਜਾਂ ਫਿਰ ਬਿਮਾਰਾਂ ਦੀ ਪਹੁੰਚ ਤੋਂ ਪਰ੍ਹੇ ਹੋ ਗਏ ਹਨ, ਫਲ ।

ਇੱਕ ਸਾਲ ਪਹਿਲਾਂ, ਇੱਕ ਮਹੀਨੇ ਦਾ ਜੋ ਕਰਿਆਨਾ ਸੌਦਾ 3000 ਰੁਪਏ ਦਾ ਆਉਂਦਾ ਸੀ, ਅੱਜ ਓਨਾ ਹੀ ਸੌਦਾ 4000 ਰੁਪਏ ਦਾ ਆਉਂਦਾ ਹੈ, ਯਾਨੀ ਕਿ ਪ੍ਰਚੂਨ ਸੌਦੇ ਦੇ ਰੇਟਾਂ ਵਿੱਚ ਇੱਕ ਸਾਲ ਵਿੱਚ ਲੱਗਭੱਗ 33 ਫੀਸਦੀ ਦਾ ਵਾਧਾ ।ਇਹ ਉਦਾਹਰਨ ਮੈਂ ਆਪਣੇ ਖੁਦ ਦੀ ਦੇ ਰਿਹਾ ਹਾਂ ਅਤੇ ਇਹ ਤੱਥਾਂ ਉੱਪਰ ਅਧਾਰਤ ਹੈ । ਬੁੱਢਿਆਂ, ਬਿਮਾਰਾਂ ਦੀ ਦਵਾਈ ਅਤੇ ਡਾਕਟਰੀ ਖਰਚਾ ਲੱਗਭੱਗ 50 ਫੀਸਦੀ ਤੱਕ ਵਧ ਗਿਆ ਹੈ, ਪ੍ਰੰਤੂ ਦੂਜੇ ਬੰਨੇ ਸਰਕਾਰੀ ਅੰਕੜਿਆਂ ਅਨੁਸਾਰ ਮਹਿੰਗਾਈ ਵਧਣ ਦੀ ਦਰ 5 ਫੀਸਦੀ ਤੋਂ 8 ਫੀਸਦੀ ਸਾਲਾਨਾ ਦੇ ਨੇੜੇ-ਤੇੜੇ ਦੱਸੀ ਜਾ ਰਹੀ ਹੈ ।ਅਰਥਚਾਰੇ ਦੀ ਖ਼ਾਸੀ ਸੋਝੀ ਰੱਖਣ ਵਾਲਾ ਮੈਂ ਖੁਦ ਭੰਬਲਭੂਸੇ ਵਿੱਚ ਪਿਆ ਹੋਇਆ ਹਾਂ ਕਿ ਗੜਬੜ ਕਿੱਥੇ ਹੈ ।ਕਿੱਥੇ ਸਰਕਾਰੀ ਅੰਕੜਾ 5 ਤੋਂ 8 ਫੀਸਦੀ ਅਤੇ ਕਿੱਥੇ ਅਸਲੀ ਮਹਿੰਗਾਈ 33 ਫੀਸਦੀ ।ਮੁਲਾਜ਼ਮਾਂ ਅਤੇ ਪੈਨਸ਼ਨ ਭੋਗੀਆਂ ਦਾ ਮਹਿੰਗਾਈ ਭੱਤਾ ਸਿੱਧਿਆਂ ਉਪਭੋਗਤਾ ਕੀਮਤ ਸੂਚਕ ਅੰਕ ਨਾਲ ਜੁੜਿਆ ਹੁੰਦਾ ਹੈ ।ਇਸ ਹਿਸਾਬ ਮਹਿੰਗਾਈ ਭੱਤਾ ਸਿਰਫ 5 ਫੀਸਦੀ ਤੋਂ 8 ਫੀਸਦੀ ਦੇ ਨੇੜੇ-ਤੇੜੇ ਵਧੇਗਾ, ਜਦਕਿ ਉਸ ਨੂੰ ਬਾਜ਼ਾਰ ਵਿਚੋਂ ਵਸਤੂਆਂ 33 ਫੀਸਦੀ ਵਧੇ ਰੇਟਾਂ 'ਤੇ ਖਰੀਦਣੀਆਂ ਪੈਂਦੀਆਂ ਹਨ ।

ਦੇਸ਼ ਦੀ ਕੁੱਲ ਆਬਾਦੀ ਦਾ ਲੱਗਭੱਗ 57 ਫੀਸਦੀ ਹਿੱਸਾ ( 82 ਕਰੋੜ ਲੋਕ ) ਮੁਫ਼ਤ ਮਿਲਦੇ ਅਨਾਜ ਅਤੇ ਦਾਲਾਂ ਵਗੈਰਾ ਉੱਤੇ ਨਿਰਭਰ ਹੈ ।28 ਨਵੰਬਰ 2023 ਨੂੰ ਹੋਈ ਕੈਬਨਿਟ ਮੀਟਿੰਗ ਵਿੱਚ ਗਰੀਬ ਕਲਿਆਣ ਅੰਨ ਯੋਜਨਾ, ਜਿਸ ਤਹਿਤ 5 ਕਿੱਲੋ ਰਾਸ਼ਨ ਮੁਫ਼ਤ ਮੁਹੱਈਆ ਕਰਵਾਇਆ ਜਾਂਦਾ ਹੈ, ਅਗਲੇ ਪੰਜ ਸਾਲਾਂ ਲਈ ਵਧਾ ਦਿੱਤੀ ਗਈ ਹੈ । ਇਸ ਯੋਜਨਾ ਕਾਰਨ ਭਾਰਤ ਦੇ ਖ਼ਜ਼ਾਨੇ ਉੱਪਰ 11.8 ਲੱਖ ਕਰੋੜ ਰੁਪਏ ਦਾ ਭਾਰ ਪੈਣ ਦਾ ਅੰਦਾਜ਼ਾ ਹੈ, ਜਿਸ ਨੇ ਜੇਬ 'ਚੋਂ ਪੈਸੇ ਖਰਚ ਕਰਕੇ ਬਜ਼ਾਰੋਂ ਦਾਲ ਖਰੀਦਣ ਨਹੀਂ ਜਾਣਾ ਜਾਂ ਜਿਸ ਦੇ ਘਰ ਚੜ੍ਹੇ ਮਹੀਨੇ ਕਣਕ ਦੇ ਗੱਟੇ ਮੁਫ਼ਤ ਪਹੁੰਚ ਜਾਣ, ਉਸ ਨੂੰ ਮਹਿੰਗਾਈ ਵਧਣ ਨਾਲ ਕੀ ਫਰਕ ਪੈਣ ਲੱਗਿਆ ਹੈ? ਉਸ ਨੂੰ ਕੀ ਲੋੜ ਹੈ ਕਿ ਉਹ ਮਹਿੰਗਾਈ ਵਿਰੁੱਧ ਆਵਾਜ਼ ਉਠਾਵੇ ।

ਪੰਜਾਬ ਸਮੇਤ ਕਈ ਰਾਜਾਂ ਵਿੱਚ ਇਸਤਰੀਆਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਉਪਲੱਬਧ ਹੈ। ਇਹ ਸਹੂਲਤ ਬਿਨਾਂ ਕਿਸੇ ਉਮਰ ਦੇ ਭੇਦਭਾਵ ਦੇ ਬਿਨਾਂ ਗਰੀਬੀ ਅਮੀਰੀ ਦੇਖਿਆਂ ਸਿਰਫ ਅਧਾਰ ਕਾਰਡ ਦੇਖ ਕੇ ਸਾਰੀਆਂ ਔਰਤਾਂ ਨੂੰ ਮਿਲਦੀ ਹੈ ।ਅੱਡੇ 'ਤੇ ਖੜ੍ਹੀਆਂ ਔਰਤਾਂ ਸਰਕਾਰੀ ਬੱਸ ਨੂੰ ਉਡੀਕੀ ਜਾਣਗੀਆਂ ।ਇਸ ਸਹੂਲਤ ਲਈ ਔਰਤਾਂ ਅਤੇ ਮੁਲਾਜ਼ਮਾਂ ਵਿੱਚ ਤਕਰਾਰ ਦੀਆਂ ਖਬਰਾਂ ਵੀ ਆਮ ਹੀ ਪੜ੍ਹੀਦੀਆਂ ਹਨ ।ਵਿੱਤੀ ਵਰ੍ਹੇ 2023 -24 ਵਿੱਚ ਪੰਜਾਬ ਸਰਕਾਰ ਨੂੰ ਇਹ ਸਹੂਲਤ 694.64 ਕਰੋੜ ਰੁਪਏ ਵਿੱਚ ਪਈ ਹੈ । ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਨੁਸਾਰ ਪਿਛਲੇ 28 ਮਹੀਨਿਆਂ ਵਿਚ ਔਰਤਾਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ ਸਹੂਲਤ ਉੱਤੇ ਪੰਜਾਬ ਸਰਕਾਰ ਨੇ 1548. 25 ਕਰੋੜ ਰੁਪਏ ਖਰਚੇ ਹਨ । ਇਸ ਤੋਂ ਇਲਾਵਾ ਰਿਆਇਤੀ ਦਰਾਂ 'ਤੇ ਸਟੂਡੈਂਟ ਪਾਸ ਵੀ ਬਣਾਏ ਜਾਂਦੇ ਹਨ । ਜੇਕਰ ਆਪਣਾ ਘਾਟਾ ਪੂਰਾ ਕਰਨ ਲਈ ਸਰਕਾਰ ਬੱਸ ਟਿਕਟ ਦੇ ਰੇਟ ਦੋ ਵਾਰ ਵਧਾ ਵੀ ਦੇਵੇ ਤਾਂ ਮੁਫ਼ਤ ਦੀ ਸਹੂਲਤ ਪਾਉਣ ਵਾਲਿਆਂ ਨੂੰ ਕੀ ਫਰਕ ਪੈਣ ਲੱਗਿਐ । ਵਧੇ ਰੇਟਾਂ ਖਿਲਾਫ ਉਹ ਕਿਉਂ ਰੌਲਾ ਪਾਉਣਗੇ ਭਲਾ ?

ਦੇਸ਼ ਦੀ ਕੁੱਲ ਆਬਾਦੀ ਦਾ ਇੱਕ ਵੱਡਾ ਹਿੱਸਾ ਸਕੂਲ ਵਿੱਚੋਂ ਕਾਪੀਆਂ, ਕਿਤਾਬਾਂ, ਕੋਟੀਆਂ ਕੱਪੜੇ, ਬੂਟ, ਫੀਸਾਂ ਅਤੇ ਮਿੱਡ ਡੇ ਮੀਲ ਮੁਫ਼ਤ ਲੈਂਦੇ ਹਨ । ਇਹਨਾਂ ਵਸਤੂਆਂ ਦੇ ਰੇਟ ਹਰ ਸਾਲ ਵਧਦੇ ਹਨ । ਫਰਕ ਕਿਸ ਨੂੰ ਪੈਂਦਾ ਹੈ, ਸਰਕਾਰਾਂ ਨੂੰ , ਜਿਸ ਨੇ ਇਹ ਵਸਤੂਆਂ ਫਰੀ ਵਿੱਚ ਵੰਡਣੀਆਂ ਹੁੰਦੀਆਂ ਹਨ ਜਾਂ ਫਿਰ ਉਸ ਦਰਮਿਆਨੇ ਤਬਕੇ ਨੂੰ, ਜਿਸ ਨੂੰ ਜੇਬ ਹੌਲੀ ਕਰਨੀ ਪੈਂਦੀ ਹੈ । ਇਹਨਾ ਦੀਆਂ ਕੀਮਤਾਂ ਵਧੀਆਂ ਤੋਂ ਮੁਫ਼ਤ ਪ੍ਰਾਪਤ ਕਾਰਨ ਵਾਲਾ ਵਰਗ ਰੌਲਾ ਕਿਉਂ ਪਾਵੇਗਾ ਭਲਾ?

ਹਰ ਸਾਲ, ਛੇ ਮਹੀਨੇ ਬਾਅਦ ਬਿਜਲੀ ਦੀਆਂ ਦਰਾਂ ਵਿੱਚ ਸਰਕਾਰਾਂ ਦੁਆਰਾ ਵਾਧਾ ਕਰ ਦਿੱਤਾ ਜਾਂਦਾ ਹੈ । ਪਤਾ ਕਿਸ ਨੂੰ ਲੱਗਦਾ ਹੈ, ਜਿਸ ਨੇ ਬਿੱਲ ਭਰਨਾ ਹੁੰਦਾ ਹੈ । ਵੋਟਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਗਰੰਟੀਆਂ ਵਿੱਚੋਂ ਇਹ ਵੀ ਇੱਕ ਮਹੱਤਵਪੂਰਨ ਗਰੰਟੀ ਹੁੰਦੀ ਹੈ । ਕਿਤੇ ਫਰੀ ਯੂਨਿਟਾਂ, ਕਿਤੇ ਸਬਸਿਡੀ । ਪੰਜਾਬ ਵਿੱਚ ਹਰ ਅਮੀਰ-ਗਰੀਬ ਪਰਵਾਰ ਨੂੰ ਘਰੇਲੂ ਬਿਜਲੀ ਖਪਤ ਲਈ 300 ਯੂਨਿਟ ਪ੍ਰਤੀ 30 ਦਿਨ ਦੇ ਮੁਆਫ਼ ਹਨ । ਲੱਗਭੱਗ 90 ਫੀਸਦੀ ਪੰਜਾਬੀਆਂ ਨੂੰ ਘਰੇਲੂ ਬਿਜਲੀ ਦਾ ਬਿੱਲ ਜ਼ੀਰੋ ਆਉਂਦਾ ਹੈ , ਅਜਿਹਾ ਪੰਜਾਬ ਸਰਕਾਰ ਦਾ ਦਾਅਵਾ ਹੈ । ਇਕੱਲੇ ਖੇਤੀਬਾੜੀ ਸੈਕਟਰ ਨੂੰ ਮੁਫ਼ਤ ਬਿਜਲੀ ਸਟੇਟ ਜੀ ਡੀ ਪੀ ਦਾ 2 ਤੋਂ 2.25 ਫੀਸਦੀ ਬਣਦੀ ਹੈ । ਹੈਰਾਨ ਹੋਵੋਗੇ ਇਹ ਜਾਣ ਕਰ ਕਿ ਪਿਛਲੇ 27 ਸਾਲਾਂ ਵਿੱਚ ਖੇਤੀਬਾੜੀ ਮੁਫ਼ਤ ਬਿਜਲੀ ਲਈ 123904 .84 ਕਰੋੜ ਰੁਪਏ ਸਰਕਾਰ ਨੇ ਸਬਸਿਡੀ ਦੇ ਰੂਪ ਵਿਚ ਦਿੱਤੇ ਹਨ । ਵਿੱਤੀ ਵਰ੍ਹੇ 2024-25 ਲਈ ਕੁੱਲ 21909 ਕਰੋੜ ( ਖੇਤੀਬਾੜੀ 10175 ਕਰੋੜ, ਘਰੇਲੂ ਖਪਤ , 8785 ਕਰੋੜ ਅਤੇ ਸਨਅਤ ਲਈ 2949 ਕਰੋੜ) ਦਾ ਬਿਜਲੀ ਸਬਸਿਡੀ ਦਾ ਬਿੱਲ ਬਣੇਗਾ ।

ਇਸ ਤਰ੍ਹਾਂ ਦੇਸ਼ ਵਿੱਚ ਇੱਕ ਵਰਗ ਅਜਿਹਾ ਪੈਦਾ ਹੋ ਗਿਆ ਹੈ, ਜਿਸ ਨੂੰ ਮਹਿੰਗਾਈ ਵਧਣ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ । ਬਿੱਲਕੁੱਲ ਉਸੇ ਤਰ੍ਹਾਂ ਜਿਵੇਂ, ਪਿਆਜ਼ ਨਾ ਖਾਣ ਵਾਲੇ ਨੂੰ ਪਿਆਜ਼ ਦੀਆਂ ਕੀਮਤਾਂ ਵਧਣ ਨਾਲ ਕੀ ਲੈਣਾ-ਦੇਣਾ । ਉਪਰੋਕਤ ਮੁਫ਼ਤ ਰਿਆਇਤਾਂ ਦਾ ਅਨੰਦ ਮਾਨਣ ਵਾਲੇ ਵਰਗ ਤੋਂ ਇਲਾਵਾ ਇੱਕ ਵਰਗ ਹੋਰ ਹੈ, ਜਿਸ ਨੂੰ ਮਹਿੰਗਾਈ ਦੇ ਮੁੱਦੇ ਨਾਲ ਕੋਈ ਲਾਗਾ-ਦੇਗਾ ਨਹੀਂ , ਉਹ ਹੈ ਉੱਚ ਕੁਲੀਨ ਵਰਗ । ਇਸ ਵਰਗ ਕੋਲ ਬੇਤਹਾਸ਼ਾ ਆਮਦਨ ਹੋਣ ਕਾਰਨ ਮਹਿੰਗਾਈ ਉਹਨਾਂ ਨੂੰ ਚੁੱਭਦੀ ਨਹੀਂ । 'ਚਿੜੀ ਚੋਂਚ ਭਰ ਲੇ ਗਈ' ਵਾਲੀ ਕਹਾਵਤ ਉਹਨਾਂ ਉੱਤੇ ਪੂਰੀ ਢੁੱਕਦੀ ਹੈ । ਬਚਿਆ ਸਿਰਫ ਮੱਧ ਵਰਗ । ਟੈਕਸਾਂ ਦੀਆਂ ਵਧੀਆਂ ਹੋਈਆਂ ਦਰਾਂ ਵੀ ਇਸ ਮੱਧ ਵਰਗ ਦੁਆਰਾ ਹੀ ਝੱਲੀਆਂ ਜਾਂਦੀਆਂ ਹਨ ਅਤੇ ਵਧੇ ਹੋਏ ਟੈਕਸਾਂ ਕਾਰਨ ਵਧੀ ਹੋਈ ਮਹਿੰਗਾਈ ਦੀ ਮਾਰ ਵੀ ਇਹੀ ਵਰਗ ਝੱਲਦਾ ਹੈ ।

ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਅਨੁਸਾਰ 2023- 24 ਦੇ ਵਿੱਤੀ ਵਰ੍ਹੇ ਦੌਰਾਨ 8.09 (6.68 ਫੀਸਦੀ) ਕਰੋੜ ਲੋਕਾਂ ਨੇ ਇਨਕਮ ਟੈਕਸ ਰਿਟਰਨ ਭਰੀ ਸੀ, ਜਿਸ ਵਿਚੋਂ 4.90 ਕਰੋੜ ਲੋਕਾਂ ਨੇ ਟੈਕਸ ਦਿੱਤਾ ਜ਼ੀਰੋ । ਪਿੱਛੇ ਰਹੇ 3.19 ਕਰੋੜ ਲੋਕ, ਜੋ ਕਿ ਕੁੱਲ ਆਬਾਦੀ ਦਾ 2.23 ਫੀਸਦੀ ਬਣਦੇ ਹਨ , ਜਿਨ੍ਹਾਂ ਨੇ ਇਨਕਮ ਟੈਕਸ ਦਿੱਤਾ । ਦੇਸ਼ ਵਿੱਚ ਹਰ ਸਾਲ ਇੱਕ ਫਰਵਰੀ ਨੂੰ ਅੱਗੇ ਆਉਣ ਵਾਲੇ ਵਿੱਤੀ ਵਰ੍ਹੇ ਲਈ ਦੇਸ਼ ਦਾ ਵਿੱਤ ਮੰਤਰੀ ਬਜਟ ਪੇਸ਼ ਕਰਦਾ ਹੈ । ਸਾਰੇ ਦੇਸ਼ ਦੀ ਸਿਰਫ 2.23 ਫੀਸਦੀ, ਉਹ ਅਬਾਦੀ ਜਿਹੜੀ ਟੈਕਸ ਦਿੰਦੀ ਹੈ , ਦਾ ਹੀ ਇਹ ਬਜਟ ਧਿਆਨ ਖਿੱਚਦਾ ਹੈ । ਬਾਕੀ ਲੱਗਭੱਗ 98 ਫੀਸਦੀ ਲੋਕਾਂ ਲਈ ਬਜਟ ਕਿਸ ਚਿੜੀਆ ਕਾ ਨਾਂਅ ਹੈ, ਵਾਲੀ ਬਾਤ ਹੀ ਹੁੰਦੀ ਹੈ । ਉਪਰੋਕਤ ਕੁਝ ਕੁ ਕਾਰਨ ਹਨ, ਜਿਸ ਕਾਰਨ ਮਹਿੰਗਾਈ ਖਿਲਾਫ ਰੌਲਾ ਪਾਉਣ ਵਾਲੇ ਲੋਕ ਬਹੁਤ ਘੱਟ ਰਹਿ ਜਾਂਦੇ ਹਨ ।

ਇੱਕ ਗੱਲ ਹੋਰ ਵੀ ਸਮਝਣ ਵਾਲੀ ਹੈ ਕਿ ਮੁਫ਼ਤ ਦੀਆਂ ਰਿਓੜੀਆਂ ਵੰਡਣ ਵਿੱਚ ਨਾ ਹੀ ਰਾਜ ਸਰਕਾਰਾਂ ਅਤੇ ਨਾ ਹੀ ਕੇਂਦਰ ਸਰਕਾਰ ਇੱਕ-ਦੂਜੇ ਤੋਂ ਪਿੱਛੇ ਹਨ । ਹਾਂ, ਇਸ ਹਾਲਤ ਲਈ ਦੋਵੇਂ ਹੀ ਇੱਕ-ਦੂਜੇ ਨੂੰ ਜ਼ੁੰਮੇਵਾਰ ਜ਼ਰੂਰ ਠਹਿਰਾਉਂਦੇ ਹਨ । ਹੁਣ ਤਾਂ ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਚ, ਜਿਸ ਵਿੱਚ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਸ਼ਾਮਿਲ ਹਨ , ਨੇ ਵੀ 12 ਫਰਵਰੀ ਨੂੰ ਆਪਣੀ ਸਖ਼ਤ ਟਿੱਪਣੀ ਵਿੱਚ ਮੁਫ਼ਤ ਦੀਆਂ ਰਿਉੜੀਆਂ ਬਾਬਤ ਸਰਕਾਰਾਂ ਨੂੰ ਝਾੜ ਪਾਈ ਹੈ ਅਤੇ ਕਿਹਾ ਹੈ ਕਿ ਜਿਸ ਨੂੰ ਬਿਨਾਂ ਕੰਮ ਕੀਤਿਆਂ ਰਾਸ਼ਨ ਅਤੇ ਪੈਸਾ ਮਿਲ ਰਿਹਾ ਹੈ, ਉਹ ਕੰਮ ਕਿਉਂ ਕਰੇਗਾ ਭਲਾ? ਸੁਪਰੀਮ ਕੋਰਟ ਦੀ ਇਹ ਟਿੱਪਣੀ ਰਾਜਨੀਤਕ ਦਲਾਂ ਲਈ ਅਤੇ ਫਰੀ ਦਾ ਸਭ ਕੁਝ ਪ੍ਰਾਪਤ ਕਰਨ ਵਾਲਿਆਂ ਲਈ ਚਿੰਤਾ ਦਾ ਵਿਸ਼ਾ ਹੋ ਸਕਦੀ ਹੈ ।ਸਰਕਾਰਾਂ ਦਾ ਫਰਜ਼ ਹੈ ਕਿ ਮੁਫ਼ਤ ਦੀਆਂ ਵਸਤੂਆਂ ਉੱਪਰ ਕੀਤਾ ਜਾਣ ਵਾਲਾ ਖਰਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵੱਲ ਸੇਧਤ ਕੀਤਾ ਜਾਵੇ, ਜਿਸ ਨਾਲ ਦੇਸ਼ ਦਾ ਵਿਕਾਸ ਵੀ ਹੋਵੇਗਾ ਅਤੇ ਭੁੱਖਮਰੀ ਵਗੈਰਾ ਉੱਪਰ ਕਾਬੂ ਪਾ ਕੇ ਦੇਸ਼ ਦੀ ਦਿੱਖ ਵਿੱਚ ਸੁਧਾਰ ਵੀ ਹੋਵੇਗਾ ।

ਇਸੇ ਲਈ ਮਹਿੰਗਾਈ ਸਿਰਫ ਉਹਨਾਂ ਨੂੰ ਹੀ ਚੁੱਭਦੀ ਹੈ, ਜਿਨ੍ਹਾਂ ਕੁੱਲ ਵਸਤੂ ਜੇਬ ਵਿਚੋਂ ਪੈਸੇ ਖਰਚ ਕਰਕੇ ਘਰ ਲਿਆਉਣੀ ਹੁੰਦੀ ਹੈ ਅਤੇ ਨਾਲ ਹੀ ਦੇਸ਼ ਅਤੇ ਰਾਜਾਂ ਦੀਆਂ ਸਰਕਾਰਾਂ ਲਈ ਵੋਟਾਂ ਖਾਤਰ ਮੁਫ਼ਤ ਦੀਆਂ ਚੀਜ਼ਾਂ ਦਾ ਪ੍ਰਬੰਧ ਟੈਕਸ ਜ਼ਰੀਏ ਕਰਕੇ ਦੇਣਾ ਹੁੰਦਾ ਹੈ । ਲੋੜ ਹੈ ਲੋਕਾਂ ਦਾ ਕਚੂੰਮਰ ਕੱਢ ਰਹੀ ਮਹਿੰਗਾਈ ਨੂੰ ਕਾਬੂ ਕਰਨ ਵੱਲ ਸਰਕਾਰਾਂ ਧਿਆਨ ਦੇਣ ਅਤੇ ਸਾਰੀਆਂ ਧਿਰਾਂ ਪਿਸ ਰਹੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ।

**# ਸੰਪਰਕ : 98727-87243**

# 1 ਕਿਲੋ 46 ਗ੍ਰਾਮ ਹੈਰੋਇਨ, ਇੱਕ ਮੋਟਰਸਾਈਕਲ ਤੇ ਦੋ ਮੋਬਾਇਲ ਫੋਨ ਸਮੇਤ 8 ਤਸਕਰ ਗ੍ਰਿਫ਼ਤਾਰ



**ਫਿਰੋਜ਼ਪੁਰ (ਗੁਰਬਚਨ ਸਿੰਘ)** ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਸਿੱਧੂ ਦੀਆਂ ਹਦਾਇਤਾਂ 'ਤੇ ਨਸ਼ਾ ਤਸਕਰਾਂ ਖਿਲਾਫ ਮੁਹਿੰਮ ਵਿੱਢੀ ਹੋਈ।ਇਸ ਦੇ ਚੱਲਦੇ ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ 8 ਤਸਕਰਾਂ ਕੋਲੋਂ 1 ਕਿਲੋ 46 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ ਵੱਖ-ਵੱਖ ਥਾਣਿਆਂ ਵਿਚ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਕੁੱਲਗੜ੍ਹੀ ਪੁਲਿਸ ਦੇ ਐਸਆਈ ਨਿਰਮਲ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਰਵਾਨਾ ਪਿੰਡ ਮੱਲਵਾਲ ਕਦੀਮ, ਸਾਂਦੇ ਹਾਸ਼ਮ, ਕੁੱਲਗੜ੍ਹੀ ਆਦਿ ਸੀ ਤਾਂ ਜਦ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਨੇੜੇ ਪਿੰਡ ਸਾਂਦੇ ਹਾਸ਼ਮ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਮੱਲੋਵਾਲਾ ਥਾਣਾ ਜ਼ੀਰਾ ਤੇ ਸੋਨੀ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਮੱਲੋਵਾਲਾ ਆਪਣੇ ਮੋਟਰਸਾਈਕਲ 'ਤੇ ਭਾਰੀ ਮਾਤਰਾ ਵਿਚ ਹੈਰੋਇਨ ਵੇਚਣ ਲਈ ਪਿੰਡ ਸਾਂਦੇ ਹਾਸ਼ਮ ਦੀ ਦਾਣਾ ਮੰਡੀ ਵਿਚ ਖੜੇ ਕਿਸੇ ਦੀ ਉਡੀਕ ਕਰ ਰਹੇ ਹਨ।ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿਚ ਹੈਰੋਇਨ ਸਮੇਤ ਕਾਬੂ ਆ ਸਕਦੇ ਹਨ।ਪੁਲਸ ਨੇ ਦੱਸਿਆ ਕਿ ਜਦ ਉਕਤ ਜਗ੍ਹਾ 'ਤੇ ਛਾਪੇਮਾਰੀ ਕੀਤੀ ਤਾਂ ਉਕਤ ਦੋਸ਼ੀਆਨ ਕੋਲੋਂ 1 ਕਿਲੋ 13 ਗ੍ਰਾਮ ਹੈਰੋਇਨ, ਇਕ ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰੀ ਅਤੇ ਇਕ ਮੋਬਾਇਲ ਫੋਨ ਰੈਡਮੀ ਤੇ ਵੀਵੋ ਬਰਾਮਦ ਹੋਇਆ।ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਕਰਦੀ ਹੋਈ ਦਵਤਾਰ ਮਾਰਕੀਟ ਦੇ ਸਾਹਮਣੇ ਖੰਡਰ ਕੋਲ ਪੁੱਜੀ ਤਾਂ ਖੰਡਰ ਬਿਲਡਿੰਗ ਦੇ ਅੰਦਰ ਤਿੰਨ ਨੌਜਵਾਨ ਸੁਨੀਲ ਪੁੱਤਰ ਰਤਨ ਉਰਫ ਰਤਨੀ ਵਾਸੀ ਗਲੀ ਟਾਵਰ ਵਾਲੀ ਬਸਤੀ ਸ਼ੇਖਾਂ ਵਾਲੀ ਫਿਰੋਜ਼ਪੁਰ ਸ਼ਹਿਰ, ਵਿਨੈ ਪੁੱਤਰ ਵਿਜੈ ਵਾਸੀ ਗਲੀ ਭੰਡਾਰੀਆਂ ਵਾਲੀ ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ ਸ਼ਹਿਰ ਹਾਲ ਗਲੀ ਗੁਰਦੁਆਰਾ ਸਾਹਿਬ ਸ਼ਾਂਤੀ ਨਗਰ ਫਿਰੋਜ਼ਪੁਰ ਸ਼ਹਿਰ ਤੇ ਗੋਬਿੰਦਾ ਪੁੱਤਰ ਜਨਕ ਰਾਜ ਵਾਸੀ ਪੁਰਾਣੀ ਸਬਜ਼ੀ ਮੰਡੀ ਨੇੜੇ ਬਗਦਾਦੀ ਗੇਟ ਫਿਰੋਜ਼ਪੁਰ ਸ਼ਹਿਰ ਵਿਖਾਈ ਦਿੱਤੇ, ਜੋ ਪੁਲਿਸ ਪਾਰਟੀ ਨੂੰ ਵੇਖ ਕੇ ਭੱਜਣ ਲੱਗੇ ਤਾਂ ਗ੍ਰਿਫ਼ਤਾਰ ਕਰਕੇ ਇਨ੍ਹਾਂ ਦੇ ਕੋਲੋਂ 12 ਗ੍ਰਾਮ ਹੈਰੋਇਨ ਬਰਾਮਦ ਹੋਈ। ਉਧਰ ਥਾਣਾ ਮਮਦੋਟ ਪੁਲਿਸ ਦੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਦਾਣਾ ਮੰਡੀ ਮਮਦੋਟ ਤੋਂ ਦੋਸ਼ੀਆਨ ਮਲਕੀਤ ਸਿੰਘ ਉਰਫ ਕਾਲੂ ਪੁੱਤਰ ਸੋਨਾ ਸਿੰਘ ਵਾਸੀ ਲੱਖਾ ਸਿੰਘ ਵਾਲਾ ਹਿਠਾੜ ਮਮਦੋਟ ਅਤੇ ਵੀਰ ਚੰਦ ਉਰਫ ਵੀਰੂ ਪੁੱਤਰ ਮਹਿੰਦਰਪਾਲ ਵਾਸੀ ਬੱਟੂ ਕਦੀਮ ਨੂੰ ਕਾਬੂ ਕਰਕੇ ਇਨ੍ਹਾਂ ਦੇ ਕਬਜ਼ੇ ਵਿਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ।ਥਾਣਾ ਮੱਲਾਂਵਾਲਾ ਪੁਲਿਸ ਦੇ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਨੇ ਦਾਣਾ ਮੰਡੀ ਮੱਲਾਂਵਾਲਾ ਕੋਲ ਇਕ ਮੋਨਾ ਨੌਜਵਾਨ ਜਗਨੈਲ ਸਿੰਘ ਪੁੱਤਰ ਵਿਰਸਾ ਸਿੰਘ ਵਾਸੀ ਸੋਢੀ ਨਗਰ ਨੂੰ 11 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ।ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਸਿੱਖਿਆ ਦਾ ਅਧਿਕਾਰ ਕਾਨੂੰਨ ਨੂੰ ਹੂਬਹੂ ਲਾਗੂ ਨਾ ਕਰਨ ਦੇ ਵਿਰੋਧ 'ਚ ਧਰਨਾ



**ਧੂਰੀ (ਮੋਹਿਤ ਗਰਗ, ਬਿਨੀ ਗਰਗ)**-ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਨੇ ਹਮਖਿਆਲੀ ਜਥੇਬੰਦੀਆਂ ਦੇ ਸਹਿਯੋਗ ਨਾਲ ਪੰਜਾਬ ਦੇ ਸਕੂਲਾਂ ਵਿੱਚ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਨੂੰ ਹੂਬਹੂ ਲਾਗੂ ਨਾ ਕਰਨ ਦੇ ਰੋਸ ਵਜੋਂ ਕੱਕੜਵਾਲ ਚੌਕ ਵਿਖੇ ਧਰਨਾ ਲਾਉਂਦਿਆਂ ਆਵਾਜਾਈ ਠੱਪ ਕਰਦਿਆਂ ਨਾਅਰੇਬਾਜ਼ੀ ਕੀਤੀ ਗਈ।ਧਰਨੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਵਿੱਕੀ ਪਰੋਚਾ ਨੇ ਕਿਹਾ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਜੋ ਪਿਛਲੇ 15 ਸਾਲਾਂ ਤੋਂ ਪੰਜਾਬ ਨੂੰ ਛੱਡ ਕੇ ਪੂਰੇ ਭਾਰਤ ਵਿੱਚ ਲਾਗੂ ਹੈ, ਜਿਸ ਤਹਿਤ ਗੈਰ ਸਹਾਇਤਾ ਪ੍ਰਾਪਤ ਤੇ ਪ੍ਰਾਈਵੇਟ ਸਕੂਲਾਂ ਵਿੱਚ 25 ਫ਼ੀਸਦੀ ਹਰ ਵਰਗ ਦੇ ਗਰੀਬ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਮੁਫ਼ਤ ਵਿਦਿਆ ਦੇਣੀ ਹੈ, ਜਿਸ ਤਹਿਤ ਕੇਂਦਰ ਸਰਕਾਰ ਨੇ 65% ਤੇ ਪੰਜਾਬ ਸਰਕਾਰ 35% ਖਰਚਾ ਸਕੂਲ ਨੂੰ ਦੇਣਾ ਹੈ।ਉਨ੍ਹਾਂ ਕਿਹਾ ਕਿ ਭਾਵੇਂ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਹਾਈਕੋਰਟ ਨੇ ਹੁਕਮ ਜਾਰੀ ਕਰ ਦਿੱਤੇ ਹਨ, ਪਰ ਕੁਝ ਸਕੂਲਾਂ ਦੇ ਮੁਖੀ ਬੱਚਿਆਂ ਨੂੰ ਸਕੂਲ ਵਿੱਚ ਭਰਤੀ ਕਰਨ ਲਈ ਟਾਲ ਮਟੋਲ ਕਰ ਰਹੇ ਹਨ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਗੁੰਮਰਾਹ ਕਰ ਰਹੇ ਹਨ।ਉਨ੍ਹਾਂ ਮੰਗ ਕੀਤੀ ਕਿ ਸਕੂਲਾਂ ਦੀਆਂ ਮਨ ਮਰਜ਼ੀਆਂ ਨੂੰ ਰੋਕਣ ਲਈ ਜ਼ਿਲ੍ਹਾ ਪੱਧਰੀ ਤੇ ਬਲਾਕ ਪੱਧਰੀ ਕਮੇਟੀਆਂ ਨਿਯੁਕਤ ਕੀਤੀਆਂ ਜਾਣ ਅਤੇ ਗਰੀਬ ਬੱਚਿਆਂ ਦੀ ਪਹਿਲੀ ਕਲਾਸ ਤੋਂ ਅੱਠਵੀਂ ਕਲਾਸ ਤੱਕ 25% ਭਰਤੀ ਇਸੇ ਅਕਾਦਮਿਕ ਸ਼ੈਸਨ ਤੋਂ ਕੀਤਾ ਜਾਵੇ ਅਤੇ ਹੁਕਮਾਂ ਦੀ ਅਦੂਲੀ ਕਰਨ ਵਾਲੇ ਸਕੂਲਾਂ ਦੀ ਮਾਨਤਾ ਰੱਦ ਕੀਤੀ ਜਾਵੇ।

# ਸਰਕਾਰ ਵਾਅਦੇ ਅਨੁਸਾਰ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਦੇਵੇ ਮਾਨਤਾ : ਧੰਨਾ ਮੱਲ ਗੋਇਲ



**ਮੋਗਾ (ਇਕਬਾਲ ਸਿੰਘ ਖਹਿਰਾ)** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਜ਼ਿਲ੍ਹਾ ਮੋਗਾ ਵੱਲੋਂ ਦਸਵਾਂ ਡੈਲੀਗੇਟ ਅਜਲਾਸ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਬਟੁਕੇਸ਼ਵਰ ਦੱਤ ਦੀ ਨਿੱਘੀ ਯਾਦ ਨੂੰ ਸਮਰਪਤ ਗਿੱਲ ਪੈਲੇਸ ਵਿਖੇ ਕੀਤਾ ਗਿਆ, ਜਿਸ ਵਿੱਚ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਸੂਬਾ ਚੇਅਰਮੈਨ ਐਚ ਐਸ ਰਾਣੂ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਅਜਲਾਸ ਦੀ ਸ਼ੁਰੂਆਤ ਸ਼ਹੀਦਾਂ ਦੀਆਂ ਤਸਵੀਰਾਂ 'ਤੇ ਫੁੱਲ ਮਾਲਾ ਭੇਟ ਕਰਕੇ ਤੇ ਝੰਡਾ ਲਹਿਰਾ ਕੇ ਅਕਾਸ਼ ਗੁੰਜਾਊ ਨਾਅਰਿਆਂ ਨਾਲ ਕੀਤੀ ਗਈ।ਇਸ ਮੌਕੇ ਪਿਛਲੇ ਸਮੇਂ ਵਿੱਚ ਜਥੇਬੰਦੀ ਦੇ ਵਿਛੜੇ ਆਗੂ ਪਰਵਾਰਕ ਮੈਂਬਰ ਵੱਖ-ਵੱਖ ਸੰਘਰਸ਼ਾਂ ਵਿੱਚ ਸ਼ਹੀਦ ਹੋਏ ਕਿਸਾਨ ਮਜ਼ਦੂਰ ਤੇ ਸਰਕਾਰੀ ਤਸ਼ੱਦਦ ਨਾਲ ਵਿਛੜੇ ਇਲਾਜ ਖੁਣੋਂ ਬੇਵਕਤੀ ਮੌਤ ਦੇ ਮੂੰਹ ਵਿੱਚ ਚਲੇ ਗਏ ਲੋਕਾਂ ਨੂੰ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਪ੍ਰਧਾਨ ਜਸਵੀਰ ਸਿੰਘ ਸਹਿਗਲ ਤੇ ਚੇਅਰਮੈਨ ਬਲਦੇਵ ਸਿੰਘ ਧੂੜਕੋਟ ਨੇ ਕਿਹਾ ਕਿ ਡੈਲੀਗੇਟ ਅਜਲਾਸ ਹਰੇਕ ਜਥੇਬੰਦੀ ਦਾ ਬਹੁਤ ਹੀ ਮਹੱਤਵਪੂਰਨ ਪ੍ਰੋਗਰਾਮ ਹੁੰਦਾ ਹੈ ਇਸ ਪ੍ਰੋਗਰਾਮ ਵਿੱਚ ਜਥੇਬੰਦੀ ਵੱਲੋਂ ਪਿਛਲੇ ਸਮੇਂ ਵਿੱਚ ਕੀਤੀਆਂ ਗਤੀਵਿਧੀਆਂ ਸਮੀਖਿਆ ਕਰਨੀ ਹੁੰਦੀ ਹੈ ਤੇ ਰਹਿ ਗਈਆਂ ਕਮੀਆਂ ਉੱਪਰ ਚੁੱਲ੍ਹ ਕੇ ਬਹਿਸ, ਵਟਾਂਦਰਾ ਕਰਨਾ ਹੁੰਦਾ ਹੈ।ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਚੇਅਰਮੈਨ ਐਚ ਐਸ ਰਾਣੂ, ਗੁਰਮੇਲ ਸਿੰਘ ਮਾਛੀਕੇ ਨੇ ਡੈਲੀਗੇਟ ਅਜਲਾਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦੀ ਵੱਲੋਂ ਪਿਛਲੇ ਸਮੇਂ ਵਿੱਚ ਜਦੋਂ ਪੰਜਾਬ ਦੇ ਕਿਸੇ ਕੋਨੇ 'ਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਕੋਈ ਵੀ ਸਮੱਸਿਆ ਆਈ ਹੈ ਤਾਂ ਜਥੇਬੰਦੀ ਵੱਲੋਂ ਬਿਨਾਂ ਕਿਸੇ ਦੇਰੀ ਦੇ ਦਖਲਅੰਦਾਜ਼ੀ ਕਰਕੇ ਮਸਲੇ ਨੂੰ ਹੱਲ ਕੀਤਾ ਹੈ।ਪੰਜਾਬ ਅੰਦਰ ਜਦੋਂ ਵੀ ਵਿਧਾਨ ਸਭਾ ਚੋਣਾਂ, ਲੋਕ ਸਭਾ ਜਾਂ ਫਿਰ ਜ਼ਿਮਨੀ ਚੋਣਾਂ ਦਾ ਸਮਾਂ ਆਇਆ ਤਾਂ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਲੋਕ ਕਚਿਹਰੀ ਸਵਾਲ ਜਵਾਬ ਮੁਹਿੰਮ ਵਿੱਢੀ ਗਈ ਤੇ ਮੰਗ ਪੱਤਰ ਦਿੱਤੇ ਗਏ, ਜਿਸ ਦੀ ਬਦੌਲਤ ਸੂਬਾ ਕਮੇਟੀ ਨੂੰ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨਾਲ ਪੈਨਲ ਮੀਟਿੰਗ ਸਬੰਧੀ ਡਾਇਰੈਕਟਰ ਪਰਵਾਰ ਭਲਾਈ ਵਿਭਾਗ ਚੰਡੀਗੜ੍ਹ ਵੱਲੋਂ ਸੱਦਾ ਆਇਆ।ਸੂਬਾ ਪੱਧਰੀ ਪੰਜ ਮੈਂਬਰੀ ਦੀ ਟੀਮ ਵੱਲੋਂ ਡਾਕਟਰ ਬਲਵੀਰ ਸਿੰਘ ਦੀ ਅਗਵਾਈ ਹੇਠ ਡਾਇਰੈਕਟਰ ਹੈਲਥ ਪ੍ਰਿੰਸੀਪਲ ਸਿਹਤ ਸਕੱਤਰ ਆਯੁਰਵੇਦ ਡਾਇਰੈਕਟਰ ਅਤੇ ਹੋਰ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਕਾਨੂੰਨੀ ਮਾਨਤਾ ਸਬੰਧੀ ਪੈਨਲ ਮੀਟਿੰਗ ਮੀਟਿੰਗ ਹੋਈ।ਸਿਹਤ ਮੰਤਰੀ ਵੱਲੋਂ ਪਾਰਟ ਟਾਈਮ ਟ੍ਰੇਨਿੰਗ ਦੇਣ ਦਾ ਭਰੋਸਾ ਦਿਵਾਇਆ ਗਿਆ।ਉਨ੍ਹਾਂ ਗੱਲਬਾਤ ਦੌਰਾਨ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਮਸਲੇ ਨੂੰ ਕਾਨੂੰਨੀ ਪੱਖ ਤੋਂ ਬਿਨਾਂ ਸਮਾਜਿਕ ਮਸਲੇ ਤੇ ਤੌਰ 'ਤੇ ਹੱਲ ਕਰਨਾ ਚਾਹੀਦਾ ਹੈ।ਇੰਡੀਅਨ ਮੈਡੀਕਲ ਪ੍ਰੈਕਟੀਸ਼ਨਰ ਫੈਡਰੇਸ਼ਨ ਦੀ ਅਗਵਾਈ ਹੇਠ ਜਿੱਥੇ ਯੂ ਪੀ ਵਿੱਚ ਮੈਡੀਕਲ ਪ੍ਰੈਕਟੀਸ਼ਨਰਾ ਦੇ ਕੰਮ ਨੂੰ ਬੰਦ ਕਰਾਉਣ ਲਈ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ, ਉੱਥੇ ਦਿੱਲੀ ਦੇ ਜੰਤਰ ਮੰਤਰ ਚੌਕ ਧਰਨੇ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਤੇ ਕੇਂਦਰੀ ਸਿਹਤ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤੇ ਗਏ। ਬਲਾਕ ਆਗੂ ਸੋਹਣ ਸਿੰਘ ਸੈਦੋਕੇ ਪ੍ਰਧਾਨ ਗੁਰਮੇਲ ਸਿੰਘ ਲਧਾਈਕੇ, ਸਿਟੀ ਪ੍ਰਧਾਨ ਚਰਨਜੀਤ ਲਾਲ ਅਰੋੜ ਵਿੱਗ ਦੇ ਆਗੂ ਡਾਕਟਰ ਬਲਵਿੰਦਰ ਕੌਰ ਮੋਗਾ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਸਵਾਗਤ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਪੂਰੀ ਹਮਾਇਤ ਕਰਨ ਦੀ ਐਲਾਨ ਕੀਤਾ।ਜ਼ਿਲ੍ਹਾ ਕੈਸ਼ੀਅਰ ਬਲਜਿੰਦਰ ਸਿੰਘ ਰੌਲੀ ਵੱਲੋਂ ਜਥੇਬੰਦੀ ਦੇ ਫੰਡਾ ਤੇ ਖਰਚਿਆਂ ਸਬੰਧੀ ਵਿੱਚ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਸਮੂੱਚੇ ਡੈਲੀਗੇਟ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ। ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਵੱਲੋਂ ਪੁਰਾਣੀ ਜ਼ਿਲ੍ਹਾ ਕਮੇਟੀ ਭੰਗ ਕੀਤੀ ਗਈ ਤੇ ਚੋਣ ਅਬਜ਼ਰਵਰ ਕਮੇਟੀ ਵੱਲੋਂ ਸਰਬਸੰਮਤੀ ਨਾਲ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ।

## ਕਾਤਰਾਂ

### ਅੱਜ ਮਨਾਈ ਜਾਵੇਗੀ ਮਹਾਂਵੀਰ ਜੈਯੰਤੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਮਹਾਂਵੀਰ ਜੈਯੰਤੀ ਪੂਰੇ ਭਾਰਤ ਵਿਚ 10 ਅਪ੍ਰੈਲ ਨੂੰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਐਸ ਐਸ ਜੈਨ ਸਭਾ ਦੇ ਪ੍ਰਧਾਨ ਧਰਮਪਾਲ ਜੈਨ ਨੇ ਸਮੂਹ ਦੇਸ਼ ਵਾਸੀਆਂ ਨੂੰ ਭਗਵਾਨ ਮਹਾਂਵੀਰ ਸਵਾਮੀ ਜੀ ਦੇ ਸੰਦੇਸ਼ 'ਜੀਓ ਅੰਰ ਜੀਣੇ ਦੋ' 'ਤੇ ਚੱਲਣ ਦੀ ਅਪੀਲ ਕੀਤੀ ਹੈ। ਪ੍ਰਧਾਨ ਧਰਮਪਾਲ ਜੈਨ ਨੇ ਦੱਸਿਆ ਕਿ ਐਸ.ਐਸ. ਜੈਨ ਵਿਖੇ 10 ਅਪ੍ਰੈਲ ਨੂੰ ਮਹਾਂਵੀਰ ਜੈਯੰਤੀ ਸਵੇਰੇ 8 ਤੋਂ 9 ਵਜੇ ਤੱਕ ਮਨਾਈ ਜਾ ਰਹੀ ਹੈ, ਜਿਸ ਵਿਚ ਲੋਕ ਵਧ-ਚੜ੍ਹ ਕੇ ਸ਼ਮੂਲੀਅਤ ਕਰਨ। ਉਨ੍ਹਾਂ ਨੇ ਸਾਰੇ ਲੋਕਾਂ ਨੂੰ ਇਸ ਪਵਿੱਤਰ ਦਿਹਾੜੇ ਦੇ ਮੌਕੇ 'ਤੇ ਮਾਸਾਹਾਰੀ ਭੋਜਨ ਦਾ ਤਿਆਗ ਕਰਨ ਲਈ ਵੀ ਬੇਨਤੀ ਕੀਤੀ ਹੈ।

### ਅਰਜਨ ਦਾਸ ਨਮਿਤ ਅੰਤਮ ਅਰਦਾਸ ਭਲਕੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸਾਬਕਾ ਕੌਂਸਲਰ ਪਰਮਜੀਤ ਪੰਮੀ ਦੇ ਪਿਤਾ ਸਵ. ਅਰਜਨ ਦਾਸ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 11 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ, ਇੰਦਰਾ ਕਾਲੋਨੀ ਵਿਖੇ ਬਾਅਦ ਦੁਪਹਿਰ 12 ਤੋਂ 1.30 ਵਜੇ ਤੱਕ ਹੋਵੇਗੀ।

### ਵਿਸ਼ਾਲ ਖ਼ੂਨਦਾਨ ਕੈਂਪ 13 ਨੂੰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਖਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ 25 ਵਾਂ ਵਿਸ਼ਾਲ ਖ਼ੂਨਦਾਨ ਕੈਂਪ 13 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ 2 ਵਜੇ ਤੱਕ ਇਤਿਹਾਸਿਕ ਗੁਰਦੁਆਰਾ ਜੰਡਸਰ ਸਾਹਿਬ ਠੁੱਲੀਵਾਲ ਵਿਖੇ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵੱਲੋਂ ਜੰਡਸਰ ਸਾਹਿਬ ਗੁਰਦੁਆਰਾ ਕਮੇਟੀ, ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਦੇ ਸਹਿਯੋਗ ਨਾਲ ਲਾਇਆ ਜਾ ਰਿਹਾ ਹੈ।ਮੁੱਖ ਪ੍ਰਬੰਧਕਾਂ ਅਵਤਾਰ ਸਿੰਘ ਅਣਖੀ, ਬਲਜਿੰਦਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਵਜੀਦਕੇ, ਪ੍ਰਧਾਨ ਗੁਰਸੇਵਕ ਸਿੰਘ ਜੰਡਸਰ, ਸੋਨੀ ਮਾਂਗੇਵਾਲ, ਮੇਘ ਰਾਜ ਜੋਸ਼ੀ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੌਕੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਦੀ ਟੀਮ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰੇਗੀ।ਖ਼ੂਨਦਾਨੀਆਂ ਤੋਂ ਇਲਾਵਾ ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।ਪ੍ਰਬੰਧਕਾਂ ਨੇ ਇਸ ਲੋਕ ਭਲਾਈ ਦੇ ਕਾਰਜ ਦੀ ਸਫਲਤਾ ਲਈ ਖ਼ੂਨਦਾਨੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

### ਸੀਵਰੇਜ ਕਾਮਗਾਰੀਆਂ ਲਈ 'ਨਮਸਤੇ' ਯੋਜਨਾ ਤਹਿਤ ਦਾਖਲਾ ਸ਼ੁਰੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਸੀਵਰੇਜ਼ ਬੋਰਡ ਦੇ ਕਾਮਗਾਰੀਆਂ ਦੀ ਸੁਰੱਖਿਆ ਅਤੇ ਮਾਨ ਵਧਾਉਣ ਲਈ ਭਾਰਤ ਸਰਕਾਰ ਦੀ 'ਨਮਸਤੇ' ਯੋਜਨਾ ਦਾ ਤਹਿਤ ਦਾਖਲਾ ਸ਼ੁਰੂ ਕਰ ਦਿੱਤਾ ਗਿਆ ਹੈ।ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਨੇ ਦੱਸਿਆ ਕਿ ਇਸ ਸਕੀਮ ਸਬੰਧੀ ਅਰਜ਼ੀਆਂ 15 ਅਪ੍ਰੈਲ ਤੱਕ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਦਫ਼ਤਰ ਵਿਖੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਸੀਵਰੇਜ਼ ਅਤੇ ਸੈਪਟਿਕ ਟੈਂਕਾਂ ਦੀ ਮਸ਼ੀਨੀ ਨਾਲ ਸਫ਼ਾਈ ਨੂੰ ਵਧਾਵਾ ਦੇਣਾ, ਸਫ਼ਾਈ ਕਾਮਗਾਰੀਆਂ ਨੂੰ ਪੀ.ਪੀ.ਈ. ਕਿੱਟਾਂ ਅਤੇ ਵਪਾਰਕ ਸੁਰੱਖਿਆ ਟ੍ਰੇਨਿੰਗ ਮੁਹੱਈਆ ਕਰਨਾ, ਉਨ੍ਹਾਂ ਦੇ ਪਰਵਾਰਾਂ ਨੂੰ ਸਹਿਤ ਬੀਮਾ ਅਤੇ ਉਪਕਰਨਾਂ ਲਈ ਸਬਸਿਡੀ ਦੇਣਾ ਹੈ।

## ਖਾਟੂ ਸ਼ਿਆਮ ਮੰਦਰ ਦੀ ਝੰਡਾ ਯਾਤਰਾ ਅੱਜ

ਪਠਾਨਕੋਟ, (ਦਵਿੰਦਰ ਸਿੰਘ) ਪੰਜਾਬ ਅੰਦਰ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਅਗਵਾਈ ਵਿੱਚ ਸਿੱਖਿਆ ਕ੍ਰਾਂਤੀ ਆਰੰਭ ਹੋਈ ਹੈ ਜਿਸ ਅਧੀਨ ਅੱਜ ਉਨ੍ਹਾਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਪਪਿਆਲ, ਸਰਕਾਰੀ ਪ੍ਰਾਇਮਰੀ ਸਕੂਲ ਨਾਜੋਚੱਕ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਜੋਚੱਕ ਵਿਖੇ ਲੱਖਾਂ ਰੁਪਏ ਦੀ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਜਨਤਾ ਦੇ ਸਮਰਪਿਤ ਕੀਤੇ ਗਏ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਜੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਜੋਚੱਕ ਵਿਖੇ ਉਦਘਾਟਨ ਸਮਾਰੋਹ ਤੋਂ ਬਾਅਦ ਸੰਬੋਧਤ ਕਰਦਿਆਂ ਕੀਤਾ।ਜਿਲ੍ਹਾ ਪਠਾਨਕੋਟ ਦੇ ਵੀ ਵੱਖ ਵੱਖ ਸਕੂਲਾਂ ਅੰਦਰ ਉਦਘਾਟਨ ਸਮਾਰੋਹ ਆਯੋਜਿਤ ਕੀਤੇ ਗਏ। ਇਨ੍ਹਾਂ ਵੱਖ ਵੱਖ ਸਕੂਲਾਂ ਅੰਦਰ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ, ਵਿਭੂਤੀ ਸਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ ਅਤੇ ਅੰਮਿਤ ਮੰਟੂ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਸਿੱਖਿਆ ਕ੍ਰਾਂਤੀ ਅਧੀਨ ਕੀਤੇ ਜਾ ਰਹੇ ਵੱਖ ਵੱਖ ਸਮਾਰੋਹਾਂ ਅੰਦਰ ਪਹੁੰਚੇ ਅਤੇ ਲੱਖਾਂ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤੇ ਗਏ। ਜਿਲ੍ਹਾ ਪਠਾਨਕੋਟ ਵਿਖੇ ਸਿੱਖਿਆ ਕ੍ਰਾਂਤੀ ਬਦਲਦਾ ਪੰਜਾਬ ਅਧੀਨ ਵਿਧਾਨ ਸਭਾ ਹਲਕਾ ਭੋਆ ਅੰਦਰ ਸਰਕਾਰੀ ਪ੍ਰਾਇਮਰੀ ਸਕੂਲ ਪਪਿਆਲ ਵਿਖੇ 13.21 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਨਾਜੋਚੱਕ ਵਿਖੇ 8.27 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਜੋਚੱਕ ਵਿਖੇ 11.13 ਲੱਖ ਰੁਪਏ ਦੀਆਂ ਗ੍ਰਾਂਟਾਂ ਨਾਲ ਕੀਤੇ ਗਏ ਪ੍ਰੋਜੈਕਟਾਂ ਦਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਵਜੋਂ ਹਾਜਰ ਹੋ ਕੇ ਉਦਘਾਟਨ ਕੀਤੇ। ਵਿਧਾਨ ਸਭਾ ਹਲਕਾ ਸੁਜਾਨਪੁਰ ਦੇ ਵੱਖ ਵੱਖ ਸਕੂਲਾਂ ਅੰਦਰ ਅਮਿਤ ਮੰਟੂ ਹਲਕਾ ਇੰਚਾਰਜ-ਕਮ-ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਬਤੌਰ ਮੁੱਖ ਮਹਿਮਾਨ ਹਾਜਰ ਹੋਏ ਅਤੇ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਕੋਟ ਮੱਟੀ ਵਿਖੇ 1.40 ਲੱਖ, ਸਹੀਦ ਗੋਤਮ ਸਿੰਘ ਪਠਾਨਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਮੱਟੀ ਵਿਖੇ 9.55 ਲੱਖ, ਸਰਕਾਰੀ ਹਾਈ ਸਕੂਲ ਕੋਟਮੱਟੀ ਵਿਖੇ 11.1 ਲੱਖ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।ਇਸੇ ਹੀ ਤਰ੍ਹਾਂ ਵਿਧਾਨ ਸਭਾ ਹਲਕਾ ਪਠਾਨਕੋਟ ਵਿਖੇ ਵਿਭੂਤੀ ਸਰਮਾ ਹਲਕਾ ਇੰਚਾਰਜ ਪਠਾਨਕੋਟ-ਕਮ-ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਬਤੌਰ ਮੁੱਖ ਮਹਿਮਾਨ ਹਾਜਰ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਢਾਕੀ ਵਿਖੇ 2 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਧੀਰਾ ਵਿਖੇ 1.4 ਲੱਖ ਅਤੇ ਸਹੀਦ ਮੇਜਰ ਦੀਪਕ ਪੱਡਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਲਤਪੁਰ ਵਿਖੇ 19.46 ਲੱਖ ਰੁਪਏ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।

## ਤਾਰਾ ਚੰਦ ਨੂੰ ਗ੍ਰਿਫ਼ਤਾਰ ਨਾ ਕਰਨ ਖਿਲਾਫ ਕਿਸਾਨ ਮਜ਼ਦੂਰ 17 ਨੂੰ ਦੇਣਗੇ ਧਰਨਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ) ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਪਿੰਡ ਲੀਲ੍ਹ ਕਲਾਂ ਵਿਖੇ ਦਲਬੀਰ ਸਿੰਘ, ਸੁੱਚਾ ਸਿੰਘ, ਸੋਹਣ ਸਿੰਘ ਦੀ ਅਗਵਾਈ ਹੇਠ ਮੀਟਿੰਗ ਹੋਈ ਮੀਟਿੰਗ ਦੌਰਾਨ ਔਰਤਾਂ ਨੇ ਕਿਹਾ ਕਿ ਦੋਸ਼ੀ ਖਿਲਾਫ ਮਾਮਲਾ ਦਰਜ ਹੋਣ ਦੇ ਬਾਵਜੂਦ ਵੀ ਤਿੱਬੜ ਪੁਲਸ ਤਾਰਾ ਚੰਦ ਵਾਸੀ ਜੱਫਰਵਾਲ ਨੂੰ ਗ੍ਰਿਫਤਾਰ ਨਾ ਕਰਨ ਖਿਲਾਫ 17 ਅਪ੍ਰੈਲ ਨੂੰ ਪੁਲਸ ਥਾਣਾ ਤਿਬੜ ਮੂਹਰੇ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਲ ਹੋਣਗੀਆਂ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਯੂਥ ਵਿੰਗ ਦੇ ਆਗੂ ਮੇਜਰ ਸਿੰਘ ਕੋਟ ਟੋਡਰਮਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 23 ਜਨਵਰੀ 2025 ਨੂੰ ਤਾਰਾ ਚੰਦ ਪੁੱਤਰ ਚਰਨਜੀਤ, ਚਰਨਜੀਤ ਅਤੇ ਬਚਨੀ ਖਿਲਾਫ ਦਾਜ ਦਹੇਜ ਮੰਗਣ ਖਿਲਾਫ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ ਸੀ।ਪਰੰਤੂ ਤਿੰਨ ਮਹੀਨੇ ਬੀਤ ਜਾਣ ਉਪਰੰਤ ਵੀ ਤਾਰਾ ਚੰਦ ਨੂੰ ਪੁਲਸ ਗ੍ਰਿਫਤਾਰ ਨਹੀਂ ਕਰ ਸਕੀ ਹੈ।ਉਹਨਾਂ ਦੱਸਿਆ ਕਿ ਇਸ ਸੰਬੰਧੀ ਉਹਨਾਂ ਵੱਲੋਂ ਇੱਕ ਦਰਖਾਸਤ 19 ਮਾਰਚ ਨੂੰ ਐਸ ਐਸ ਪੀ ਗੁਰਦਾਸਪੁਰ ਨੂੰ ਵੀ ਦਿੱਤੀ ਗਈ ਸੀ।ਪਰੰਤੂ ਉਸ ਮਾਮਲੇ ਉੱਪਰ ਵੀ ਕੋਈ ਠੋਸ ਕਾਰਵਾਈ ਨਹੀਂ ਹੋਈ ਹੈ। ਤਾਰਾ ਚੰਦ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਪੁਲਸ ਉਸ ਦੀ ਪੁਸ਼ਤ ਪਨਾਹੀ ਕਰ ਰਹੀ ਹੈ।ਜਿਸ ਖਿਲਾਫ ਜਨਤਕ ਜਥੇਬੰਦੀਆਂ ਪੜਿਤ ਪਰਵਾਰ ਦੇ ਨਾਲ ਖੜੀਆਂ ਹਨ ਅਤੇ 17 ਅਪ੍ਰੈਲ 2025 ਨੂੰ ਪੁਲਸ ਥਾਣਾ ਤਿਬੜ ਵਿਖੇ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਰੋਸ ਪ੍ਰਦਰਸ਼ਨ ਕਰਨਗੇ।ਇਸ ਮੌਕੇ ਕੇਵਲ ਸਿੰਘ, ਮੱਸਾ ਸਿੰਘ, ਅਜੀਤ ਸਿੰਘ, ਸੋਹਣ ਸਿੰਘ ਹਾਜ਼ਰ ਸਨ।

## ਮਾਤਾ ਗੰਗਾ ਖਾਲਸਾ ਪਬਲਿਕ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ



ਜਲੰਧਰ (ਨਜਸ)- ਮਾਤਾ ਗੰਗਾ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਕੀ ਪਿੰਡ, ਰਾਮਾ ਮੰਡੀ ਦੀ ਅਠਵੀਂ ਕਲਾਸ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਐੱਮ ਡੀ ਰਾਮ ਸਿੰਘ ਬੋਲੀਨਾ ਅਤੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਸਾਰੇ ਵਿਦਿਆਰਥੀ ਜਿਥੇ ਚੰਗੇ ਨੰਬਰ ਲੈ ਕੇ ਪਾਸ ਹੋਏ ਉਥੇ ਸਕੂਲ ਦੀ ਵਿਦਿਆਰਥਣ ਐਲਵਿਨਜੋਤ ਕੌਰ ਨੇ 92 ਫੀਸਦੀ ਨੰਬਰ ਲੈ ਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਪ੍ਰਿੰਸੀਪਲ ਨੇ ਸਮੂਹ ਸਕੂਲ ਸਟਾਫ਼ ਨੂੰ ਮੁਬਾਰਕ ਦਿੱਤੀ ਅਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਸੀ ਐੱਸ ਆਈ ਆਰ-ਸੀ ਐੱਮ ਈ ਆਰ ਆਈ ਨੇ ਈ-ਟ੍ਰੈਕਟਰ ਤੇ ਈ-ਟਿੱਲਰ ਦਾ ਉਦਘਾਟਨ

ਲੁਧਿਆਣਾ : ਖੇਤੀਬਾੜੀ ਵਿੱਚ ਟਿਕਾਊ ਅਤੇ ਊਰਜਾ-ਬੱਚਤ ਸਮਾਧਾਨਾਂ ਨੂੰ ਵਧਾਵਾ ਦੇਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਵਿਗਿਆਨਕ ਅਤੇ ਉਦਯੋਗਕ ਖੋਜ ਪ੍ਰੀਸ਼ਦ - ਕੇਂਦਰੀ ਮਕੈਨਿਕਲ ਇੰਜੀਨਿਅਰਿੰਗ ਖੋਜ ਸੰਸਥਾਨ, ਦੁਰਗਾਪੁਰ, ਪੱਛਮ ਬੰਗਾਲ (ਸੀਐਸਆਈਆਰ-ਸੀਐਮਈਆਰਆਈ) ਨੇ 9 ਅਪ੍ਰੈਲ ਨੂੰ ਲੁਧਿਆਣਾ ਵਿਖੇ ਆਪਣੀ ਈ-ਟ੍ਰੈਕਟਰ ਅਤੇ ਈ-ਟਿੱਲਰ ਟੈਕਨੋਲੋਜੀ ਦਾ ਉਦਘਾਟਨ ਕੀਤਾ। ਇਹ ਪਹਿਲਕਦਮੀ ਭਾਰਤ ਦੇ ਸਾਫ ਊਰਜਾ ਅੰਦੋਲਨ ਵਿੱਚ ਇੱਕ ਮਹੱਤਵਪੂਰਨ ਮੀਲ-ਪੱਥਰ ਹੈ, ਜੋ ਨਵੀਨਤਾ ਅਤੇ ਸਥਿਰਤਾ ਰਾਹੀਂ ਖੇਤੀਬਾੜੀ ਨੂੰ ਬਦਲਣ ਤੇ ਕੇਂਦ੍ਰਿਤ ਹੈ।ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਪ੍ਰੋ: ਆਦਰਸ਼ ਪਾਲ ਵਿਜ ਨੇ ਮੁੱਖ ਮਹਿਮਾਨ ਵਜੋਂ ਡਾ: ਨਚੀਕੇਤ ਕੋਤਵਾਲੀਵਾਲੇ, ਡਾਇਰੈਕਟਰ, ਸੀ ਐਸ ਆਈ ਆਰ-ਸੀ ਐਮ ਈ ਆਰ ਆਈ, ਲੁਧਿਆਣਾ ਅਤੇ ਡਾ: ਮਨਜੀਤ ਸਿੰਘ, ਡੀਨ, ਖੇਤੀਬਾੜੀ ਇੰਜਨੀਅਰਿੰਗ ਕਾਲਜ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਨਰੇਸ਼ ਚੰਦਰ ਮੁਰਮੂ, ਡਾਇਰੈਕਟਰ, ਸੀਐਸਆਈਆਰ-ਸੀਐਮਈਆਰਆਈ, ਨੇ ਸਮਾਗਮ ਦੀ ਮੇਜ਼ਬਾਨੀ ਕੀਤੀ।

### ਬੇਦਖਲੀ ਨੋਟਿਸ

ਮੈਂ, ਮਲਕੀਤ ਕੌਰ ਪਤਨੀ ਲੇਟ ਮਨਜੀਤ ਸਿੰਘ ਵਾਸੀ ਮਕਾਨ ਨੰ: 59/ਸੀ, ਗਲੀ ਨੰ: 5, ਉਪਕਾਰ ਨਗਰ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮਹਿੰਦਰ ਪਾਲ ਸਿੰਘ ਉਰਫ ਮੋਨੂੰ ਪੁੱਤਰ ਲੇਟ ਸ੍ਰੀ ਮਨਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕੁਲਵੰਤ ਸਿੰਘ ਪੁੱਤਰ ਹਰਬੰਸ ਸਿੰਘ, ਵਾਸੀ ਪਿੰਡ ਮਹਾਂਦਵੇ ਕਲਾਂ, ਡਾਕਖਾਨਾ ਸੋਹਲ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਵਿੰਦਰ ਸਿੰਘ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਸੋਮ ਰਾਜ ਪੁੱਤਰ ਸ੍ਰੀ ਮੋਦਾ ਰਾਮ ਵਾਸੀ ਪਿੰਡ ਤੇ ਡਾਕ. ਸੱਮੀਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਨਿਰਮਲਜੀਤ ਉਮਰ 29 ਸਾਲ ਅਤੇ ਨੂੰਹ ਰਵੀਨਾ ਪਰਮਾਏ ਉਮਰ 28 ਸਾਲ, ਜੋ ਕਿ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ। (ਬੀ)

ਮੈਂ, ਪਰਮਜੀਤ ਪਾਲ ਪੁੱਤਰ ਸ੍ਰੀ ਰਤਨ ਕੁਮਾਰ ਵਾਸੀ ਪਿੰਡ ਤਲਵੰਡੀ ਸੰਘੇੜਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਕੁਮਾਰ ਉਰਫ ਸੋਨੂ, ਜਿਸ ਨੇ ਮੇਰੇ ਕਹਿਣੇ ਤੋਂ ਬਾਹਰ ਹੋ ਕੇ ਸ਼ਾਦੀ ਕਰਵਾ ਲਈ ਅਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਮੈਂ ਆਪਣੇ ਲੜਕੇ ਹਰਪ੍ਰੀਤ ਕੁਮਾਰ ਉਰਫ ਸੋਨੂੰ, ਇਸ ਦੀ ਪਤਨੀ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ ਬਾਬੂ ਰਾਮ ਪੁੱਤਰ ਆਸ਼ਾ ਰਾਮ ਵਾ ਕਾਂਤਾ ਪਤਨੀ ਬਾਬੂ ਵਾਸੀਆਨ ਪਿੰਡ ਹਾਜੀਪੁਰ, ਡਾਕਖਾਨਾ ਰਾਮਪੁਰ ਬਿਲੜੋਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਸੁਨੀਲ ਕੁਮਾਰ ਉਰਫ ਮੋਨੂੰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

### PUBLIC NOTICE

It is brought to the notice of the public at large that following Original Sale deed No. 3048 dated 07.02.2018 regd. by Sub-Registrar Budhlada executed by Nisha Rani W/o. Bhushan Kumar s/o. Baldev Chand R/o. Budhlada in favour of Sushma Rani W/o. Rajinder Kumar S/o. Raj Kumar Budhlada Distt. Mansa has been lost, it is informed by the party to have not been mortgage with any Bank or Financial institution or in other institution and the same has been lost.

If anybody has any objection regarding the mortgaging of the same, may respond within fourteen days to the undersigned.

After the expiry of the stipulated period of Fourteen days, no claim whatsoever shall be entertained.

The details of property 723/15800 share in land measuring 1 Kanal 19-1/2 Marlas comprising Rect. & Killa no. 724 min(1-19-1/2) i.e. 0-1-8075/10000 Marlas Khewat Khata no.335/837 measuring 54-67/100 Sq.yds. situated at Near Water Works, Budhlada Owned by Sushma Rani W/o. Rajinder Kumar S/o. Raj Kumar Budhlada Distt. Mansa

Ashwani Kumar Singla Advocate, Bareta.
Near Girls High School, Bareta (Mansa)
(M) 981503-2808, 98035-78918

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਅੰਮ੍ਰਿਤਬੀਰ ਸਿੰਘ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਪਹਿਲਾ ਅੰਮ੍ਰਿਤਸਰ-1
ਕੇਸ ਨੰਬਰ : 368 ਕਿਸਮ ਕੇਸ ਖਸਰਾ ਗਿਰਦਾਵਰੀ ਪਿੰਡ ਦਾ ਨਾਮ : ਗਿੱਲ
ਅਨੁਵਾਨ : ਰਾਜਵਿੰਦਰ ਸਿੰਘ
ਬਨਾਮ
ਤਲਵਿੰਦਰ ਸਿੰਘ ਆਦਿ

ਉਪਰੋਕਤ ਅਨੁਵਾਨ ਮੁਕੱਦਮਾ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਚੱਲਦਾ ਹੈ ਜਿਸ ਦੀ ਅਗਲੀ ਤਾਰੀਖ ਪੇਸ਼ੀ ਮਿਤੀ 25.04.2025 ਹੈ। ਇਸ ਲਈ ਧਿਰਾਂ ਦੀ ਇਤਲਾਹ ਲਈ ਅਖਬਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਹ ਇਸ਼ਤਿਹਾਰ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਹਾਜਰ ਹੋਣ। ਜੇਕਰ ਧਿਰਾਂ ਇਸ਼ਤਿਹਾਰ ਛਪਣ ਦੇ ਬਾਵਜੂਦ ਵੀ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਨਹੀਂ ਹੁੰਦੀ ਤਾਂ ਬਾਅਦ ਵਿੱਚ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਧਿਰਾਂ ਦੇ ਖਿਲਾਫ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਤਲਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਗੁਰਨਾਮ ਸਿੰਘ ਸਤਨਾਮ ਸਿੰਘ ਕੇਵਲ ਸਿੰਘ ਪੁਤਰਾਨ ਬਖਸ਼ੀਸ਼ ਸਿੰਘ ਹਰਜਿੰਦਰ ਸਿੰਘ ਪੁੱਤਰ ਦਲਬੀਰ ਸਿੰਘ ਮ੍ਰਿਤਕ ਵਾਰਸ ਰਾਬੀਰ ਕੌਰ, ਗੁਰਪ੍ਰੀਤ ਕੌਰ, ਚੰਦਬੀਰ ਸਿੰਘ ਸੂਰਜਬੀਰ ਸਿੰਘ ਰਘਬੀਰ ਸਿੰਘ ਪੁੱਤਰ ਵੱਸਣ ਸਿੰਘ ਮ੍ਰਿਤਕ ਵਾਰਸ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਸਕੱਤਰ ਸਿੰਘ ਸਾਰੇ ਵਾਸੀਆਨ ਵਾਕਿਆ ਰਕਬਾ ਪਿੰਡ ਗਿੱਲ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ, ਪਹਿਲਾ, ਅੰਮ੍ਰਿਤਸਰ-1
ਨੰਬਰ ਰੀਡਰ/ 979 ਮਿਤੀ : 09.04.2025



ਨਿਹਾਲ ਸਿੰਘ ਵਾਲਾ ਦੇ ਮੇਨ ਚੌਕ ਦੇ ਨਜ਼ਦੀਕ ਮੀਟਰਾਂ ਦੇ ਖੁੱਲ੍ਹੇ ਬਕਸੇ ਦੇ ਰਹੇ ਹਾਦਸਿਆਂ ਨੂੰ ਸੱਦਾ, ਕਿਸੇ ਟਾਈਮ ਵਾਪਰ ਸਕਦਾ ਕੋਈ ਵੱਡਾ ਹਾਦਸਾ। (ਫੋਟੋ ਤੇ ਵੇਰਵਾ : ਲਵਲੀ ਕੁਮਾਰ)

## ਰੌਂਤਾ ਬਲਜੀਤ ਦਾ ਨਾਵਲ 'ਬਲਕਾਰਾ' ਰਿਲੀਜ਼



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਰੌਂਤਾ ਵਿਖੇ ਉੱਘੇ ਗੀਤਕਾਰ ਤੇ ਲੇਖਕ ਗਿੱਲ ਰੌਂਤਾ ਨੇ ਲੇਖਕ ਆਪਣੇ ਵੱਡੇ ਵੀਰ ਰੌਂਤਾ ਬਲਜੀਤ ਦਾ ਨਾਵਲ 'ਬਲਕਾਰਾ' ਜਾਰੀ ਕੀਤਾ। ਉਨ੍ਹਾਂ ਨਾਲ ਲੇਖਕ ਤੇ ਪੱਤਰਕਾਰ ਰਾਜਵਿੰਦਰ ਰੌਂਤਾ ਵੀ ਮੌਜੂਦ ਸਨ।ਗੀਤਕਾਰ ਤੇ ਲੇਖਕ ਗਿੱਲ ਰੌਂਤਾ ਨੇ ਰੌਂਤਾ ਬਲਜੀਤ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਰੌਂਤਾ ਬਲਜੀਤ ਦੀ ਪਹਿਲੀ ਕਾਵਿ ਪੁਸਤਕ 'ਮਿੱਟੀ ਦੇ ਬੁੱਤ' ਛਪੀ ਸੀ, ਹੁਣ ਉਸ ਦੀ ਦੂਜੀ ਨਾਵਲ ਦੀ ਕਿਤਾਬ ਬਲਕਾਰਾ ਆਈ ਹੈ।ਇਹ ਨਾਵਲ 80 ਤੋਂ ਬਾਅਦ ਦੇ ਉਸ ਕਾਲੇ ਦੌਰ ਦੀ ਤਰਜਮਾਨੀ ਕਰਦਾ ਹੈ।ਲੇਖਕ ਪੱਤਰਕਾਰ ਰਾਜਵਿੰਦਰ ਰੌਂਤਾ ਨੇ ਕਿਹਾ ਕਿ ਰੌਂਤਾ ਬਲਜੀਤ ਹੋਣਹਾਰ ਕਵੀ ਤੇ ਲੇਖਕ ਹੈ, ਉਸ ਦਾ ਇਹ ਨਾਵਲ ਬਲਕਾਰਾ ਨਵੀਂ ਪੀੜ੍ਹੀ ਦੇ ਨੌਜਵਾਨਾਂ ਨੂੰ '84 ਦੇ ਦੁਖਾਂਤ ਤੇ ਉਸ ਸਮੇਂ ਦੇ ਦੌਰ ਬਾਰੇ ਭਰਪੂਰ ਖੁਲਾਸੇ ਕਰੇਗਾ।ਰਾਜ ਕਾਕੜਾ ਪ੍ਰਸਿੱਧ ਗੀਤਕਾਰ, ਗੁਲਾਬ ਸਿੱਧੂ ਗਾਇਕ, ਜੀ ਖਾਨ ਗਾਇਕ, ਰਾਜੂ ਗਿੱਲ, ਗੁਰਜੀਤ ਗਰੇਵਾਲ, ਡਾਕਟਰ ਰਾਜਵੀਰ ਸਿੰਘ ਰੌਂਤਾ, ਡਾਕਟਰ ਰਜਿੰਦਰ ਸਿੰਘ ਰੌਂਤਾ, ਜਗਰਾਜ ਜੱਸੀ, ਸੀਰਾ ਗਰੇਵਾਲ ਆਦਿ ਨੇ ਬਲਜੀਤ ਗਰੇਵਾਲ ਨੂੰ ਮੁਬਾਰਕਬਾਦ ਦਿੱਤੀ।

## 'ਆਪ' ਖਿਲਾਫ਼ ਭਾਜਪਾ ਵੱਲੋਂ ਪ੍ਰਦਰਸ਼ਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਜਪਾ ਦੇ ਸਾਬਕਾ ਕੈਬਿਨਟ ਮੰਤਰੀ ਤੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦੇ ਘਰ ਗ੍ਰਨੇਡ ਧਮਾਕਾ ਹੋਇਆ, ਜਿਸ ਦੀ ਆਵਾਜ਼ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਇਸ ਘਟਨਾ ਦੇ ਸਬੰਧ ਵਿੱਚ ਪਟਿਆਲਾ ਦੇ ਅਨਾਰਦਾਨਾ ਚੌਕ ਵਿਖੇ ਮਹਿਲਾ ਮੋਰਚਾ ਪੰਜਾਬ ਭਾਜਪਾ ਪ੍ਰਧਾਨ ਜੈ ਇੰਦਰ ਕੌਰ ਤੇ ਭਾਜਪਾ ਵਰਕਰਾਂ ਵੱਲੋਂ ਆਮ ਆਦਮੀ ਪਾਰਟੀ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।ਜੈ ਇੰਦਰ ਕੌਰ ਨੇ ਦੱਸਿਆ ਕਿ ਮਨੋਰੰਜਨ ਕਾਲੀਆ ਜੀ ਦੇ ਘਰ ਜੋ ਗ੍ਰਿਨੇਡ ਹਮਲਾ ਹੋਇਆ, ਇਹ ਬਹੁਤ ਨਿੰਦਣਯੋਗ ਘਟਨਾ ਹੈ। ਪੰਜਾਬ ਅੰਦਰ ਇਸ ਸਮੇਂ ਕਾਨੂੰਨ ਵਿਵਸਥਾ ਦੀ ਸਥਿਤੀ ਬਿਲਕੁਲ ਵਿਗੜ ਚੁੱਕੀ ਹੈ, ਕਦੇ ਧਾਰਮਿਕ ਸਥਾਨਾਂ ਤੇ ਹਮਲੇ, ਕਦੇ ਪੁਲਸ ਚੌਂਕੀਆਂ ਉੱਪਰ ਹਮਲੇ, ਪਿਛਲੀ ਦਿਨੀਂ ਤਾਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਦੀ ਭੰਨਤੋੜ ਕੀਤੀ ਗਈ, ਮੈਂ ਪੁੱਛਣਾ ਚਾਹੁੰਦੀ ਹਾਂ ਮੁੱਖ ਮੰਤਰੀ ਭਗਵੰਤ ਮਾਨ ਜੀ ਕੀ ਤੁਸੀਂ ਇਸ ਰੰਗਲੇ ਪੰਜਾਬ ਦੀ ਗੱਲ ਕਰਦੇ ਸੀ ਚੋਣਾਂ ਤੋਂ ਪਹਿਲਾਂ।

## ਸ੍ਰੀ ਕ੍ਰਿਸ਼ਨ ਜਨਮ ਭੂਮੀ ਲਈ ਬੱਸ ਰਵਾਨਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜੈ ਮਾਂ ਚਿੰਤਪੂਰਨੀ ਸੇਵਾ ਕਮੇਟੀ ਭਗਤਾ ਭਾਈ ਕਾ ਵੱਲੋਂ ਚੌਥੀ ਬੱਸ ਯਾਤਰਾ ਸ੍ਰੀ ਕ੍ਰਿਸ਼ਨ ਜਨਮ ਭੂਮੀ ਤੇ ਮਥੁਰਾ, ਵਰਿੰਦਾਵਨ ਬਰਸਾਨੇ, ਨੰਦ ਗਾਵ, ਕੋਕਿਲਾ ਵਨ, ਇਸਕੋਨ ਟੈਂਪਲ, ਪ੍ਰੇਮ ਮੰਦਰ, ਨਿਧੀਵਾਨ ਰਮਨਰੇਤੀ, ਬਾਂਕੇ ਬਿਹਾਰੀ ਮੰਦਰ ਦਰਸ਼ਨ ਕਰਨ ਲਈ ਭਗਤਾਂ ਦੀ ਇੱਕ ਬੱਸ ਸ੍ਰੀ ਸ਼ਿਵ ਮੰਦਰ ਮੋਗਾ ਰੋਡ ਤੋਂ ਰਵਾਨਾ ਕੀਤੀ ਗਈ, ਜਿਸ ਨੂੰ ਹਰੀ ਝੰਡੀ ਦੇਣ ਦੀ ਰਸਮ ਸ੍ਰੀ ਰਾਮ ਸ਼ਰਨਮ ਕਮੇਟੀ ਦੇ ਪ੍ਰਧਾਨ ਤੀਰਥ ਬਾਂਸਲ ਕੋਟਲੇ ਵਾਲੇ ਅਤੇ ਐਡਵੋਕੈਟ ਰਾਮ ਕੁਮਾਰ ਬਾਂਸਲ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਉਨ੍ਹਾਂ ਦੇ ਨਾਲ ਸਾਜਨ ਜੱਸੋਵਾਲ ਵੀ ਹਾਜ਼ਰ ਸਨ। ਜੈ ਮਾਂ ਚਿੰਤਪੁਰਨੀ ਸੇਵਾ ਕਮੇਟੀ ਭਗਤਾ ਭਾਈ ਕਾ ਦੇ ਮੈਂਬਰ ਦਲੀਪ ਕੁਮਾਰ, ਅਮਿਤ ਗਰਗ, ਅਕਾਸ਼ ਗਰਗ, ਕ੍ਰਿਸ਼ਨ ਗਰਗ, ਬਲਦੇਵ ਰਾਜ ਵਲੋਂ ਤੀਰਥ ਬਾਂਸਲ ਪਰਵਾਰ ਨੂੰ ਸਨਮਾਨਤ ਕੀਤਾ ਗਿਆ ਤੇ ਧੰਨਵਾਦ ਕੀਤਾ।ਇਸ ਮੌਕੇ ਦੀਪੂ ਗਰਗ, ਰਿੰਸ਼ੂ, ਰਾਜੇਸ਼ ਗਰਗ, ਗੁਰਤੇਜ ਤੇ ਹੋਰ ਸ਼ਾਮਲ ਸਨ।ਦਲੀਪ ਕੁਮਾਰ ਨੇ ਕਿਹਾ ਕਿ ਇਹ ਬੱਸ 10 ਅਪ੍ਰੈਲ ਨੂੰ ਵਾਪਿਸ ਆਵੇਗੀ ਤੇ ਭਗਤਾ ਲਈ ਸਵੇਰ ਦਾ ਨਾਸ਼ਤਾ, ਦੁਪਿਹਰ ਦਾ ਖਾਣਾ, ਰਾਤ ਦਾ ਖਾਣਾ ਅਤੇ ਵਧੀਆਂ ਏ.ਸੀ ਕਮਰੇ ਦਿੱਤੇ ਜਾਂਦੇ।

## ਕਾਂਗਰਸ ਦੀ ਰੈਲੀ 'ਚ ਜਗਸੀਰ ਕਾਲੇਕੇ ਕਾਫ਼ਲੇ ਸਮੇਤ ਹੋਏ ਸ਼ਾਮਲ



**ਸਮਾਲਸਰ (ਮਨੀ ਸਿੰਗਲਾ)**-ਸੂਬੇ 'ਚ ਕਾਂਗਰਸ ਪਾਰਟੀ ਵੱਲੋਂ 'ਜੁੜੇਗਾ ਬਲਾਕ ਜਿੱਤੇਗੀ ਕਾਂਗਰਸ' ਦੇ ਬੈਨਰ ਹੇਠ ਬਲਾਕ ਵਾਈਜ਼ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਤੇ 2027 ਦੇ ਮਿਸ਼ਨ ਨੂੰ ਫਤਿਹ ਕਰਨ ਦੇ ਲਈ ਰੈਲੀਆਂ ਦਾ ਆਯੋਜਨ ਕੀਤਾ ਜਾ ਰਿਹਾ, ਜਿਸ ਦੀ ਅਗਵਾਈ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਸੁਖਪਾਲ ਸਿੰਘ ਖਹਿਰਾ ਵੱਲੋਂ ਕੀਤੀ ਜਾ ਰਹੀ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਕਾਂਗਰਸ ਪਾਰਟੀ ਨੂੰ ਚਾਹੁਣ ਵਾਲੇ ਪੰਜਾਬ ਦੇ ਲੋਕ ਇਸ ਵਿਚ ਸ਼ਾਮਲ ਹੋ ਰਹੇ ਹਨ।ਇਸੇ ਤਹਿਤ ਸੁਲਤਾਨਪੁਰ ਲੋਧੀ ਵਿਖੇ 'ਜੁੜੇਗਾ ਬਲਾਕ ਜਿੱਤੇਗੀ ਕਾਂਗਰਸ' ਦੇ ਬੈਨਰ ਹੇਠ ਹੋਈ ਰੈਲੀ ਵਿਚ ਹਲਕਾ ਬਾਘਾ ਪੁਰਾਣਾ ਦੇ ਮੁੱਖ ਸੇਵਾਦਾਰ ਜਗਸੀਰ ਸਿੰਘ ਕਾਲੇਕੇ ਵੱਡੀ ਗਿਣਤੀ ਵਿਚ ਆਪਣੇ ਕਾਫ਼ਲੇ ਸਮੇਤ ਇਸ ਰੈਲੀ ਵਿਚ ਸ਼ਾਮਲ ਹੋਏ।ਜਗਸੀਰ ਸਿੰਘ ਕਾਲੇਕੇ ਵੱਲੋਂ ਇਸ ਰੈਲੀ ਵਿਚ ਆਪਣੇ ਸਾਥੀਆਂ ਸਮੇਤ ਕੀਤੀ ਗਈ ਸ਼ਮੂਲੀਅਤ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਸ਼ਲਾਘਾ ਕਰਦਿਆਂ ਕਿਹਾ ਕਿ ਜਗਸੀਰ ਸਿੰਘ ਕਾਲੇਕੇ ਕਾਂਗਰਸ ਪਾਰਟੀ ਦੇ ਇਕ ਮਿਹਨਤੀ ਤੇ ਸੱਚੇ ਸਿਪਾਹੀ ਹਨ। ਪ੍ਰਤਾਪ ਸਿੰਘ ਬਾਜਵਾ ਨੇ ਜਗਸੀਰ ਸਿੰਘ ਕਾਲੇਕੇ ਨੂੰ ਸਟੇਜ 'ਤੇ ਬੁਲਾ ਕੇ ਉਨ੍ਹਾਂ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਉਹ ਆਪਣੇ ਹਲਕੇ ਵਿਚ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਤੋਂ ਅੱਕੇ ਪਏ ਹੋਏ ਹਨ, ਜਿਸ ਕਰਕੇ ਉਹ ਇਸ ਨੂੰ ਚੱਲਦਾ ਕਰਨ ਦੇ ਲਈ ਬੇਸਬਰੀ ਨਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਉਡੀਕ ਕਰ ਰਹੇ ਹਨ।ਇਸ ਮੌਕੇ ਜਗਸੀਰ ਸਿੰਘ ਕਾਲੇਕੇ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਤੇ ਉਨ੍ਹਾਂ ਦੀ ਟੀਮ ਹਲਕਾ ਬਾਘਾ ਪੁਰਾਣਾ ਵਿਚ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਵਚਨਬੱਧ ਹੈ ਤੇ ਜੋ ਵੀ ਕਾਂਗਰਸ ਹਾਈਕਮਾਂਡ ਉਨ੍ਹਾਂ ਦੀ ਡਿਊਟੀ ਲਾਏਗੀ, ਉਹ ਉਸ 'ਤੇ ਫੁੱਲ ਚੜ੍ਹਾਉਣਗੇ।ਕਾਲੇਕੇ ਨੇ ਕਿਹਾ ਕਿ ਲੁਧਿਆਣਾ ਵਿਖੇ ਹੋਣ ਜਾ ਰਹੀ ਜ਼ਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗਾ।

## ਸਬ-ਇੰਸ. ਗੁਰਪਾਲ ਸਿੰਘ ਨੇ ਬਤੌਰ ਥਾਣਾ ਮੁਖੀ ਅਹੁਦਾ ਸੰਭਾਲਿਆ



**ਸ਼ੇਰਪੁਰ (ਰਵੀ ਟਿੱਬਾ)**-ਥਾਣਾ ਸ਼ੇਰਪੁਰ ਵਿਖੇ ਸਬ ਇੰਸਪੈਕਟਰ ਗੁਰਪਾਲ ਸਿੰਘ ਨੇ ਬਤੌਰ ਥਾਣਾ ਮੁਖੀ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਉਹ 1999- 2000 ਵਿੱਚ ਪਹਿਲਾਂ ਵੀ ਬਤੌਰ ਐਡੀਸ਼ਨਲ ਮੁਨਸ਼ੀ ਥਾਣਾ ਵਿਖੇ ਸੇਵਾਵਾ ਨਿਭਾਅ ਚੁੱਕੇ ਹਨ।ਉਨ੍ਹਾਂ ਪੱਤਰਕਾਰਾਂ ਨਾਲ ਪਹਿਲੀ ਪ੍ਰੈਸ ਮਿਲਣੀ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਉਹ ਇਲਾਕੇ ਦੇ ਅਮਨ ਕਾਨੂੰਨ ਦੀ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਣਗੇ ਤੇ ਥਾਣਾ ਸ਼ੇਰਪੁਰ ਵਿਖੇ ਆਪਣੇ ਕੰਮਕਾਜ ਲਈ ਆਉਣ ਵਾਲੇ ਹਰ ਇਕ ਵਿਅਕਤੀ ਦਾ ਪੂਰਨ ਤੌਰ 'ਤੇ ਸਤਿਕਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਅਤੇ ਜ਼ਿਲ੍ਹਾ ਸੰਗਰੂਰ ਦੇ ਐਸਐਸਪੀ ਸਰਤਾਜ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਸਬਾ ਸ਼ੇਰਪੁਰ ਅਤੇ ਨਾਲ ਲੱਗਦੇ ਪਿੰਡਾਂ ਅੰਦਰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀ ਆਪਣੇ ਇਸ ਧੰਦੇ ਨੂੰ ਬੰਦ ਕਰਨ ਤੇ ਪੁਲਸ ਪ੍ਰਸ਼ਾਸਨ ਦਾ ਚੰਗੇ ਕੰਮਾਂ ਲਈ ਸਹਿਯੋਗ ਦੇਣ।ਉਨ੍ਹਾਂ ਸ਼ੇਰਪੁਰ ਵਿਖੇ ਨਸ਼ਿਆ ਖਿਲਾਫ ਕੰਮ ਕਰ ਰਹੀ ਨਸ਼ਾ ਰੋਕੂ ਕਮੇਟੀ ਦੇ ਯਤਨਾਂ ਦੀ ਸਲਾਘਾ ਕਰਦਿਆਂ ਹਰ ਪੱਖੋਂ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ ਅਤੇ ਕਸਬਾ ਸ਼ੇਰਪੁਰ ਵਿਖੇ ਟ੍ਰੈਫਿਕ ਸਮੱਸਿਆ ਅਤੇ ਨੌਜਵਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਹੁੱਲੜਬਾਜ਼ੀਆਂ ਨੂੰ ਵੀ ਚੇਤਾਵਨੀ ਦਿੱਤੀ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ ਆ ਜਾਣ, ਨਹੀਂ ਇਨ੍ਹਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

## 35 ਮੈਡੀਕਲ ਸਟੋਰਾਂ 'ਤੇ ਚੈਕਿੰਗ ਕੀਤੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਪੁਲਸ ਵੱਲੋਂ ਡਰੱਗ ਇੰਸਪੈਕਟਰਾਂ ਨਾਲ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ 35 ਮੈਡੀਕਲ ਸਟੋਰਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਹ ਜਾਂਚ ਮੁਹਿੰਮ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਇਲਾਕਿਆਂ ਵਿੱਚ ਚਲਾਈ ਗਈ, ਜਿਸ ਵਿੱਚ 110 ਪੁਲਿਸ ਅਧਿਕਾਰੀ/ਕਰਮਚਾਰੀ ਤੇ ਡਰੱਗ ਇੰਸਪੈਕਟਰਜ਼ ਦੀਆਂ ਟੀਮਾਂ ਨੇ ਭਾਗ ਲਿਆ।ਟੀਮਾਂ ਨੇ ਮੈਡੀਕਲ ਸਟੋਰਾਂ 'ਤੇ ਪਹੁੰਚ ਕੇ ਦਵਾਈਆਂ ਦੇ ਸਟਾਕ ਰਜਿਸਟਰ, ਪਰਚੀ ਲਿਖਤ, ਮਾਨਤਾ ਪ੍ਰਾਪਤ ਲਾਇਸੰਸ, ਵਿਸ਼ੇਸ਼ ਤੌਰ 'ਤੇ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਸੰਬੰਧੀ ਰਿਕਾਰਡ ਜਾਂਚਿਆ ਗਿਆ।ਚੈਕਿੰਗ ਟੀਮਾਂ ਨੇ ਕੁਝ ਥਾਵਾਂ 'ਤੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਦਵਾਈਆਂ ਦੇ ਨਮੂਨੇ ਵੀ ਉਠਾਏ।ਨਾਲ ਹੀ ਦਵਾਈਆਂ ਦੀ ਮਿਆਦ ਅਤੇ ਪੈਕਿੰਗ ਤੇ ਲਿਖੀ ਜਾਣਕਾਰੀ ਦੀ ਵੀ ਜਾਂਚ ਕੀਤੀ ਗਈ।ਇਹ ਚੈਕਿੰਗ ਸਿਰਫ਼ ਨਿਯਮਾਂ ਦੀ ਉਲੰਘਣਾ ਦੀ ਜਾਂਚ ਤੱਕ ਸੀਮਤ ਨਹੀਂ ਸੀ, ਸਗੋਂ ਇਸਦਾ ਮਕਸਦ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਉਪਲਬਧਤਾ 'ਤੇ ਨਿਗਰਾਨੀ ਰੱਖਣ ਦੇ ਨਾਲ ਨਾਲ, ਮੈਡੀਕਲ ਸਟੋਰਾਂ ਨੂੰ ਵੀ ਸੂਚਿਤ ਕਰਨਾ ਸੀ ਕਿ ਅਗਲੇ ਦਿਨਾਂ ਵਿੱਚ ਹੋਰ ਵੀ ਇਸ ਤਰ੍ਹਾਂ ਦੀਆਂ ਜਾਂਚਾਂ ਹੋਣਗੀਆਂ ਅਤੇ ਕਿਸ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਚੈਕਿੰਗ ਦੌਰਾਨ ਸਾਰਿਆਂ ਮੈਡੀਕਲ ਸਟੋਰਾਂ ਨੂੰ ਨਸ਼ਾ ਵਿਰੋਧੀ ਕਾਨੂੰਨ ਤੇ ਮੈਡੀਕਲ ਨਿਯਮਾਂ ਦੀ ਪੂਰੀ ਪਾਲਣਾ ਕਰਨ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ।ਕਿਸੇ ਵੀ ਗੈਰਕਾਨੂੰਨੀ ਕਾਰਵਾਈ ਦੀ ਜਾਣਕਾਰੀ ਮਿਲਣ 'ਤੇ ਤੁਰੰਤ ਅਤੇ ਸਖ਼ਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ ਗਈ।ਇਹ ਕਾਰਵਾਈ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦਾ ਹਿੱਸਾ ਹੈ।

## ਸਿੱਖਿਆ ਕ੍ਰਾਂਤੀ ਤਹਿਤ ਹਲਕਾ ਸ਼ੁਤਰਾਣਾ 'ਚ ਉਦਘਾਟਨੀ ਸਮਾਰੋਹ



**ਪਾਤੜਾਂ (ਨਿਸ਼ਾਨ ਸਿੰਘ ਬਟਵਾਲ)**

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਕੂਲੀ ਸਿੱਖਿਆ ਦੇ ਢਾਂਚੇ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਵਿੱਚ ਕੀਤੇ ਗਏ ਨਿਰਮਾਣ ਕਾਰਜਾਂ ਦੇ ਉਦਘਾਟਨ ਕਰਨ ਦੀ ਸ਼ੁਰੂ ਕੀਤੀ ਗਈ ਲੜੀ ਤਹਿਤ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਹਲਕੇ ਦੇ ਛੇ ਸਕੂਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇ ਪ੍ਰਾਇਮਰੀ ਸਕੂਲ ਬਰਿਹ ਜੱਛ, ਸਰਕਾਰੀ ਪ੍ਰਾਇਮਰੀ ਸਕੂਲ ਸਾਗਰਾ, ਤੇਈਪੁਰ, ਮਤੌਲੀ ਤੇ ਗੁਰੂ ਨਾਨਕਪੁਰਾ ਵਿਖੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤੇ ਗਏ। ਉਹਨਾਂ ਨਾਲ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਮਨਵਿੰਦਰ ਕੌਰ ਭੁੱਲਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀ ਪ੍ਰੇਮ ਕੁਮਾਰ ਨਾਲ ਸਨ। ਸਕੂਲਾਂ ਵਿੱਚ ਕੀਤੇ ਗਏ ਉਦਘਾਟਨੀ ਸਮਾਰੋਹਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਜਿਥੇ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕਰਕੇ ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ ਦੀ ਨੁਹਾਰ ਪੂਰੀ ਤਰ੍ਹਾਂ ਬਦਲ ਦਿੱਤੀ ਹੈ, ਉਥੇ ਹੀ 12 ਹਜ਼ਾਰ ਦੇ ਕਰੀਬ ਕੱਚੇ ਅਧਿਆਪਕ ਪੱਕੇ ਕਰਨ ਸਮੇਤ 20 ਹਜ਼ਾਰ ਦੇ ਕਰੀਬ ਨਵੇਂ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਨਵੇਂ ਕਮਰੇ, ਲਾਇਬ੍ਰੇਰੀਆਂ, ਸਕੂਲਾਂ ਦੀ ਚਾਰਦੀਵਾਰੀ, ਸਾਫ਼ ਸੁਥਰੇ ਬਾਥਰੂਮ, ਸਕੂਲ 'ਚ ਅਤਿ ਆਧੁਨਿਕ ਲੈਬਜ਼ ਸਮੇਤ ਨਵੀਂ ਤਕਨੀਕ ਦੇ ਕੰਪਿਊਟਰ ਦਿੱਤੇ ਗਏ ਹਨ ਤੇ ਸਰਕਾਰ ਦੀ ਪਹਿਲੀ ਤਰਜੀਹ ਹੀ ਸਿੱਖਿਆ ਦੇ ਖੇਤਰ 'ਚ ਕ੍ਰਾਂਤੀਕਾਰੀ ਸੁਧਾਰ ਲਿਆਉਣੀ ਰਹੀ ਹੈ।ਪਿਛਲੇ ਤਿੰਨ ਸਾਲਾਂ ਦੌਰਾਨ ਵਿਦਿਆਰਥੀਆਂ ਨੂੰ ਆਈਆਈਟੀ ਤੇ ਆਈਆਈਐਮ ਵਰਗੇ ਵਿਦਿਅਕ ਅਦਾਰਿਆਂ ਦੇ ਵਿੱਦਿਅਕ ਟੂਰ ਕਰਾਏ ਗਏ ਹਨ ਤੇ ਅਧਿਆਪਕਾਂ ਨੂੰ ਕੌਮਾਂਤਰੀ ਪੱਧਰ ਦੀ ਟ੍ਰੇਨਿੰਗ ਦਿੱਤੀ ਗਈ ਹੈ।ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੇ ਆਉਣ ਵਾਲੇ ਸਮੇਂ ਵਿੱਚ ਸਾਰਥਕ ਨਤੀਜੇ ਸਾਹਮਣੇ ਆਉਣਗੇ ਤੇ ਸਰਕਾਰੀ ਸਕੂਲਾਂ ਦੇ ਪੜ੍ਹੇ ਵਿਦਿਆਰਥੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਸੂਬੇ ਦਾ ਨਾਂਅ ਰੌਸ਼ਨ ਕਰਨਗੇ।

## ਪੈਟਰੋਲ ਪੰਪ ਦੇ ਕਰਿੰਦੇ ਤੋਂ 58 ਹਜ਼ਾਰ ਰੁਪਏ ਖੋਹ ਕੇ ਲੁਟੇਰੇ ਫਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਘੱਲ ਖੁਰਦ ਦੇ ਅਧੀਨ ਆਉਂਦੇ ਪਿੰਡ ਉੱਗੇ ਕੇ ਵਿਖੇ ਪੈਟਰੋਲ ਪੰਪ ਦੇ ਕਰਿੰਦੇ ਨੂੰ ਦੋ ਮੋਟਰਸਾਈਕਲ ਸਵਾਰ ਲੁਟੇਰੇ ਪਿਸਤੌਲ ਵਿਖਾ ਕੇ 58 ਹਜ਼ਾਰ ਰੁਪਏ ਖੋਹ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਘੱਲ ਖੁਰਦ ਪੁਲਸ ਨੇ ਅਣਪਛਾਤੇ ਮੋਟਰਸਾਈਕਲ ਸਵਾਰਾਂ ਖਿਲਾਫ 304 (2), 3 (5) ਬੀਐੱਨਐੱਸ ਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਚੰਦਰ ਸ਼ੇਖਰ ਉਰਫ ਰਾਜੀਵ ਪੁੱਤਰ ਜਵਾਹਰ ਲਾਲ ਵਾਸੀ ਪਿੰਡ ਰਾਮਪੁਰਾ, ਡਾਕਖਾਨਾ ਬੋਰਣਾ, ਕਲਾਂ ਜ਼ਿਲ੍ਹਾ ਉਰੋਆ ਉੱਤਰ ਪ੍ਰਦੇਸ਼ ਹਾਲ ਵਾਸੀ ਪਿੰਡ ਉੱਗੇ ਕੇ ਨੇ ਦੱਸਿਆ ਕਿ ਉਹ ਪਿੰਡ ਉੱਗੇ ਕੇ ਵਿਖੇ ਪੈਟਰੋਲ ਪੰਪ 'ਤੇ ਕੰਮ ਕਰਦਾ ਹੈ। ਚੰਦਰ ਸ਼ੇਖਰ ਨੇ ਦੱਸਿਆ ਕਿ 6 ਅਪ੍ਰੈਲ 2025 ਨੂੰ ਦੋ ਮੋਟਰਸਾਈਕਲ ਸਵਾਰ ਵਿਅਕਤੀ ਪੰਪ 'ਤੇ ਆਏ ਤੇ ਉਸ ਪਾਸੋਂ 58 ਹਜ਼ਾਰ ਰੁਪਏ ਪਿਸਤੌਲ ਦਾ ਡਰਾ ਦੇ ਕੇ ਖੋਹ ਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਰਬਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਮੋਟਰਸਾਈਕਲ ਸਵਾਰਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਅਰਵਿੰਦਰ ਬੱਬੂ ਚਹਿਲ ਨੂੰ ਸਦਮਾ, ਪਿਤਾ ਜੀ ਸਵਰਗਵਾਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਮੁਕਤਸਰ ਵਿਕਾਸ ਮਿਸ਼ਨ ਦੇ ਸੰਸਥਾਪਕ ਮੈਂਬਰ, ਕਈ ਲਾਇਨਜ਼ ਕਲੱਬਾਂ ਨਾਲ ਜੁੜੇ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਅਰਵਿੰਦਰ ਸਿੰਘ ਬੱਬੂ ਚਹਿਲ ਬੂੜਾ ਗੁੱਜਰ ਦੇ ਪਿਤਾ ਜੀ ਹਰਨੇਕ ਸਿੰਘ ਚਹਿਲ (88) ਬੀਤੀ 6 ਅਪ੍ਰੈਲ ਨੂੰ ਅਕਾਲ ਚਲਾਣਾ ਕਰ ਗਏ ਸਨ।ਉਹ ਆਪਣੇ ਪਿਛੇ ਧਰਮ ਪਤਨੀ ਹਰਮੀਤ ਕੌਰ, ਸਪੁੱਤਰ ਬੱਬੂ ਚਹਿਲ, ਨੂੰਹ ਰਾਣੀ ਬਿੰਦਰ ਕੌਰ ਚਹਿਲ, ਅਮਰੀਕਾ ਸੈਟਲਡ ਬੇਟੀ ਸੰਨਦੀਪ ਕੌਰ, ਜਵਾਈ ਵਰਿੰਦਰ ਖਹਿਰਾ, ਕੈਨੇਡਾ ਵਿੱਚ ਪੱਕੇ ਤੌਰ 'ਤੇ ਵਸੇ ਹੋਏ ਬੇਟਾ ਅਰਸ਼ਦੀਪ ਚਹਿਲ, ਨੂੰਹ ਰਾਣੀ ਰੁਪਿੰਦਰ ਕੌਰ ਚਹਿਲ, ਪੋਤਰਾ ਅਵੀਰ ਚਹਿਲ ਸਮੇਤ ਹਰਦੀਪ ਕੌਰ ਤੇ ਕੁਲਦੀਪ ਕੌਰ (ਦੋਵੇਂ ਪੁੱਤਰੀਆਂ) ਅਤੇ ਦਿਲਬਾਗ ਸਿੰਘ ਤੇ ਜਸਪਾਲ ਸਿੰਘ (ਦੋਵੇਂ ਜਵਾਈ) ਸਮੇਤ ਪੋਤਰੇ ਅਤੇ ਦੋਹਤੇ ਦੋਹਤੀਆਂ ਦਾ ਭਰਿਆ ਪੂਰਾ ਪਰਵਾਰ ਛੱਡ ਗਏ ਹਨ।

ਭਾਰਤੀ ਫੌਜ ਵਿਚੋਂ ਸੇਵਾਮੁਕਤ ਸਵ: ਹਰਨੇਕ ਸਿੰਘ ਚਹਿਲ ਨੇ ਭਾਰਤ ਪਾਕਿਸਤਾਨ ਦੀ 1965 ਅਤੇ 1971 ਦੀ ਲੜਾਈ ਵਿੱਚ ਭਾਗ ਲਿਆ ਸੀ।ਧਾਰਮਿਕ ਪ੍ਰਵਿਰਤੀ ਅਤੇ ਮਿਲਣਸਾਰ ਸੁਭਾਅ ਵਾਲੇ ਸਵ: ਚਹਿਲ ਨੇ ਜੀਵਨ ਭਰ ਪੂਰਨ ਗੁਰ ਮਰਿਆਦਾ ਨਿਭਾਈ ਅਤੇ ਆਪਣੇ ਆਪ ਨੂੰ ਗੁਰੂ ਘਰ ਨਾਲ ਜੋੜ ਕੇ ਰੱਖਿਆ।ਹਰ ਰੋਜ਼ ਨਿੱਤ ਨੇਮ ਕਰਨਾ ਉਨ੍ਹਾਂ ਦਾ ਪਹਿਲਾ ਕਾਰਜ ਹੁੰਦਾ ਸੀ।ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਬੂੜਾ ਗੁੱਜਰ ਪਹੁੰਚ ਕੇ ਬੱਬੂ ਚਹਿਲ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ ਤੇ ਨਰਿੰਦਰ ਕਾਕਾ ਮੌਜੂਦ ਸਨ।ਪ੍ਰਧਾਨ ਢੋਸੀਵਾਲ ਨੇ ਸਵ: ਚਹਿਲ ਦੀ ਵੱਡੀ ਭੈਣ ਭਜਨ ਕੌਰ (97) ਤੇ ਹਰਪ੍ਰੀਤ ਸਿੰਘ ਆਦਿ ਸਮੇਤ ਦੂਜੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਸਵ: ਹਰਨੇਕ ਸਿੰਘ ਚਹਿਲ ਨਮਿਤ ਅੰਤਮ ਅਰਦਾਸ ਅਤੇ ਪਾਠ ਦਾ ਭੋਗ ਆਉਂਦੀ 13 ਅਪ੍ਰੈਲ ਨੂੰ ਦੁਪਹਿਰ 12:00 ਤੋਂ 1:00 ਵਜੇ ਤੱਕ ਉਹਨਾਂ ਦੇ ਜੱਦੀ ਪਿੰਡ ਬੂੜਾ ਗੁੱਜਰ ਦੇ ਗੁਰਦੁਆਰਾ ਸਾਹਿਬ ਵਿਖੇ ਪਵੇਗਾ।

## ਵਿਧਾਇਕ ਕਾਕਾ ਬਰਾੜ ਵੱਲੋਂ ਵੱਖ-ਵੱਖ ਸਕੂਲਾਂ 'ਚ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਲਈ 'ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ' ਮੁਹਿੰਮ ਦਾ ਆਗਾਜ਼ ਕੀਤਾ ਗਿਆ, ਜਿਸ ਤਹਿਤ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਪੀ.ਐੱਮ. ਸ੍ਰੀ ਸਰਕਾਰੀ ਕੰਨਿਆ ਸੀਨੀ. ਸੈਕੰ. ਸਮਾਰਟ ਸਕੂਲ ਵਿਖੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤੇ ਇਸੇ ਤਹਿਤ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਵੀ ਘਰ ਵਰਗਾ ਸੁਖਾਵਾਂ ਮਾਹੌਲ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸਾਰੇ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚੇ ਨੂੰ ਨਵੇਕਲਾ ਰੂਪ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੂਲ ਵਿੱਚ ਤਿੰਨ ਸਮਾਰਟ ਕਲਾਸ ਰੂਮ, ਸਕੂਲ ਦੀ ਚਾਰਦੀਵਾਰੀ, ਬਾਸਕਟ ਬਾਲ ਗਰਾਊਂਡ, ਐੱਨ.ਐੱਸ.ਕਿਉ.ਐੱਫ਼. ਲੈਬ ਦੇ ਨਿਰਮਾਣ, ਸੰਗੀਤ ਦਾ ਸਾਮਾਨ, ਪਖਾਨੇ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਕਾਸ ਦੇ ਕੰਮਾਂ ਲਈ ਤਕਰੀਬਨ 36 ਲੱਖ ਰੁਪਏ ਦੀ ਗਰਾਂਟ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਸਹੂਲਤਾਂ ਵੀ ਸਮੇਂ ਸਿਰ ਮਿਲਦੀਆਂ ਰਹਿਣ ਤੇ ਪੜ੍ਹਾਈ ਲਈ ਵਧੀਆ ਵਾਤਾਵਰਣ ਬਣਿਆ ਰਹੇ।ਇਸ ਤੋਂ ਇਲਾਵਾ ਸ੍ਰੀ ਕਾਕਾ ਬਰਾੜ ਵੱਲੋਂ ਪਿੰਡ ਗੋਨਿਆਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪਿੰਡ ਕਾਨਿਆਂਵਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਸੀਨੀ. ਸੈਕੰ. ਸਕੂਲ ਅਤੇ ਪਿੰਡ ਬੂੜਾ ਗੁੱਜਰ ਦੇ ਸਰਕਾਰੀ ਸੀਨੀਅਰ. ਸੈਕੰ. ਸਕੂਲਾਂ ਵਿੱਚ ਵੀ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਜੈ ਸ਼ਰਮਾ, ਪ੍ਰਿੰਸੀਪਲ ਸੁਭਾਸ਼ ਝਾਂਬ, ਅਸ਼ਵਨੀ ਬਾਂਸਲ, ਸ਼ਮਿੰਦਰ ਬੱਤਰਾ, ਮਨਦੀਪ ਸਿੰਘ, ਜਗਦੀਪ ਸਿੰਘ, ਡਾ. ਗੁਰਮੀਤ ਕੌਰ ਬਰਾੜ ਤੋਂ ਇਲਾਵਾ ਸਮੂਹ ਸਕੂਲਾਂ ਦੇ ਸਟਾਫ਼ ਮੈਂਬਰ ਹਾਜ਼ਰ ਸਨ।

## ਬਰੌਂਡਵੇ ਪਬਲਿਕ ਸਕੂਲ 'ਚ ਵਿਸ਼ਵ ਸਿਹਤ ਦਿਵਸ ਮਨਾਇਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਬਰੌਂਡਵੇ ਪਬਲਿਕ ਸਕੂਲ ਮਨਾਲ ਵਿਖੇ ਸਿਹਤ ਵਿਭਾਗ ਮੁਖੀ ਮੈਡਮ ਗੁਰਪ੍ਰੀਤ ਕੌਰ ਦੀ ਦੇਖ ਰੇਖ ਹੇਠ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ, ਜਿਸ ਵਿੱਚ ਚੌਥੀ, ਪੰਜਵੀਂ, ਨੌਵੀਂ ਤੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਯੋਗਾ ਸੈਸ਼ਨ ਦਾ ਆਯੋਜਨ ਕੀਤਾ ਗਿਆ। ਸ੍ਰੀ ਲਖਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਯੋਗਾ ਦੇ ਢੰਗਾਂ ਬਾਰੇ ਜਾਣਕਾਰੀ ਦਿੰਦੇ ਹੋਏ ਬੱਚਿਆਂ ਤੋਂ ਯੋਗਾ ਕਰਾਇਆ।ਇਸ ਤੋਂ ਇਲਾਵਾ ਛੇਵੀਂ ਤੋਂ ਅੱਠਵੀਂ ਜਮਾਤ ਦੇ ਚੁਣਵੇਂ ਵਿਦਿਆਰਥੀਆਂ ਲਈ ਪੋਸਟਰ ਮੇਕਿੰਗ ਮੁਕਾਬਲੇ 'ਆਸ਼ਾਵਾਦੀ ਭਵਿੱਖ ਦੀ ਸਿਹਤਮੰਦ ਸ਼ੁਰੂਆਤ' ਸਿਰਲੇਖ ਤਹਿਤ ਕਰਾਏ ਗਏ।ਸਾਰੇ ਵਿਦਿਆਰਥੀ ਆਪਣੀ ਪ੍ਰਤਿਭਾ ਵਿਖਾਉਣ ਲਈ ਉਤਸੁਕ ਸਨ।ਅੰਤ ਵਿੱਚ ਸਕੂਲ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਅਤੇ ਭਵਿੱਖ ਵਿੱਚ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ ਅਤੇ ਨਾਲ ਹੀ ਸਿਹਤ ਵਿਭਾਗ ਮੁਖੀ ਮੈਡਮ ਗੁਰਪ੍ਰੀਤ ਕੌਰ ਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕਰਦਿਆ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕਰਵਾਏ ਜਾਣ ਦਾ ਵਿਸ਼ਵਾਸ ਦਿਵਾਇਆ।

## ਖੁੱਡੀਆਂ ਵੱਲੋਂ ਡੀਵਾਰਮਿੰਗ ਮੁਹਿੰਮ ਦਾ ਆਗਾਜ਼



**ਮੁਕਤਸਰ (ਸ਼ਮਿੰਦਰਪਾਲ/ਪੂਜਾ)**

ਪੰਜਾਬ ਦੇ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਸੂਬੇ ਭਰ ਵਿੱਚ ਡੀਵੌਰਮਿੰਗ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ।ਦੱਸਣਯੋਗ ਹੈ ਕਿ ਕੈਬਨਿਟ ਮੰਤਰੀ ਵੱਲੋਂ ਇਸ ਮੁਹਿੰਮ ਦੀ ਸ਼ੁਰੂਆਤ ਜ਼ਿਲ੍ਹੇ ਦੇ ਲੰਬੀ ਹਲਕੇ ਤੋਂ ਕੀਤੀ ਗਈ।ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 7.78 ਕਰੋੜ ਰੁਪਏ ਦੀ ਲਾਗਤ ਨਾਲ ਸਮੁੱਚੇ ਪਸ਼ੂਧਨ ਨੂੰ ਮਲੱਪ ਰਹਿਤ ਕਰਨ ਲਈ ਡੀਵੌਰਮਿੰਗ ਦਵਾਈ ਖਰੀਦੀ ਹੈ ਤੇ ਇਹ ਦਵਾਈ ਸੂਬੇ ਭਰ ਦੇ ਕਿਸਾਨਾਂ ਨੂੰ ਮੁਫ਼ਤ ਵੰਡੀ ਜਾਵੇਗੀ।ਅਧਿਕਾਰੀਆਂ ਨੂੰ ਇਸੇ ਹਫ਼ਤੇ ਦੇ ਅੰਦਰ ਡੀਵੌਰਮਿੰਗ ਮੁਹਿੰਮ ਨੂੰ ਮੁਕੰਮਲ ਕਰਨ ਦੇ ਨਿਰਦੇਸ਼ ਦਿੰਦਿਆਂ ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਨੇ ਦਵਾਈ ਸਿੱਧੀ ਕਿਸਾਨਾਂ ਨੂੰ ਪੁਚਾਉਣ ਲਈ 2000 ਤੋਂ ਵੱਧ ਟੀਮਾਂ ਗਠਿਤ ਕੀਤੀਆਂ ਹਨ।

ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕਿਸੇ ਕਾਰਨ ਦਵਾਈ ਲੈਣ ਤੋਂ ਖੁੰਝ ਜਾਣਗੇ, ਉਹ ਬਾਅਦ ਵਿੱਚ ਆਪਣੇ ਕਿਸੇ ਵੀ ਨਜ਼ਦੀਕੀ ਵੈਟਰਨਰੀ ਇੰਸਟੀਚਿਊਟ 'ਚੋਂ ਇਹ ਦਵਾਈ ਮੁਫ਼ਤ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਗਾਵਾਂ/ਮੱਝਾਂ, ਕੱਟੇ/ਕੱਟੀਆਂ, ਵੱਛੇ/ਵੱਛੀਆਂ ਦੇ ਮਲੱਪ ਰਹਿਤ ਕਰਨ ਦੀ ਦਵਾਈ ਲਈ ਏ.ਐਸ.ਸੀ.ਏ.ਡੀ. ਸਕੀਮ ਅਧੀਨ ਇਹ ਦਵਾਈ ਵੰਡੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਰਾਜ ਵਿਚ ਇਹ ਦੂਜੀ ਡੀਵਰਮਿੰਗ ਮੁਹਿੰਮ ਹੈ ਜਿਸਦਾ ਦੁੱਧ ਉਤਪਾਦਨ 'ਤੇ ਸਕਾਰਾਤਮਕ ਪ੍ਰਭਾਵ ਪੈਣ ਸਦਕਾ ਕਿਸਾਨਾਂ ਨੂੰ ਵਧੇਰੇ ਆਮਦਨ ਹੋਣ ਦੀ ਉਮੀਦ ਹੈ।ਪਿਛਲੇ ਸਾਲ ਦੀ ਮੁਹਿੰਮ ਨੂੰ ਪਸ਼ੂ ਮਾਲਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ ਅਤੇ ਉਨ੍ਹਾਂ ਵੱਲੋਂ ਇਸ ਸਾਲ ਵੀ ਇਸ ਨੂੰ ਦੁਹਰਾਉਣ ਸਬੰਧੀ ਬੇਨਤੀ ਕੀਤੀ ਗਈ ਸੀ।

## 'ਸਮਾਜਿਕ ਖੋਜ ਵਿੱਚ ਨਵੀਨਤਾ : ਉੱਭਰਦੇ ਰੁਝਾਨ ਤੇ ਤਕਨੀਕ' ਵਿਸ਼ੇ 'ਤੇ ਵਰਕਸ਼ਾਪ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਨੇ 'ਸਮਾਜਿਕ ਖੋਜ ਵਿੱਚ ਨਵੀਨਤਾ : ਉੱਭਰਦੇ ਰੁਝਾਨ ਅਤੇ ਤਕਨੀਕਾਂ' ਸਿਰਲੇਖ ਵਿਸ਼ੇ 'ਤੇ ਸੱਤ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਦਾ ਉਦਘਾਟਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਪ੍ਰਿਤਪਾਲ ਸਿੰਘ ਦੁਆਰਾ ਕੀਤਾ ਗਿਆ।ਉਨ੍ਹਾਂ ਇਸ ਸਮਾਗਮ ਨੂੰ ਵਿਭਾਗ ਦਾ ਸ਼ਲਾਘਾਯੋਗ ਕਦਮ ਦੱਸਿਆ।ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ, ਵਰਕਸ਼ਾਪ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਡਾ. ਬਿਲਿੰਗ ਨੇ ਅਕਾਦਮਿਕ ਵਿਕਾਸ ਵਿੱਚ ਖੋਜ ਅਤੇ ਨਵੀਨਤਾ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ ਅਤੇ ਸਾਰੇ ਭਾਗੀਦਾਰਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਵਰਕਸ਼ਾਪ ਦੇ ਪਹਿਲੇ ਦਿਨ ਡਾ. ਹਰਵਿੰਦਰ ਸਿੰਘ ਭੱਟੀ ਦੁਆਰਾ 'ਸਮਾਜਿਕ ਖੋਜ ਵਿੱਚ ਆਮ ਗਲਤੀਆਂ ਅਤੇ ਉਨ੍ਹਾਂ ਨੂੰ ਕਿਵੇਂ ਦੂਰ ਕਰਨਾ ਹੈ' ਵਿਸ਼ੇ 'ਤੇ ਇੱਕ ਸੂਝਵਾਨ ਲੈਕਚਰ ਤੇ ਪੇਸ਼ਕਾਰੀ ਦਿੱਤੀ ਗਈ, ਜਿਸ ਵਿੱਚ ਭਾਗੀਦਾਰਾਂ ਨੂੰ ਉਨ੍ਹਾਂ ਦੇ ਖੋਜ ਕਾਰਜ ਦੀ ਗੁਣਵੱਤਾ ਨੂੰ ਵਧਾਉਣ ਲਈ ਵਿਹਾਰਕ ਰਣਨੀਤੀਆਂ ਪੇਸ਼ ਕੀਤੀਆਂ ਗਈਆਂ।ਪ੍ਰੋ. ਜਸਵੀਰ ਕੌਰ ਚਾਹਲ ਨੇ ਦੂਜੇ ਦਿਨ ਦੇ ਸੈਸ਼ਨ ਦੀ ਅਗਵਾਈ ਕੀਤੀ, ਜੋ 'ਸਮਾਜਿਕ ਵਿਗਿਆਨ ਖੋਜ ਤੇ ਪ੍ਰਤੀਬਿੰਬ : ਮਾਪ ਅਤੇ ਦਿਸ਼ਾਵਾਂ' 'ਤੇ ਕੇਂਦ੍ਰਿਤ ਸੀ।ਤੀਜੇ ਦਿਨ ਪੰਜਾਬੀ ਯੂਨੀਵਰਸਿਟੀ ਦੇ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਤੋਂ ਡਾ. ਸਤਿੰਦਰ ਕੁਮਾਰ ਨੇ 'ਡੇਟਾ ਵਿਸ਼ਲੇਸ਼ਣ ਟੂਲਸ ਦੀ ਜਾਣ-ਪਛਾਣ : ਡੇਟਾ ਵਿਸ਼ਲੇਸ਼ਣ ਲਈ ਇੱਕ ਸ਼ੁਰੂਆਤੀ ਗਾਈਡ' ਤੇ ਇੱਕ ਵਿਹਾਰਕ ਸਿਖਲਾਈ ਸੈਸ਼ਨ ਕਰਾਇਆ। ਚੌਥੇ ਦਿਨ ਪੰਜਾਬ ਯੂਨੀਵਰਸਿਟੀ ਦੇ ਸੀ.ਡੀ.ਓ.ਈ. ਦੇ ਸਮਾਜ ਸ਼ਾਸਤਰ ਵਿਭਾਗ ਤੋਂ ਡਾ. ਰੀਨਾ ਰਾਣੀ ਚੌਧਰੀ ਨੇ 'ਸਮਾਜਿਕ ਖੋਜ ਵਿੱਚ ਪ੍ਰਭਾਵਸ਼ਾਲੀ ਪ੍ਰਸ਼ਨਾਵਲੀ ਡਿਜ਼ਾਈਨ ਕਰਨਾ' ਵਿਸ਼ੇ 'ਤੇ ਇੱਕ ਸੈਸ਼ਨ ਦਿੱਤਾ, ਜਿਸ ਵਿੱਚ ਸਰਵੇਖਣ ਡਿਜ਼ਾਈਨ ਤੇ ਡਾਟਾ ਇਕੱਠਾ ਕਰਨ ਦੀਆਂ ਤਕਨੀਕਾਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ ਗਈ।ਵਰਕਸ਼ਾਪ ਦੇ ਅੰਤਿਮ ਦਿਨ ਪ੍ਰੋ. ਜਮਸ਼ੀਦ ਅਲੀ ਖਾਨ ਨੇ 'ਥੀਸਿਸ ਅਤੇ ਡਰਾਇੰਗ ਨੀਤੀ/ਸਮਾਜਿਕ ਪ੍ਰਭਾਵ ਲਈ ਲਿਖਣ ਦੀ ਕਲਾ ਦੇ ਸਿੱਟੇ' 'ਤੇ ਇੱਕ ਵਿਆਪਕ ਸੈਸ਼ਨ ਦਾ ਸੰਚਾਲਨ ਕੀਤਾ, ਜਿਸ ਤੋਂ ਬਾਅਦ ਖੋਜ ਨਤੀਜਿਆਂ ਤੇ ਪੇਸ਼ਕਾਰੀਆਂ ਅਤੇ ਚਰਚਾਵਾਂ ਹੋਈਆਂ। ਵਰਕਸ਼ਾਪ ਸਮਾਪਤੀ ਭਾਸ਼ਣ ਤੇ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੰਡਣ ਨਾਲ ਸੰਪੰਨ ਹੋਇਆ।


**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ ।:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-56 | 29/04/2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 11906/R1, 12550/F1, 14610/F1, 15015/F1, 11906/F1, 14504/R1, 12426/F1, 16032/F1, 14682/F1 & 11078/F1. |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1081/25

**ਉਤਰ ਰੇਲਵੇ**

**ਉਤਰ ਰੇਲਵੇ ਦੇ ਅਪ੍ਰੈਲ - 2025 ਨੀਲਾਮੀ ਪ੍ਰੋਗਰਾਮ ਵਿਚ ਸ਼ੁਧੀਪੱਤਰ**

ਨੰਬਰ: 117-ਐਸ/ਸੇਲ/ਆਕਸ਼ਨ ਪ੍ਰੋਗਰਾਮ/2025-26 ਮਿਤੀ 08.04.2025

ਅਪ੍ਰੈਲ - 2025 ਦੇ ਮਹੀਨੇ ਦੇ ਲਈ ਨੀਲਾਮੀ ਪ੍ਰੋਗਰਾਮ ਦੀ ਨਿਮਨ ਅਨੁਸਾਰ ਹੋਵੇਗੀ।

| ਲ. ਨੰ. | ਮੰਡਲ | ਈ-ਨੀਲਾਮੀ ਦੇ ਲਈ ਰੱਦ ਮਿਤੀ | ਈ-ਨੀਲਾਮੀ ਦੇ ਲਈ ਨਵੀਂ ਮਿਤੀ |
|---|---|---|---|
| 1. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਅੰਬਾਲਾ 0171-2611203 | 14.04.2025 | 16.04.2025 |
| 2. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ਲਖਨਊ 0522-2234756 | 14.04.2025 | 16.04.2025 |

ਹੋਰ ਸਾਰੀਆਂ ਨੀਲਾਮੀ ਮਿਤੀਆਂ, ਸਮਾਂ ਅਤੇ ਨਿਬੰਧਨ ਅਤੇ ਸ਼ਰਤਾਂ ਅਬਦਲ ਰਹਿਣਗੇ। ਈ-ਨੀਲਾਮੀ ਨਾਲ ਸਬੰਧਿਤ ਵਧੇਰੇ ਜਾਣਕਾਰੀ ਦੇ ਲਈ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1075/2025

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ : 251-ਬਿਜਲੀ-ਟੀ-01-2025 ਕੰਮਾਂ ਦਾ ਵੇਰਵਾ : ਫਿਰੋਜ਼ਪੁਰ ਮੰਡਲ ਦੇ 8 ਸਟੇਸ਼ਨਾਂ (ਗੋਰਾਯਾ, ਚਿਏਰੂ, ਸੁਰਨਾਸੀ, ਕਰਤਾਰਪੁਰ, ਹਮੀਰਾ, ਦਿਲਵਾਨ, ਬੁਟਾਰੀ ਅਤੇ ਮਾਨਾਵਾਲਾ) ਉਤੇ ਪੁਰਾਣੇ ਪੈਨਲ ਇੰਟਰਲਾਕਿੰਗ ਨੂੰ ਇਲੈਕਟ੍ਰਾਨਿਕ ਨਾਲ ਬਦਲਣ ਦੇ ਸਬੰਧ ਵਿਚ ਬਿਜਲੀ ਕੰਮ। ਅੰਦਾਜਨ ਲਾਗਤ (ਰੁ) : Rs. 47,85,418.32p ਬਿਆਨਾ ਰਾਸ਼ੀ (ਰੁ) : Rs. 95700.00 ਕੰਮ ਦਾ ਸਮਾਂ : 06 ਮਹੀਨੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 29.04.2025 15:00 ਵਜੇ ਦੇ ਬਾਅਦ ਵੈਬਸਾਈਟ www.gem.gov.in

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 01-ਬਿਜਲੀ-2025-26

ਮਿਤੀ 08.04.2025

1071/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਭਾਰਤੀਯ ਰੇਲ**

ਫਾਰਮੈਟ 10-01

**ਭਾਰਤੀਯ ਰੇਲ ("ਸਾਰਵਜਨਿਕ ਸੂਚਨਾ")**

ਉਤਰ ਰੇਲਵੇ ਦੇ ਹੇਠਾਂ ਲਿਖਤ ਸੈਕਸ਼ਨ ਤੇ ਪੂਰੇ ਸੈਕਸ਼ਨ ਤੇ ਸਥਿਤ ਰੇਲਵੇ ਲਾਈਨਾਂ ਅਤੇ ਪਰਿਸਰ ਦੇ ਸਾਰੇ ਉਪਯੋਗਕਰਤਾਵਾਂ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ 25ਕੇਵੀ ਹਟ੍ਜ ਏਸੀ ਓਵਰਹੇਡ ਟ੍ਰੈਕਸ਼ਨ ਵਾਯਰ ਸੈਕਸ਼ਨ ਦੇ ਖਿਲਾਫ ਦਰਸਾਈ ਮਿਤੀ ਨੂੰ ਜਾਂ ਉਸ ਦੇ ਬਾਅਦ ਸਰਗਰਮ ਹੋ ਜਾਣਗੇ।ਉਸ ਮਿਤੀ ਨੂੰ ਅਤੇ ਉਸ ਮਿਤੀ ਤੋਂ ਓਵਰਹੇਡ ਟ੍ਰੈਕਸ਼ਨ ਲਾਈਨ ਨੂੰ ਹਰ ਸਮੇਂ ਲਾਈਵ ਮੰਨਿਆ ਜਾਵੇਗਾ ਅਤੇ ਕੋਈ ਵੀ ਅਣਅਧਿਕ੍ਰਿਤ ਵਿਅਕਤੀ ਉਕਤ ਲਾਈਨ ਦੇ ਕੋਲ ਨਹੀਂ ਪਹੁੰਚੇਗਾ ਜਾਂ ਕੰਮ ਨਹੀਂ ਕਰੇਗਾ।

ਡਵੀਜਨ: ਫਿਰੋਜ਼ਪੁਰ ਬਿਜਲਈਕਰਨ ਦੀ ਮਿਤੀ 10.04.2025

ਸੈਕਸ਼ਨ: ਉਤਰ ਰੇਲਵੇ ਦੇ ਫਿਰੋਜ਼ਪੁਰ ਮੰਡਲ ਦੇ ਛੇਹਰਟਾ ਸਟੇਸ਼ਨ/ਯਾਰਡ ਵਿਚ ਪੁਸ਼ਿੰਗ ਲਾਈਨ ਨੰਬਰ 1 ਅਤੇ 2 ਤੇ 25 ਕੇਵੀ ਏਸੀ ਸਿੰਗਲ ਪੜਾਅ 50 ਹਟ੍ਜ ਸਪਲਾਈ ਉਤੇ ਓਐਚਈ ਦਾ ਬਿਜਲੀਕਰਨ।

| ਕਿਲੋਮੀਟਰ | |
|---|---|
| ਤੋਂ | ਤਕ |
| ਓ.ਐਚ.ਈ. ਲੋਕੇਸ਼ਨ CIA/1104, ਚੇਨੇਜ ਕਿ.ਮੀ. 518 / 244.75<br>ਓ.ਐਚ.ਈ. ਲੋਕੇਸ਼ਨ CIA/1108, ਚੇਨੇਜ ਕਿ.ਮੀ. 518 / 244.75 | ਓ.ਐਚ.ਈ. ਲੋਕੇਸ਼ਨ CIA/1110, ਚੇਨੇਜ ਕਿ.ਮੀ. 518 / 879.25<br>ਓ.ਐਚ.ਈ. ਲੋਕੇਸ਼ਨ CIA/1114, ਚੇਨੇਜ ਕਿ.ਮੀ. 518 / 879.25 |

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਕਰਸ਼ਨ ਵੰਡ, ਡੀਆਰਐਮ ਦਫਤਰ, ਫਿਰੋਜਪੁਰ

1064/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਪੰਜਾਬ ਨੈਸ਼ਨਲ ਬੈਂਕ punjab national bank**

ਬ੍ਰਾਂਚ : ਪਿੰਡ ਪਾਸਲਾ, ਬ੍ਰਾਂਚ ਕੋਡ : 290200, ਜ਼ਿਲ੍ਹਾ ਜਲੰਧਰ, , ਪਿੰਨ 144037

**ਸਾਡੀ ਬ੍ਰਾਂਚ ਵਿਖੇ ਲਾਕਰਾਂ ਦੇ ਬਕਾਏ ਕਿਰਾਏ ਬਾਰੇ ਨੋਟਿਸ**

ਪੰਜਾਬ ਨੈਸ਼ਨਲ ਬੈਂਕ, ਬ੍ਰਾਂਚ ਦਫਤਰ : ਪਿੰਡ ਪਾਸਲਾ, ਬ੍ਰਾਂਚ ਕੋਡ : 290200, ਜ਼ਿਲ੍ਹਾ ਜਲੰਧਰ ਨੇ ਸੰਬੰਧਤ ਲਾਕਰ ਧਾਰਕਾਂ ਨੂੰ ਹੇਠਾਂ ਸਾਰਣੀ 'ਚ ਦਰਸਾਏ ਅਨੁਸਾਰ ਸੇਫ ਡਿਪਾਜ਼ਟ ਵਾਲਟਸ (ਲਾਕਰ) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਵੱਲੋਂ ਬੀਤੇ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਕਿਰਾਇਆ ਅਦਾ ਨਹੀਂ ਕੀਤਾ ਗਿਆ ਅਤੇ ਹੇਠਾਂ ਦਰਸਾਏ ਧਾਰਕਾਂ ਵਿਰੁੱਧ ਕਿਰਾਏ ਬਾਕੀ ਹਨ। ਬੈਂਕ ਨੂੰ ਸੰਬੰਧਤ ਲਾਕਰ ਧਾਰਕਾਂ ਨੂੰ ਬਕਾਇਆ ਲਾਕਰ ਕਿਰਾਏ ਲਈ ਅਦਾਇਗੀ ਵਾਸਤੇ ਤਿੰਨ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ, ਪ੍ਰੰਤੂ ਅਜੇ ਤੱਕ ਜਮ੍ਹਾਂ ਨਹੀਂ ਕਰਵਾਇਆ।

| ਲੜੀ ਨੰ. | ਲਾਕਰ ਨੰ. | ਨਾਂਅ | ਬ੍ਰਾਂਚ |
|---|---|---|---|
| 1. | AN00035 | ਰਣਜੀਤ ਸਿੰਘ ਅਤੇ ਜਗਦੀਸ਼ ਕੌਰ | ਪੰਜਾਬ ਨੈਸ਼ਨਲ ਬੈਂਕ ਪਿੰਡ ਪਾਸਲਾ, ਜ਼ਿਲ੍ਹਾ ਜਲੰਧਰ ਪਿੰਨ 144037 |
| 2. | AN00038 | ਕੁਲਦੀਪ ਸਿੰਘ ਗਰੇਵਾਲ ਅਤੇ ਸੁਖਜੀਤ ਸਿੰਘ | ਪੰਜਾਬ ਨੈਸ਼ਨਲ ਬੈਂਕ ਪਿੰਡ ਪਾਸਲਾ, ਜ਼ਿਲ੍ਹਾ ਜਲੰਧਰ ਪਿੰਨ 144037 |

ਲਾਕਰ ਧਾਰਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇਕਰ ਉਪਰੋਕਤ ਲਾਕਰਾਂ 'ਚ ਦਰਸਾਇਆ ਕਿਰਾਇਆ ਬੈਂਕ ਵੱਲੋਂ ਤਿੰਨ ਮਹੀਨਿਆਂ 'ਚ ਪ੍ਰਾਪਤ ਨਾ ਕੀਤਾ ਗਿਆ, ਤਾਂ ਬੈਂਕ ਦੀਆਂ ਗਾਈਡਲਾਈਨਾਂ ਅਨੁਸਾਰ ਲਾਕਰ ਸੰਬੰਧਤ ਲਾਕਰ ਧਾਰਕ ਦੇ ਜੋਖਮ ਅਤੇ ਲਾਗਤ 'ਤੇ ਤੋੜ ਕੇ ਖੋਲ੍ਹ ਦਿੱਤਾ ਜਾਵੇਗਾ ਅਤੇ ਲਾਕਰ ਦੀਆਂ ਸਾਰੀਆਂ ਵਸਤਾਂ ਜਾਂ ਇੱਕ ਹਿੱਸੇ ਦੀ ਜਨਤਕ ਜਾਂ ਨਿੱਜੀ ਵਿਕਰੀ ਰਾਹੀਂ ਆਪਣੇ ਬਕਾਏ ਵਸੂਲ ਕਰੇਗਾ। ਬੈਂਕ ਦੇ ਬਕਾਏ ਦੀ ਸੰਤੁਸ਼ਟੀ ਤੋਂ ਬਾਅਦ ਲਾਕਰ 'ਚ ਪਈ ਕੋਈ ਰਕਮ ਜਾਂ ਵਸਤੂਆਂ ਬੈਂਕ ਵੱਲੋਂ ਸੰਬੰਧਤ ਲਾਕਰ ਧਾਰਕ ਦੇ ਮੁਕੰਮਲ ਜੋਖਮ, ਜ਼ਿੰਮੇਵਾਰੀ ਅਤੇ ਲਾਗਤ 'ਤੇ ਰੱਖੇਗਾ। ਜੇਕਰ ਇਸ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਬਕਾਏ ਦੀ ਵਸੂਲੀ ਪੂਰੀ ਨਹੀਂ ਹੁੰਦੀ ਤਾਂ ਲਾਕਰ ਧਾਰਕ ਘਾਟੇ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 09-04-2025, ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ

**EZ CAPITAL** CRISIL Rating: BBB- Stable

**ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ**

(ਪਹਿਲਾਂ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਈਨਾਂਸ ਲਿਮਟਿਡ ਵਜੋਂ ਜਾਣੀ ਜਾਂਦੀ)

ਰਜਿਸਟਰਡ ਦਫ਼ਤਰ ਪਤਾ : 321 ਅਤੇ 322, ਤੀਜੀ ਮੰਜ਼ਲ, ਨਰਾਇਣ ਮੰਜ਼ਲ ਬਿਲਡਿੰਗ, 23 ਬਾਰਾਖੰਭਾ, ਰੋਡ, ਨਵੀਂ ਦਿੱਲੀ-110-001

ਕਾਰਪੋਰੇਟ ਦਫ਼ਤਰ, ਪਤਾ : 87, ਰੇਡੀਓ ਕਾਲੋਨੀ, ਮਹਾਂਵੀਰ ਮਾਰਗ, ਨੇੜੇ ਬੀ ਐੱਮ ਸੀ ਚੌਕ ਜਲੰਧਰ-144001

ਟੈਲੀਫੋਨ : 7837078390 । ਈਮੇਲ : info@ezcapital.in । ਸੀ ਆਈ ਐੱਨ : ਯੂ. 65921 ਡੀ ਐੱਲ 1984 ਪੀ ਟੀ ਸੀ 018746

**ਕਬਜ਼ਾ ਨੋਟਿਸ**

**[ਵੇਖੋ ਨਿਯਮ 8 (1)]**

**(ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਨੇ ਸ੍ਰੀ ਕੁਲਵੰਤ ਸਿੰਘ ਨੂੰ ਕਰਜ਼ਾ ਇਕਰਾਰਨਾਮਾ ਮਿਤੀ 31.08.2023 (ਕਰਜ਼ਾ ਖਾਤਾ ਨੰ: ਐੱਲ ਏ ਪੀ-ਜੇ ਡੀ ਐੱਚ-718) ਰਾਹੀਂ ਵਿੱਤੀ ਸਹੂਲਤ ਮੁਹੱਈਆ ਕਰਵਾਈ ਹੈ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਸ੍ਰੀ ਕੁਲਵੰਤ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਬੁਰਜ ਮੁਹੰਮਦ ਸ਼ਾਹ ਫਤਹਿਗੜ੍ਹ, ਪੰਜਾਬ-142044 (2) ਸ੍ਰੀਮਤੀ ਕੁਲਜੀਤ ਕੌਰ ਪਤਨੀ ਕੁਲਵੰਤ ਸਿੰਘ, ਵਾਸੀ ਬੁਰਜ ਮੁਹੰਮਦ ਸ਼ਾਹ ਫਤਹਿਗੜ੍ਹ, ਪੰਜਾਬ-142044 (3) ਸ੍ਰੀ ਹਰਜਿੰਦਰ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਬੁਰਜ ਮੁਹੰਮਦ ਸ਼ਾਹ ਫਤਹਿਗੜ੍ਹ, ਪੰਜਾਬ-142044 ਨੂੰ ਨੋਟਿਸ 'ਚ ਦਰਸਾਈ ਕੁਲ ਰਕਮ ਰੁਪਏ 16,72,024.00 (ਸੋਲਾਂ ਲੱਖ ਬਹੱਤਰ ਹਜ਼ਾਰ ਚੌਵੀ ਰੁਪਏ ਕੇਵਲ) ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 21.01.2025 ਨੂੰ ਜਾਰੀ ਕੀਤਾ ਸੀ। ਅਤੇ ਕਰਜ਼ਦਾਰ/ਗਰੰਟਰ/ਰਹਿਣਕਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰ/ਗਰੰਟਰਾਂ/ਰਹਿਣਕਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13(4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 24 ਮਾਰਚ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ/ਗਰੰਟਰਾਂ/ਰਹਿਣਕਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਦੀ ਰਕਮ ਰੁਪਏ 16,71,225 (ਸੋਲਾ ਲੱਖ ਇਕੱਤਰ ਹਜ਼ਾਰ ਦੋ ਸੌ ਪੱਚੀ ਰੁਪਏ ਕੇਵਲ) ਜੋ ਕਿ 24.03.2025 ਨੂੰ ਹੈ, ਸਮੇਤ 20.00 ਫੀਸਦੀ ਸਾਲਾਨਾ ਵਿਆਜ ਦੀ ਵਸੂਲੀ ਹੇਠ ਹੋਵੇਗੀ। ਅਚੱਲ ਜਾਇਦਾਦ ਦਾ ਵੇਰਵਾ : ਜਾਇਦਾਦ ਦਾ ਵੇਰਵਾ - ਰਕਬਾ 12 ਮਰਲੇ, 1/2 ਸਰਸਾਹੀ, ਵਾਕਿਆ ਰਕਬਾ ਬੁਰਜ ਮੁਹੰਮਦ ਸ਼ਾਹ ਜ਼ੀਰਾ, ਫਿਰੋਜ਼ਪੁਰ-142044, ਕੁਲਜੀਤ ਕੌਰ ਪਤਨੀ ਕੁਲਵੰਤ ਸਿੰਘ, ਵਾਸੀ ਬੁਰਜ ਮੁਹੰਮਦ ਸ਼ਾਹ ਫਤਹਿਗੜ੍ਹ, ਪੰਜਾਬ-142044 ਦੇ ਨਾਂਅ 'ਤੇ, ਬੈਨਾਮਾ ਨੰ: 2023/24/119/1/495 ਮਿਤੀ 01.08.2023 (ਇਸ ਤੋਂ ਬਾਅਦ ਉਕਤ ਜਾਇਦਾਦ ਵਜੋਂ ਹਵਾਲਾ) ਹੱਦਾਂ : ਪੂਰਬ : ਹੋਰਨਾਂ ਦੀ ਜਾਇਦਾਦ ਮਕਾਨ, ਪੱਛਮ : ਗਲੀ, ਉੱਤਰ : ਹੋਰਨਾਂ ਦੀ ਜਾਇਦਾਦ ਮਕਾਨ, ਦੱਖਣ : ਹੋਰਨਾਂ ਦੀ ਜਾਇਦਾਦ ਮਕਾਨ।

ਵਾਸਤੇ ਐਕਸਕਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ

ਮਿਤੀ : 24 ਮਾਰਚ, 2025 ਸਥਾਨ - ਪਿੰਡ : ਬੁਰਜ ਮੁਹੰਮਦ ਸ਼ਾਹ ਅਧਿਕਾਰਤ ਅਫਸਰ

**UJJIVAN SMALL FINANCE BANK** ਦੂਜੀ ਮੰਜ਼ਲ, ਜੀ ਐੱਮ ਟੀ ਟੀ ਬਿਲਡਿੰਗ ਡੀ-7, ਸੈਕਟਰ 3 ਨੋਇਡਾ, ਯੂ ਪੀ 201301

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਰੂਲ 8 (1)**

ਜਦਕਿ, ਨਿਮਨਹਸਤਾਖਰੀ ਨੇ ਉਜੀਵਨ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਨੋਟਿਸ 'ਚ ਦਰਸਾਈ ਰਕਮ ਅਤੇ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਖਰਚੇ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ/ਗਰੰਟਰ/ਰਹਿਣਕਾਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ/ਗਰੰਟਰ/ਸਹਿ-ਕਰਜ਼ਦਾਰ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਵਿਰੁੱਧ ਦਰਸਾਈਆਂ ਤਰੀਕਾਂ 'ਤੇ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ/ਰਹਿਣਕਾਰ, ਸਹਿ-ਕਰਜ਼ਦਾਰ/ਰਹਿਣਕਾਰ ਅਤੇ ਸਹਿ-ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ। ਕਰਜ਼ਦਾਰ/ਰਹਿਣਕਾਰ, ਸਹਿ-ਕਰਜ਼ਦਾਰ/ਰਹਿਣਕਾਰ ਅਤੇ ਸਹਿ-ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ। ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਸਮੇਤ ਉਜੀਵਨ ਸਮਾਲ ਫਾਇਨਾਂਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ ਦਾ ਨਾਂਅ ਤੇ ਪਤਾ | ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਅਨੁਸਾਰ ਰਕਮ |
|---|---|---|---|
| (1) ਅਲੀ ਜਾਨ ਅੰਸਾਰੀ ਉਰਫ ਅਲੀ ਜਾਨ ਅੰਸਾਰ ਪੁੱਤਰ ਮੁਹੰਮਦ ਹੁਸੈਨ ਉਰਫ ਮੁਹੰਮਦ ਹੁਸੇਨ, ਵਾਸੀ 1743 ਬੀ-717/2, ਗਲੀ ਨੰ. 3, ਨੇੜੇ ਮਸਜਿਦ, ਦੀਪ ਕਾਲੋਨੀ, ਢੰਡਾਰੀ ਖੁਰਦ, ਏਵਨ ਕੰਪਲੈਕਸ, ਢੰਡਾਰੀ ਕਲਾਂ, ਲੁਧਿਆਣਾ, ਪੰਜਾਬ-141014 (2) ਜੁਲੇਖਾ ਕਾਦਿਰ ਉਰਫ ਜੁਲੇਖਾ ਖਾਤੂਨ ਪਤਨੀ ਅਲੀ ਜਾਨ ਅੰਸਾਰੀ ਉਰਫ ਅਲੀਜਾਨ ਅੰਸਾਰ, ਵਾਸੀ 1743-ਬੀ-717/2, ਗਲੀ ਨੰ. 3, ਨੇੜੇ ਮਸਜਿਦ, ਦੀਪ ਕਾਲੋਨੀ, ਢੰਡਾਰੀ ਖੁਰਦ, ਏਵਨ ਕੰਪਲੈਕਸ, ਢੰਡਾਰੀ ਕਲਾਂ, ਲੁਧਿਆਣਾ, ਪੰਜਾਬ-141014 (3) ਨਯੂਮ ਅੰਸਾਰੀ ਪੁੱਤਰ ਅਲੀ ਜਾਨ ਅੰਸਾਰੀ, ਵਾਸੀ 1743 ਬੀ-717/2, ਗਲੀ ਨੰ. 3, ਨੇੜੇ ਮਸਜਿਦ, ਦੀਪ ਕਾਲੋਨੀ ਢੰਡਾਰੀ ਖੁਰਦ, ਏਵਨ ਕੰਪਲੈਕਸ, ਢੰਡਾਰੀ ਕਲਾਂ, ਲੁਧਿਆਣਾ, ਪੰਜਾਬ-141014 ਕਰਜ਼ਾ ਖਾਤਾ ਨੰ. 2275210080000014 | ਪਲਾਟ ਰਕਬਾ 134 ਵਰਗਗਜ਼, ਖੱਤਾ ਨੰ. 40/46, ਖਸਰਾ ਨੰ. 14//3/2/1/2, 13/1/2, 14/1, 8/3/1, ਜਮ੍ਹਾਂਬੰਦੀ ਸਾਲ 1996-1997, (ਖੱਤਾ ਨੰ. 57/58, ਜਮ੍ਹਾਂਬੰਦੀ ਸਾਲ 2011-2012), ਪਿੰਡ ਢੰਡਾਰੀ ਖੁਰਦ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਸਤਾ, ਪੱਛਮ : ਡਾਕਟਰ, ਉੱਤਰ : ਬੈਨਾਮੇ ਅਨੁਸਾਰ ਵਿਕ੍ਰੇਤਾ, ਦੱਖਣ : ਬੈਨਾਮੇ ਅਨੁਸਾਰ ਵਿਕ੍ਰੇਤਾ। ਜਾਇਦਾਦ ਅਲੀ ਜਾਨ ਅੰਸਾਰੀ ਉਰਫ ਅਲੀਜਾਨ ਅੰਸਾਰ ਪੁੱਤਰ ਮੁਹੰਮਦ ਹੁਸੈਨ ਉਰਫ ਮੁਹੰਮਦ ਹੁਸੇਨ, ਜੋ ਕਿ ਤੁਹਾਡੇ 'ਚ ਨੰਬਰ 1 ਹੈ, ਨਾਲ ਸੰਬੰਧਤ। | ਡਿਮਾਂਡ ਨੋਟਿਸ ਦੀ ਮਿਤੀ : 21.01.2025 ਕਬਜ਼ੇ ਦੀ ਮਿਤੀ : 08.04.2025 | 12.01.2025 ਨੂੰ ਰੁ: 4,17,071/- |

ਮਿਤੀ : 10.4.2025 ਸਥਾਨ : ਪੰਜਾਬ ਅਧਿਕਾਰਤ ਅਫਸਰ

# ਦੁਨੀਆ ਭਰ ਦੇ ਐੱਲ ਪੀ ਯੂ ਦੇ ਸਾਬਕਾ ਵਿਦਿਆਰਥੀ ਐਲੂਮਨੀ ਹੋਮਕਮਿੰਗ 2025 'ਚ ਸ਼ਾਮਲ ਹੋਏ



**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਖੇ ਸਾਲਾਨਾ ਐਲੂਮਨੀ ਹੋਮਕਮਿੰਗ 2025 ਇੱਕ ਦਿਲ ਨੂੰ ਛੂਹ ਲੈਣ ਵਾਲਾ ਜਸ਼ਨ ਸੀ ਜੋ ਪੁਰਾਣੀਆਂ ਯਾਦਾਂ, ਮਾਣ ਅਤੇ ਦੋਸਤੀ ਨਾਲ ਭਰਿਆ ਹੋਇਆ ਸੀ। ਦੁਨੀਆ ਭਰ ਦੇ ਹਜ਼ਾਰਾਂ ਸਾਬਕਾ ਵਿਦਿਆਰਥੀ ਆਪਣੇ ਅਲਮਾ ਮੈਟਰ ਵਿੱਚ ਵਾਪਸ ਆਏ; ਬੈਚਮੇਟਸ ਨਾਲ ਦੁਬਾਰਾ ਮਿਲ ਰਹੇ ਹਨ, ਸਲਾਹਕਾਰਾਂ ਨਾਲ ਦੁਬਾਰਾ ਜੁੜ ਰਹੇ ਹਨ ਅਤੇ ਉਨ੍ਹਾਂ ਪਲਾਂ ਨੂੰ ਮੁੜ ਜੀ ਰਹੇ ਹਨ ਜਿਨ੍ਹਾਂ ਨੇ ਉਨ੍ਹਾਂ ਦੇ ਅਕਾਦਮਿਕ ਅਤੇ ਪੇਸ਼ੇਵਰ ਸਫ਼ਰ ਨੂੰ ਆਕਾਰ ਦਿੱਤਾ ਸੀ । ਐਲਪੀਯੂ ਦਾ ਸਾਬਕਾ ਵਿਦਿਆਰਥੀ ਭਾਈਚਾਰਾ, ਜੋ ਕਿ ਹੁਣ 149+ ਦੇਸ਼ਾਂ ਵਿੱਚ 1.67 ਲੱਖ ਤੋਂ ਵੱਧ ਹੈ, ਵਿੱਤ, ਤਕਨਾਲੋਜੀ, ਸਿਹਤ ਸੰਭਾਲ, ਸਿੱਖਿਆ ਅਤੇ ਜਨਤਕ ਸੇਵਾ ਵਰਗੇ ਵਿਭਿੰਨ ਖੇਤਰਾਂ ਵਿੱਚ ਵਿਸ਼ਵਵਿਆਪੀ ਦ੍ਰਿਸ਼ ਨੂੰ ਪ੍ਰਭਾਵਤ ਕਰ ਰਿਹਾ ਹੈ। ਕੈਨੇਡਾ, ਅਮਰੀਕਾ ਅਤੇ ਯੂਏਈ ਤੋਂ ਲੈ ਕੇ ਆਸਟ੍ਰੇਲੀਆ ਤੱਕ, ਐਲਪੀਯੂ ਦੇ ਗ੍ਰੈਜੂਏਟ ਵੱਖ-ਵੱਖ ਖੇਤਰਾਂ ਵਿੱਚ ਬਦਲਾਵ ਪਾ ਰਹੇ ਹਨ।

ਇਸ ਸਮਾਗਮ ਵਿੱਚ ਉਨ੍ਹਾਂ ਉੱਘੇ ਸਾਬਕਾ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਉਦਯੋਗਾਂ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੈ। ਸਨਮਾਨਿਤ ਕੀਤੇ ਗਏ ਲੋਕਾਂ ਵਿੱਚ ਮੋਰਗਨ ਸਟੈਨਲੀ ਵਿਖੇ ਡਾਇਰੈਕਟਰ (ਵਿੱਤ) ਰੋਹਨ ਕੁਮਾਰ ਸਿਨਹਾ (ਐਲਪੀਯੂ 2008-11), ਅਤੇ ਹਿਊਮਨਕੇਅਰ ਵਰਲਡਵਾਈਡ ਵਿਖੇ ਗਲੋਬਲ ਬਿਜ਼ਨਸ ਹੈੱਡ ਤੇਜਦੀਪ ਸਿੰਘ ਰੰਧਾਵਾ (ਐਲਪੀਯੂ 2005-07) ਸ਼ਾਮਲ ਸਨ। ਬਹੁਤ ਸਾਰੇ ਪੁਰਸਕਾਰ ਜੇਤੂ ਹੁਣ ਫਾਰਚੂਨ 500 ਕੰਪਨੀਆਂ, ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਅਤੇ ਸਰਕਾਰੀ ਸੰਸਥਾਵਾਂ ਵਿੱਚ ਲੀਡਰਸ਼ਿਪ ਭੂਮਿਕਾਵਾਂ ਨਿਭਾਉਂਦੇ ਹਨ । ਡਾ. ਅਸ਼ੋਕ ਕੁਮਾਰ ਮਿੱਤਲ, ਐਮਪੀ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਨੇ ਕਿਹਾ, ਐਲਪੀਯੂ ਨੂੰ ਆਪਣੇ ਸਾਬਕਾ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਰਾਹੀਂ ਵਿਸ਼ਵ ਪੱਧਰ 'ਤੇ ਚਮਕਦਾ ਦੇਖ ਕੇ ਮੈਨੂੰ ਬਹੁਤ ਮਾਣ ਹੁੰਦਾ ਹੈ। ਸਾਡੇ ਸੈਂਕੜੇ ਗ੍ਰੈਜੂਏਟ ਅਮਰੀਕਾ, ਯੂਕੇ ਅਤੇ ਆਸਟ੍ਰੇਲੀਆ ਦੀਆਂ ਚੋਟੀ ਦੀਆਂ ਫਰਮਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ, ?1 ਕਰੋੜ ਤੋਂ ਵੱਧ ਦੇ ਪੈਕੇਜ ਕਮਾ ਰਹੇ ਹਨ ਅਤੇ ਲੱਖਾਂ ਡਾਲਰ ਦੇ ਸਫਲ ਕਾਰੋਬਾਰ ਅਤੇ ਸਟਾਰਟਅੱਪ ਬਣਾ ਰਹੇ ਹਨ। ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਤੁਸੀਂ ਐਲਪੀਯੂ ਦੀ 'ਥਿੰਕ ਬਿਗ' ਦੀ ਵਿਚਾਰਧਾਰਾ ਨੂੰ ਅਪਣਾਇਆ ਹੈ ਅਤੇ ਇਸਨੂੰ ਜੀਅ ਰਹੇ ਹੋ, ਇਮਾਨਦਾਰੀ ਨਾਲ ਅਗਵਾਈ ਕਰ ਰਹੇ ਹੋ ਅਤੇ ਸਮਾਜ ਵਿੱਚ ਅਰਥਪੂਰਨ ਯੋਗਦਾਨ ਪਾ ਰਹੇ । ਇਸ ਸਮਾਗਮ ਵਿੱਚ ਅੰਗਦ ਸਿੰਘ ਰਨਿਆਲ ਦੁਆਰਾ ਇੱਕ ਮਨੋਰੰਜਕ ਸੈਸ਼ਨ ਵੀ ਸ਼ਾਮਲ ਸੀ, ਜਿਸਨੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿੱਚ ਹਾਜ਼ਰੀਨ ਨੂੰ ਹਾਸਾ ਅਤੇ ਖੁਸ਼ੀ ਦਿੱਤੀ। ਸਾਬਕਾ ਵਿਦਿਆਰਥੀਆਂ ਨੇ ਪ੍ਰੋਫੈਸਰਾਂ, ਸਕੂਲ ਮੁਖੀਆਂ ਅਤੇ ਸਾਥੀ ਗ੍ਰੈਜੂਏਟਾਂ ਨਾਲ ਵਿਚਾਰ-ਵਟਾਂਦਰਾ ਕੀਤਾ । ਪ੍ਰੋਗਰਾਮ ਦੌਰਾਨ, ਐਲਪੀਯੂ ਦੇ ਸਾਬਕਾ ਵਿਦਿਆਰਥੀ ਰਾਕੇਸ਼ ਕੁਮਾਰ, ਜੋ ਕਿ ਭਾਰਤੀ ਰੇਲਵੇ ਵਿੱਚ ਇੱਕ ਸੀਨੀਅਰ ਕਾਰਜਕਾਰੀ ਇੰਜੀਨੀਅਰ ਹਨ, ਨੇ ਆਪਣੀ ਕਿਤਾਬ ਰੀਅਲ ਡੋਨਰਜ਼ ਰਿਲੀਜ਼ ਕੀਤੀ । ਇਹ ਕਿਤਾਬ ਅੰਗ ਦਾਨ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ, ਜਿਸਦਾ ਉਦੇਸ਼ ਪਾਠਕਾਂ ਨੂੰ ਇਸ ਮਹੱਤਵਪੂਰਨ ਉਦੇਸ਼ ਦਾ ਸਮਰਥਨ ਕਰਨ ਲਈ ਸੂਚਿਤ ਕਰਨਾ ਅਤੇ ਪ੍ਰੇਰਿਤ ਕਰਨਾ ਹੈ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਵਿਸ਼ਵ ਸਿਹਤ ਦਿਵਸ ਮਨਾਇਆ



**ਕਪੂਰਥਲਾ, (ਰਣੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੌਂਗਾ ਦੀ ਅਗਵਾਈ ਵਿੱਚ ਵਿਸ਼ਵ ਸਿਹਤ ਦਿਵਸ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਦਰਮਿਆਨ ਵੱਖ-ਵੱਖ ਪ੍ਰਕਾਰ ਦੀਆਂ ਖੇਡਾਂ ਕਰਵਾਈਆਂ ਗਈਆਂ। ਇਸ ਦੌਰਾਨ ਪ੍ਰਿੰਸੀਪਲ ਪ੍ਰਭਦੀਪ ਕੌਰ ਮੌਂਗਾ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਖੇਡਾਂ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ ਤੇ ਕਈ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਬਚਾਉਂਦੀਆਂ ਹਨ। ਉਹਨਾਂ ਕਿਹਾ ਕਿ ਸਰੀਰਕ ਗਤੀਵਿਧੀਆਂ ਇੱਕ ਸਿਹਤਮੰਦ ਜੀਵਨਸ਼ੈਲੀ ਨੂੰ ਬਣਾਈ ਰੱਖਣ ਦੀ ਕੁੰਜੀ ਹਨ ਅਤੇ ਇਹ ਗਤੀਵਿਧੀਆਂ ਸਾਡੇ ਨੌਜਵਾਨਾਂ ਨੂੰ ਸਰਗਰਮ ਅਤੇ ਫਿੱਟ ਰਹਿਣ ਲਈ ਉਤਸ਼ਾਹਿਤ ਕਰਦੀਆਂ ਹਨ। ਸਕੂਲ ਦੇ ਵਿਦਿਆਰਥੀਆਂ ਬੱਚਿਆਂ ਨੇ ਖੇਡਾਂ ਦਾ ਪੂਰਾ ਆਨੰਦ ਲਿਆ।

# ਸੰਸਥਾ ਨੇਕੀ ਦੀ ਦੁਕਾਨ ਵੱਲੋਂ ਹਸਪਤਾਲ ਨੂੰ ਦਿੱਤੀਆਂ ਦਵਾਈਆਂ



**ਕਰਤਾਰਪੁਰ (ਹਰਮੇਸ਼ ਦੱਤ)**- ਗ੍ਰਾਮ ਪੰਚਾਇਤ, ਐਨ ਆਰ ਆਈਜ਼ ਅਤੇ ਸਮੂਹ ਗ੍ਰਾਮ ਨਿਵਾਸੀ ਪਿੰਡ ਸੁਦਾਣਾ (ਜਲੰਧਰ) ਦੇ ਸਹਿਯੋਗ ਨਾਲ ਪਿੰਡ ਸੁਦਾਣਾ ਵਿਖੇ ਚੱਲ ਰਹੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਹਸਪਤਾਲ ਵਿਖੇ ਪਿਛਲੇ ਸਮੇਂ ਤੋਂ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਰਾਹੀਂ ਹਰ ਮਹੀਨੇ ਦਵਾਈਆਂ ਦਾ ਸਹਿਯੋਗ ਦੇਣ ਵਾਲੇ ਕਪੂਰਥਲਾ ਨਿਵਾਸੀ ਸਵ: ਸੁਨੀਲ ਰਤਨ ਸਹਿਗਲ ਦੇ ਪਰਿਵਾਰ ਵੱਲੋਂ ਦਵਾਈਆਂ ਦੀ ਇਸ ਸੇਵਾ ਨੂੰ ਜਾਰੀ ਰੱਖਦਿਆਂ ਹਸਪਤਾਲ ਨੂੰ ਦਵਾਈਆਂ ਦਿੱਤੀਆਂ ਗਈਆਂ।ਹਸਪਤਾਲ ਮੈਨੇਜਮੈਂਟ ਕਮੇਟੀ ਦੇ ਕੁਲਵਿੰਦਰ ਸਿੰਘ ਕੂੰਨਰ ਅਤੇ ਡਾ. ਸੁਰਜੀਤ ਲਾਲ ਨੇ ਸਹਿਗਲ ਪਰਿਵਾਰ ਵੱਲੋਂ ਕੀਤੀ ਗਈ ਇਸ ਸੇਵਾ ਲਈ ਧੰਨਵਾਦ ਕੀਤਾ।ਇਸ ਮੌਕੇ ਡਾ ਰਿਆਜ਼ ਅਹਿਮਦ, ਡਾ. ਪਰਮਜੀਤ, ਡਾ. ਸੰਜੀਵ ਕੁਮਾਰ, ਸਮਾਜਸੇਵੀ ਸੰਤੋਖ ਸਿੰਘ ਆਦਿ ਹਾਜ਼ਰ ਸਨ।

# 30 ਲੋੜਵੰਦ ਮਰੀਜ਼ਾਂ ਦੇ ਅੱਖਾਂ ਦੇ ਅਪ੍ਰੇਸ਼ਨ ਕਰਵਾਏ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਲਾਇਨਜ਼ ਕਲੱਬ ਇੰਟਰਨੈਸ਼ਨਲ ਹੁਸ਼ਿਆਰਪੁਰ ਸਮਰਪਣ ਐਕਟਿਵ ਵੱਲੋਂ ਪ੍ਰੋਜੈਕਟ ਚੇਅਰਮੈਨ ਲਾਇਨ ਐਮ ਪੀ ਜੱਖੂ ਦੀ ਅਗਵਾਈ ਵਿਚ,



ਜੱਖੂ ਮੁਹੱਲਾ ਭਾਮ ਹੁਸ਼ਿਆਰਪੁਰ ਤੋਂ 30 ਲੋੜਵੰਦ ਮਰੀਜ਼ਾਂ ਦੇ ਅੱਖਾਂ ਦੇ ਆਪ੍ਰੇਸ਼ਨ ਕਰਵਾਉਣ ਦਾ ਪਰਉਪਕਾਰ ਕੀਤਾ ਗਿਆ ਹੈ, ਜਿਸ ਦੀ ਇਲਾਕੇ ਦੇ ਲੋਕਾਂ ਵੱਲੋਂ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਲਾਇਨਜ਼ ਆਈ ਹਸਪਤਾਲ ਆਦਮਪੁਰ ਵਿਖੇ ਕਰਵਾਏ ਗਏ ਇਸ ਪ੍ਰੋਜੈਕਟ ਦੀ ਸਪੂੰਰਨਤਾ ਵਾਸਤੇ ਕਲੱਬ ਪ੍ਰਧਾਨ ਲਾਇਨ ਐਮ ਪੀ ਸਿੰਘ, ਖਜ਼ਾਨਚੀ ਲਾਇਨ ਮੋਹਨ ਲਾਲ, ਡਿਸਟ੍ਰਿਕਟ ਡਿਪਟੀ ਗਵਰਨਰ ਲਾਇਨ ਜਤਿੰਦਰਪਾਲ ਐਮ ਜੇ ਐਫ, ਲਾਇਨ ਸੂਰਜ ਕਾਂਤ ਐਮ ਜੇ ਐਫ ਐਂਬੈਸਡਰ ਆਫ ਗੁੱਡਵਿਲ, ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਨੇ ਅਹਿਮ ਯੋਗਦਾਨ ਪਾਇਆ।ਲਾਇਨ ਆਈ ਹਸਪਤਾਲ ਆਦਮਪੁਰ ਦੇ ਚੇਅਰਮੈਨ ਲਾਇਨ ਦਲਵਿੰਦਰ , ਲਾਇਨ ਅਮਰਜੀਤ ਸਿੰਘ, ਲਾਇਨ ਰਜਿੰਦਰ ਪ੍ਰਸਾਦ, ਲਾਇਨ ਖੜਕ ਸਿੰਘ, ਲਾਇਨ ਅੰਮ੍ਰਿਤਪਾਲ ਸਿੰਘ ਅਤੇ ਸਮੂਹ ਲਾਇਨ ਮੈਂਬਰ ਸਾਹਿਬਾਨ ਨੇ ਕੈਂਪ ਦੀ ਸਫਲਤਾ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ।

# ਸਰਕਾਰੀ ਸਕੂਲਾਂ 'ਚ ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਹੋ ਰਹੇ ਉਦਘਾਟਨ ਸਮਾਗਮਾਂ 'ਤੇ ਅਧਿਆਪਕ ਜਥੇਬੰਦੀਆਂ ਨੇ ਚੁੱਕੇ ਸਵਾਲ

**ਜਲੰਧਰ, (ਰਾਜੇਸ਼ ਥਾਪਾ)**

ਪੰਜਾਬ ਦੇ 12 ਹਜ਼ਾਰ ਸਰਕਾਰੀ ਸਕੂਲਾਂ ਵਿੱਚ ਜਿੱਥੇ ਕਿਤੇ ਵੀ ਪਿਛਲੇ ਤਿੰਨ ਸਾਲਾਂ ਵਿਚ ਵਿਕਾਸ ਕਾਰਜ ਹੋਏ ਹਨ, ਉਥੇ 7 ਅਪ੍ਰੈਲ ਤੋਂ 31 ਮਈ ਤੱਕ ਸਿੱਖਿਆ ਕ੍ਰਾਂਤੀ ਦੇ ਬੈਨਰ ਹੇਠ ਸਮਾਗਮ ਕਰਵਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਲਈ ਸੈਕੰਡਰੀ ਸਕੂਲ ਲਈ 20000 ਰੁਪਏ, ਹਾਈ ਸਕੂਲ ਲਈ 10000 ਰੁਪਏ, ਮਿਡਲ/ ਪ੍ਰਾਇਮਰੀ ਸਕੂਲਾਂ ਲਈ 5000 ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਦਾ ਵੀ ਪ੍ਰਚਾਰ ਕੀਤਾ ਜਾ ਰਿਹਾ ਹੈ ਜੱਦ ਕਿ ਇਸ ਸਮੇਂ ਤੱਕ ਸਕੂਲ ਖਾਤੇ ਵਿੱਚ ਸਰਕਾਰ ਨੇ ਇੱਕ ਰੁਪਿਆ ਵੀ ਨਹੀਂ ਪਾਇਆ ਹੈ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ,ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਸਲਾਹਕਾਰ ਬਲਕਾਰ ਵਲਟੋਹਾ, ਪ੍ਰੇਮ ਚਾਵਲਾ, ਕਾਰਜ ਸਿੰਘ ਕੈਰੋਂ, ਜਗਮੇਲ ਸਿੰਘ ਪੱਖੋਵਾਲ, ਲਕਸ਼ਮਣ ਸਿੰਘ ਮਲੂਕਾ, ਬੂਟਾ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਐਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ, ਵਿੱਤ ਸਕੱਤਰ ਨਵੀਨ ਸਚਦੇਵਾ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਅਤੇ ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ ਅਤੇ ਜਿੰਦਰ ਪਾਇਲਟ ਨੇ ਕਿਹਾ ਕਿ ਸਰਕਾਰ ਵਲੋਂ 25 ਕਰੋੜ ਰੁਪਏ ਖ਼ਰਚ ਕਰਕੇ ਸਕੂਲਾਂ ਵਿਚ ਪ੍ਰਚਾਰ ਸਮਾਗਮ ਕਰ ਕੇ ਸਰਕਾਰ ਦੇ ਗੁਣਗਾਨ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਸਕੂਲਾਂ ਵਿਚ ਪੜ੍ਹਾਈ ਦਾ ਮਾਹੌਲ ਬਣਾਉਣ ਦੀ ਬਜਾਏ ਉਨ੍ਹਾਂ ਵਿਚ ਸਰਕਾਰ ਵਲੋਂ ਪ੍ਰਚਾਰ ਤੇ ਪੈਸਾ ਲੁਟਾਉਣ ਦੀ ਬਜਾਏ ਸਕੂਲਾਂ ਦੀ ਬਿਹਤਰੀ ਲਈ 25 ਕਰੋੜ ਦੀ ਰਾਸ਼ੀ ਖ਼ਰਚ ਕਰਨੀ ਚਾਹੀਦੀ ਹੈ।ਇਸ ਸਮੇਂ ਸਕੂਲਾਂ ਵਿੱਚ ਦਾਖਲਿਆਂ ਅਤੇ ਮਿਸ਼ਨ ਸਮਰੱਥ ਦੀ ਬੇਸਲਾਈਨ ਟੈਸਟਿੰਗ ਦਾ ਕੰਮ ਚੱਲ ਰਿਹਾ ਹੈ ਜੋ ਇਹਨਾਂ ਉਦਘਾਟਨ ਸਮਾਗਮਾਂ ਕਰਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਹੈ ਅਤੇ ਵਿਦਿਆਰਥੀਆਂ ਦੇ ਦਾਖਲੇ ਘੱਟ ਸਕਦੇ ਹਨ।ਇਸ ਮੌਕੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਸਕੂਲਾਂ ਵਿਚ ਸਮਾਗਮਾਂ 'ਤੇ 25 ਕਰੋੜ ਦੀ ਰਾਸ਼ੀ ਖ਼ਰਚ ਕਰਨ ਦੀ ਥਾਂ ਸਕੂਲਾਂ ਦੀ ਬਿਹਤਰੀ ਲਈ ਖ਼ਰਚ ਕੀਤੇ ਜਾ ਸਕਦੇ ਹਨ।

# ਨੌਜਵਾਨ ਪੀੜ੍ਹੀ ਨੂੰ ਨਸ਼ਾ ਮੁਕਤ ਕਰਨ ਲਈ ਆਮ ਜਨਤਾ ਦਾ ਸਹਿਯੋਗ ਜ਼ਰੂਰੀ : ਗਾਂਧੀ, ਤਲਵਾੜ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਦਿਨ-ਬ-ਦਿਨ ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਵਿੱਚ ਗਰਕ ਹੁੰਦੀ ਜਾ ਰਹੀ ਨੌਜਵਾਨ ਪੀੜ੍ਹੀ ਨੂੰ ਨਸ਼ਾ ਮੁਕਤ ਕਰਨ ਲਈ ਨਸ਼ਾ ਮੁਕਤ ਪੰਜਾਬ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਮਾਂ ਮਾਤਾਰਾਣੀ ਮੰਦਿਰ ਚੌਲਾਂਗ ਜ਼ਿਲ੍ਹੇ ਦੇ ਸੰਸਥਾਪਕ ਤੇ ਨਸ਼ਾ ਮੁਕਤ ਪੰਜਾਬ ਦੇ ਜ਼ਿਲ੍ਹਾ ਸੰਯੋਜਕ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਅਮਨ ਗਾਂਧੀ ਵਾਸ਼ਿੰਗ ਪੁਆਇੰਟ ਟਾਂਡਾ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਮੂਹ ਮੈਂਬਰਾਂ ਤੋਂ ਇਲਾਵਾ ਨਸ਼ਾ ਮੁਕਤ ਪੰਜਾਬ ਦੇ ਸਹਿ ਸੰਯੋਜਕ ਐਡਵੋਕੇਟ ਪਰਮਜੀਤ ਤਲਵਾੜ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ 'ਤੇ ਉਨ੍ਹਾਂ ਨਾਲ ਜ਼ਿਲ੍ਹਾ ਸਹਿ ਸੰਯੋਜਕ ਅਭਿਸ਼ੇਕ ਸਿਆਲ, ਗੌਰਵ, ਬਬਲੂ, ਰਿੰਕੂ, ਹਣੀ ਮਸੀਤੀ, ਸੰਗਮ, ਗੋਰੀ, ਸੌਰਵ, ਸੰਨੀ, ਨਿਰਮਲ ਸਿੰਘ, ਪਵਨ, ਜਸਕਰਨ ਸਿੰਘ, ਨਿਖਲ, ਸਾਗਰ, ਮੇਟੀ, ਮਨੀ ਮਾਹੇ, ਮਨਜੀਤ ਕੌਰ, ਅਰਸ਼, ਸੰਦੀਪ ਕੌਰ, ਕਮਲ ਸੈਣੀ ਧਰਮ ਜਾਗਰਣ ਸੰਯੋਜਕ ਕੰਧਾਲਾ ਜੱਟਾਂ ਹਾਜ਼ਰ ਸਨ।ਸੈਮੀਨਾਰ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਸੰਯੋਜਕ ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਰਾਤੋਂ-ਰਾਤ ਅਮੀਰ ਬਣਨ ਦੀ ਲਾਲਸਾ ਵਿੱਚ ਨਸ਼ਿਆਂ ਦੇ ਸੌਦਾਗਰ ਕਈ ਤਰ੍ਹਾਂ ਦੇ ਨਸ਼ੇ ਵੇਚ ਕੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦਾ ਆਦੀ ਬਣਾ ਕੇ ਕਈ ਪਰਿਵਾਰਾਂ ਨੂੰ ਬਰਬਾਦ ਕਰਨ ਦੇ ਹਰ ਸੰਭਵ ਯਤਨ ਕਰ ਰਹੇ ਹਨ। ਐਡਵੋਕੇਟ ਪਰਮਜੀਤ ਤਲਵਾੜ ਅਤੇ ਅਭਿਸ਼ੇਕ ਸਿਆਲ ਨੇ ਕਿਹਾ ਕਿ ਨਸ਼ਿਆਂ ਜਿਹੀਆਂ ਅਲਾਮਤਾਂ ਨੂੰ ਖ਼ਤਮ ਕਰਨ ਲਈ ਭਾਵੇਂ ਕਿ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾਈ ਹੋਈ ਹੈ ਅਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਨਕੇਲ ਪਾਉਣ ਦੇ ਹਰ ਉਪਰਾਲੇ ਕਰ ਰਹੀ ਹੈ, ਪਰ ਇਨ੍ਹਾਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੰਜਾਬ ਸਰਕਾਰ ਅਤੇ ਨਸ਼ਾ ਮੁਕਤ ਸੰਸਥਾਵਾਂ ਨੂੰ ਆਮ ਜਨਤਾ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਨਸ਼ਾ ਮੁਕਤ ਕਰਨ ਲਈ ਸਾਡੀ ਨਸ਼ਾ ਮੁਕਤ ਪੰਜਾਬ ਸੰਸਥਾ ਵੱਲੋਂ ਮਾਲੀ ਸਹਾਇਤਾ ਤੋਂ ਇਲਾਵਾ ਹਰ ਪ੍ਰਕਾਰ ਦੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।

# ਮਾਤਾ ਜਸਵੀਰ ਕੌਰ ਨੂੰ ਭਰਪੂਰ ਸ਼ਰਧਾਂਜਲੀਆਂ

**ਸ਼ਾਹਕੋਟ (ਗਿਆਨ ਸੈਦਪੁਰੀ)** ਰੰਘਰੇਟਾ ਦਲ ਪੰਜਾਬ ਦੇ ਆਗੂ ਜੁਗਿੰਦਰ ਸਿੰਘ ਟਾਈਗਰ ਦੀ ਪੁੱਤਰੀ ਅਤੇ ਪੰਜਾਬ ਪੁਲਸ ਦੇ ਮੁਲਾਜ਼ਮ ਲਖਪ੍ਰੀਤ ਸਿੰਘ ਦੀ ਮਾਤਾ ਜਸਵੀਰ ਕੌਰ ਨੂੰ ਵੱਖ ਵੱਖ ਆਗੂਆਂ ਨੇ ਭਾਵਪੂਰਤ ਸ਼ਰਧਾਂਜਲੀਆਂ ਭੇਂਟ ਕੀਤੀਆਂ।ਉਹ ਕੁਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਬੀਤੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ।ਮੰਗਲਵਾਰ ਨੂੰ ਪਾਠ ਦਾ ਭੋਗ ਪੈਣ ਉਪਰੰਤ ਪਿੰਡ ਕਾਂਗਣਾ ਦੇ ਗੁਰਦੁਆਰਾ ਸਾਹਿਬ ਵਿਖੇ ਭਾਈ ਹਰਮਨ ਸਿੰਘ ਆਦਰਮਾਨ ਦੇ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਇਸ ਤੋਂ ਬਾਅਦ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜੁਗਿੰਦਰ ਸਿੰਘ ਮਾਨ, ਰੰਘਰੇਟਾ ਦਲ ਦੇ ਜਨਰਲ ਸਕੱਤਰ ਫਤੇਹ ਸਿੰਘ ਮਾਨ ਅਤੇ ਕਾਂਗਰਸ ਪਾਰਟੀ ਹਲਕਾ ਨਕੋਦਰ ਦੇ ਇਨਚਾਰਜ ਡਾ. ਨਵਜੋਤ ਸਿੰਘ ਦਾਹੀਆ ਆਦਿ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਪੰਜਾਬ ਭਰ ਵਿੱਚੋਂ ਰੰਘਰੇਟਾ ਦਲ ਦੇ ਆਗੂ ਅਤੇ ਵਰਕਰ ਪਹੁੰਚੇ ਹੋਏ ਸਨ। ਹੋਰਨਾਂ ਤੋਂ ਇਲਾਵਾ ਡਾ. ਨਿਰੰਜਣ ਸਿੰਘ ਪੂਨੀਆ, ਮੁਲਖ ਰਾਜ ਕਾਂਗਣਾ ਅਤੇ ਕਮਿਊਨਿਸਟ ਆਗੂ ਅਸ਼ਵਨੀ ਭੁੱਟੋ ਵੀ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਸਨ।

# ਸੰਤੋਸ਼ ਕਟਾਰੀਆ ਦੀ ਹਾਜ਼ਰੀ 'ਚ ਰੱਕੜਾਂ ਬੇਟ ਦੇ ਕਈ ਪਰਵਾਰਾਂ ਨੇ ਫੜਿਆ 'ਆਪ' ਦਾ ਪੱਲਾ



**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਤੇ ਹਲਕਾ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਦੀ ਅਗਵਾਈ ਵਿੱਚ ਰੱਕੜਾਂ ਬੇਟ ਤੋਂ ਸਰਪੰਚ ਮਹਿੰਦਰ ਸਿੰਘ, ਸਤਨਾਮ ਸਿੰਘ, ਹਰੀ ਮਾਸਟਰ, ਜੋਗਿੰਦਰ, ਬਲਬੀਰ ਸਿੰਘ, ਕੁਲਵਿੰਦਰ ਸਿੰਘ, ਪ੍ਰੇਮ ਸਿੰਘ, ਕਮਲਜੀਤ, ਰਤਨ ਚੰਦ, ਲਾਲ ਚੰਦ, ਲਖਵੀਰ, ਕੁਲਦੀਪ, ਬਲਵੰਤ, ਗੁਰਨਾਮ ਸਿੰਘ, ਤਰਸੇਮ ਸਿੰਘ ਆਦਿ ਸਾਥੀਆ ਸਮੇਤ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਛੱਡ ਕੇ 'ਆਪ' 'ਚ ਸ਼ਾਮਲ ਹੋਏ।ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ 'ਆਪ' 'ਚ ਆਏ ਸਾਰੇ ਸਮਰਥਕਾਂ ਦਾ ਨਿੱਘਾ ਸਵਾਗਤ ਮਫਲਰ ਪਾ ਕੇ ਕੀਤਾ।

# ਬਾਬਾ ਦੀਪ ਸਿੰਘ ਦੀ ਸ਼ਹੀਦੀ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਕਾਲਾ ਸੰਘਿਆਂ (ਮਨਜੀਤ ਮਾਨ)**

ਬਾਬਾ ਦੀਪ ਸਿੰਘ ਜੀ ਇੰਟਰਨੈਸ਼ਨਲ ਗੁਰਮਤਿ ਪ੍ਰਚਾਰ ਸਭਾ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ 17ਵਾਂ ਵਿਸ਼ਾਲ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਲਾਕੇ ਦੀ ਸੰਗਤ ਵੱਲੋਂ ਸਭਾ ਦੇ ਪ੍ਰਧਾਨ ਹਰਜਿੰਦਰ ਸਿੰਘ ਜਹਾਂਗੀਰ ਦੀ ਦੇਖਰੇਖ ਹੇਠ ਪਿੰਡ ਜਹਾਂਗੀਰ ਖੋਸੇ ਤੋਂ ਸਜਾਇਆ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਿੰਡ ਖੋਸੇ ਦੇ ਗੁਰਦੁਆਰਾ ਸਾਹਿਬ ਤੋਂ ਅਰਦਾਸ ਬੇਨਤੀ ਕਰਨ ਉਪਰੰਤ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਆਰੰਭ ਹੋਇਆ ਅਤੇ ਪਿੰਡ ਜਹਾਂਗੀਰ ਵਿਖੇ ਪੁੱਜਾ ਜਿੱਥੇ ਸੰਗਤਾਂ ਵੱਲੋਂ ਇਸ ਦਾ ਸਵਾਗਤ ਕਰਦਿਆਂ ਫਰੂਟ ਦੇ ਲੰਗਰ ਲਾਏ ਗਏ ਤੇ ਇਹ ਨਗਰ ਕੀਰਤਨ ਪੂਰੇ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਅਗਲੇ ਪੜਾਅ ਵੱਲ ਵਧਿਆ। ਇਸ ਤੋਂ ਮਗਰੋਂ ਇਹ ਨਗਰ ਕੀਰਤਨ ਅੱਡਾ ਮੱਲੀਆਂ ਕਲਾਂ ਵਿਖੇ ਪੁੱਜਾ ਜਿੱਥੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਇਸ ਦਾ ਸਵਾਗਤ ਕੀਤਾ ਗਿਆ । ਇਸ ਉਪਰੰਤ ਨਵਾਂ ਪਿੰਡ ਮੱਲੀਆਂ ਖੁਰਦ ਦੇ ਗੁਰਦੁਆਰਾ ਕੁਟੀਆ ਸਾਹਿਬ, ਤਲਵੰਡੀ ਸਲੇਮ, ਚੂਹੜ, ਪਿੰਡ ਉੱਗੀ, ਰਸੂਲਪੁਰ, ਤਲਵੰਡੀ ਭਰੋ, ਹੇਰਾ, ਟੁੱਟਕਲਾਂ, ਦਰਗਾਬਾਦ, ਬਿੱਲਾ ਨਵਾਬ, ਰਾਂਗੜਾ ਤੇ ਫਾਜ਼ਲਪੁਰ ਤੋਂ ਹੁੰਦਾ ਹੋਇਆ ਸ਼ਾਮ ਨੂੰ ਪਿੰਡ ਜਹਾਂਗੀਰ ਵਿਖੇ ਆ ਕੇ ਸਮਾਪਤ ਹੋਇਆ।ਕੀਰਤਨੀ ਜਥੇ ਵੱਲੋਂ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਅਤੇ ਇਤਿਹਾਸਿਕ ਜਾਣਕਾਰੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ 'ਤੇ ਪ੍ਰਬੰਧਕਾਂ ਵੱਲੋਂ ਸਿੱਖ ਕੌਮ ਦੇ ਵੱਖ-ਵੱਖ ਸ਼ਹੀਦਾਂ ਦੀ ਸ਼ਹਾਦਤ ਦੀ ਯਾਦ ਦਿਲਾਉਂਦੀ ਹੋਈ ਲਗਾਈ ਗਈ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ।ਇਸ ਮੌਕੇ 'ਤੇ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਦੇ ਸਹਾਇਕ ਮੈਨੇਜਰ ਗੁਰਪ੍ਰੀਤ ਸਿੰਘ, ਗੁਰਦੁਆਰਾ ਬੋਲੀ ਸਾਹਿਬ ਦੇ ਮੈਨੇਜਰ ਕੁਲਵਿੰਦਰ ਸਿੰਘ, ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ , ਯੂਥ ਅਕਾਲੀ ਦਲ ਕਮੇਟੀ ਦੇ ਮੈਂਬਰ ਐਡਵੋਕੇਟ ਰਾਜ ਕਮਲ ਕੌਰ, ਮਹਾਂਪੁਰਸ਼ ਬਾਬਾ ਭਜਨ ਸਿੰਘ ਜੋਗੀ ਪੀਰ ਵਾਲੇ, ਉੱਗੇ ਆਗੂ ਤੇ ਸਰਪੰਚ ਹਰਦੇਵ ਸਿੰਘ ਔਜਲਾ ਅਤੇ ਨਿਹੰਗ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ 'ਤੇ ਜਗਤਾਰ ਸਿੰਘ ਖੋਸੇ, ਅਜਮੇਰ ਸਿੰਘ ਹੇਅਰ, ਗੁਰਨਾਮ ਸਿੰਘ, ਭਿੰਦਾ ਔਜਲਾ, ਜਥੇਦਾਰ ਹਰਭਜਨ ਸਿੰਘ, ਤੀਰਥ ਸਿੰਘ ਸਮਰਾ , ਐਡਵੋਕੇਟ ਜਸਵੰਤ ਸਿੰਘ ਬਲੱਗਣ, ਜੱਸਾ ਔਜਲਾ, ਪੂਰਨ ਸਿੰਘ, ਪ੍ਰੀਤਮ ਸਿੰਘ, ਹਰਪਾਲ ਸਿੰਘ ਪਾਲਾ,ਜਿੰਦਰ ਮਿਸਤਰੀ, ਪੰਚ ਅਵਤਾਰ ਸਿੰਘ ਮੱਲੀ, ਪ੍ਰਧਾਨ ਫਕੀਰ ਸਿੰਘ ਮੱਲੀ, ਸਤਨਾਮ ਸਿੰਘ ਮਠਾੜੂ, ਅਵਤਾਰ ਸਿੰਘ ਕਲਾਥ ਹਾਊਸ, ਗੁਰਦਿਆਲ ਸਿੰਘ, ਸੂਰਜ ਸਿੰਘ ,ਮੰਗਾ ਖੋਸੇ ਤੋਂ ਇਲਾਵਾ ਇਲਾਕੇ ਦੀਆਂ ਹੋਰ ਵੀ ਸ਼ਖਸ਼ੀਅਤਾਂ ਨਗਰ ਕੀਰਤਨ ਵਿੱਚ ਸ਼ਾਮਿਲ ਹੋਈਆਂ।

# ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰਿਦੁਆਰ ਵਿਖੇ ਲਗਾਇਆ ਮੁਫਤ ਮੈਡੀਕਲ ਕੈਂਪ



**ਹੁਸ਼ਿਆਰਪੁਰ/ਹਰਿਦੁਆਰ (ਓਮ ਪ੍ਰਕਾਸ਼ ਰਾਣਾ)**

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਵ.ਰਤਨ ਚੰਦ ਬਾਲੀ, ਸਵ.ਸ੍ਰੀਮਤੀ ਪ੍ਰਕਾਸ਼ ਕੌਰ ਬਾਲੀ ਦੀ ਯਾਦ ਅੰਦਰ ਬਾਲੀ ਪਰਿਵਾਰ ਦਕੋਹਾ, ਜਲੰਧਰ ਵੱਲੋਂ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਸੰਗਤਾਂ ਲਈ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ ਜਿਸਦਾ ਉਦਘਾਟਨ ਸੰਤ ਪ੍ਰਗਟ ਨਾਥ ਬਾਲਯੋਗੀ ਅਤੇ ਸੰਤਾਂ, ਮਹਾਂਪੁਰਸ਼ਾਂ ਨੇ ਕੀਤਾ। ਇਸ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਬਲੱਡ ਪ੍ਰੈਸ਼ਰ, ਸ਼ੂਗਰ, ਯੂਰਿਕ ਐਸਡ ਅਤੇ ਹੋਰ ਕਈ ਬਿਮਾਰੀਆਂ ਦੇ ਚੈਕਅੱਪ ਕਰਕੇ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਸੈਂਕੜੇ ਸੰਗਤਾਂ ਨੇ ਮੁਫਤ ਮੈਡੀਕਲ ਚੈਕਅੱਪ ਕੈਂਪ ਦਾ ਲਾਭ ਲਿਆ।ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ ਦੀ ਸਰਪ੍ਰਸਤੀ ਹੇਠ ਅਤੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਦੀ ਦੇਖ ਰੇਖ ਹੇਠ ਹਜਾਰਾਂ ਸੰਗਤਾਂ ਵੱਖ ਵੱਖ ਸੂਬਿਆਂ ਤੋਂ ਸਮਾਗਮਾਂ ਵਿੱਚ ਸ਼ਰਧਾ ਪੂਰਵਕ ਸ਼ਾਮਲ ਹੋਈਆਂ।ਇਸ ਮੌਕੇ ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਪ੍ਰਗਟ ਨਾਥ ਬਾਲਯੋਗੀ, ਸੰਤ ਵਿਨੈ ਮੁਨੀ ਜੰਮੂ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਬੀਬੀ ਕਮਲੇਸ਼ ਕੁਮਾਰੀ ਨਾਹਲਾਂ, ਸੰਤ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਹਰਮੀਤ ਸਿੰਘ, ਬਣਾ ਸਾਹਿਬ, ਪ੍ਰੀਤ ਰਵਿਦਾਸੀਆ ਜਥਾ ਹਰਿਆਣਾ, ਸੰਤ ਭਗਵਾਨ ਦਾਸ ਅਬਾਦਪੁਰਾ, ਸੰਤ ਦਿਲਦਾਰ ਸਿੰਘ, ਸੰਤ ਸਤੀਸ਼ ਦਾਸ ਹਾਬਜੀ ਮੋੜ ਪੁਡਰੀ, ਸੰਤ ਗੁਰਨਾਮ ਦਾਸ ਪੁਡਰੀ ਕੈਥਲ, ਸੰਤ ਗੁਰਮੀਤ ਦਾਸ, ਰਜੇਸ਼ ਦਾਸ ਬਜਵਾੜਾ, ਸੰਤ ਮਨੋਹਰ ਦਾਸ ਲਿੱਧੜਾਂ, ਵੀ ਹਾਜਰ ਸਨ। ਇਸ ਮੌਕੇ ਡਾ. ਰਾਹੁਲ ਭਾਰਤੀ ਰਾਸ਼ਟਰੀ ਪ੍ਰਧਾਨ ਸਮਾਜਵਾਦੀ ਪਾਰਟੀ, ਆਸ਼ੂ ਨਿਰਮਲ ਸਟੇਟ ਪ੍ਰਧਾਨ ਆਮ ਆਦਮੀ ਪਾਰਟੀ, ਰਾਜਵੀਰ ਸਿੰਘ ਇੰਸਪੈਕਟਰ ਗਾਜ਼ੀਆਬਾਦ, ਪੁਸ਼ਪਿੰਦਰ ਰਾਵਤ ਸਾਬਕਾ ਪ੍ਰਧਾਨ, ਰਾਮ ਕੁਮਾਰ ਰਾਣਾ ਸਟੇਟ ਪ੍ਰਧਾਨ ਬਸਪਾ, ਬਿਰਜੇਸ਼ ਕੁਮਾਰ ਜਿਲ੍ਹਾ ਪ੍ਰਧਾਨ ਬਸਪਾ ਹਰਿਦੁਆਰ, ਵਿਜੇ ਪਾਲ ਸਿੰਘ ਮੰਡਲ ਪ੍ਰਧਾਨ ਭਾਜਪਾ ਵੀ ਹਾਜ਼ਰ ਸਨ।

# ਮਾਂ ਤੇ ਬੱਚੇ ਦੀ ਸਿਹਤ ਨਾਲ ਸੰਬੰਧਤ ਜਾਗਰੂਕਤਾ ਪੋਸਟਰ ਜਾਰੀ ਕਰ ਕੀਤਾ ਜਾਗਰੂਕ



**ਕਰਤਾਰਪੁਰ (ਹਰਮੇਸ਼ ਦੱਤ)**- ਵਿਸ਼ਵ ਸਿਹਤ ਦਿਵਸ ਮੌਕੇ ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਦੇ ਹੁਕਮਾਂ ਤਹਿਤ ਸੀ ਐਚ ਸੀ ਕਰਤਾਰਪੁਰ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਸਰਬਜੀਤ ਸਿੰਘ ਦੀ ਅਗਵਾਈ ਹੇਠ ਲਾਲਾ ਲਾਜਪਤ ਰਾਏ ਇੰਸਟੀਚਿਊਟ ਆਫ ਨਰਸਿੰਗ ਐਜੂਕੇਸ਼ਨ ਜਲੰਧਰ ਦੇ ਵਿੱਦਿਆਰਥੀਆਂ ਦੇ ਸਹਿਯੋਗ ਨਾਲ ਹਸਪਤਾਲ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ।ਇਸ ਮੌਕੇ ਵਿੱਦਿਆਰਥੀਆਂ ਵਲੋਂ ਮਾਂ ਅਤੇ ਬੱਚੇ ਦੀ ਸਿਹਤ ਨਾਲ ਸਬੰਧਿਤ ਵੱਖ ਵੱਖ ਮਹੱਤਵਪੂਰਨ ਪਹਿਲੂਆਂ ਤੇ ਜਾਗਰੂਕਤਾ ਪੋਸਟਰ ਪ੍ਰਦਰਸ਼ਿਤ ਕਰ ਆਮ ਲੋਕਾਂ ਨੂੰ ਜਾਕਰੂਕ ਕੀਤਾ।ਇਸ ਮੌਕੇ ਬੀ ਈ ਈ ਰਾਕੇਸ਼ ਸਿੰਘ, ਐਲ ਐਚ ਵੀ ਇੰਦਰਾ, ਨਰਸਿੰਗ ਟਿਊਟਰ ਜੋਤੀ, ਦੀਪਜੋਤ ਸੰਧੂ ਅਤੇ ਹੋਰ ਮੌਜੂਦ ਸਨ।ਸੀਨੀਅਰ ਮੈਡੀਕਲ ਅਫਸਰ ਡਾ. ਸਰਬਜੀਤ ਸਿੰਘ ਨੇ ਦੱਸਿਆਂ ਕਿ ਸਿਹਤ ਵਿਭਾਗ ਵੱਲੋਂ ਵਿਸ਼ਵ ਸਿਹਤ ਦਿਵਸ ਹਰ ਸਾਲ 7 ਅਪ੍ਰੈਲ ਨੂੰ ਲੋਕਾਂ ਨੂੰ ਤੰਦਰੁਸਤੀ ਅਤੇ ਸਿਹਤਮੰਦ ਜੀਵਨ ਪ੍ਰਤਿ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੱਚੇ ਨੂੰ ਪਹਿਲੇ ਛੇ ਮਹੀਨੇ ਸਿਰਫ਼ ਮਾਂ ਦਾ ਦੁੱਧ ਪਿਲਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਦਾ ਸੂਚੀ ਅਨੁਸਾਰ ਟੀਕਾਕਰਨ ਕਰਵਾਉਣਾ ਚਾਹੀਦਾ ਹੈ ਜੋ ਬੱਚੇ ਅੰਦਰ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਪੈਦਾ ਕਰਦਾ ਹੈ।

# ਲਾਇਲਪੁਰ ਖ਼ਾਲਸਾ ਕਾਲਜ ਦੇ ਪੋਸਟ ਗ੍ਰੈਜੂਏਟ ਪੋਲੀਟੀਕਲ ਸਾਇੰਸ ਵਿਭਾਗ ਵੱਲੋਂ ਮੌਕ ਪਾਰਲੀਮੈਂਟ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪੋਸਟ ਗ੍ਰੈਜੂਏਟ ਪੋਲੀਟੀਕਲ ਸਾਇੰਸ ਵਿਭਾਗ ਦੁਆਰਾ ਵਿਦਿਆਰਥੀਆਂ ਨੂੰ ਭਾਰਤੀ ਸੰਸਦ ਦੀ ਕਾਰਜ ਸ਼ੈਲੀ ਤੋਂ ਜਾਣੂ ਕਰਵਾਉਣ ਲਈ ਮੌਕ ਪਾਰਲੀਮੈਂਟ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਉਨ੍ਹਾਂ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਅਕਾਦਮਿਕ ਗਿਆਨ ਤੋਂ ਇਲਾਵਾ ਆਪਣੇ ਵਿਸ਼ੇ ਤੋਂ ਪ੍ਰਾਪਤ ਗਿਆਨ ਦੀ ਸਮਾਜਕ, ਰਾਜਨੀਤਕ ਤੇ ਵਿਅਕਤੀਗਤ ਖੇਤਰ ਵਿਚ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਭਾਸ਼ਣ ਕਲਾ ਅਤੇ ਬੋਲਣ ਦੇ ਹੁਨਰ ਦੀ ਪੜਚੋਲ ਕਰਨ ਲਈ ਸੰਪੂਰਨ ਪਲੇਟਫਾਰਮ ਹੈ।ਡਾ. ਅਨੂ ਕੁਮਾਰੀ, ਮੁਖੀ ਪੋਲੀਟੀਕਲ ਸਾਇੰਸ ਵਿਭਾਗ ਨੇ ਦੱਸਿਆ ਕਿ ਇਸ ਮੌਕ ਪਾਰਲੀਮੈਂਟ ਦਾ ਉਦੇਸ਼ ਅਕਾਦਮਿਕ ਦੇ ਅੰਤਰ ਪ੍ਰਤੀਭਾਗੀਆਂ ਦੇ



ਗਿਆਨ ਦਾ ਮੁਲਾਂਕਣ ਕਰਨਾ ਅਤੇ ਰਾਜਨੀਤਿਕ ਵਰਤਾਰੇ ਦੀ ਬਿਹਤਰ ਸਮਝ ਲਈ ਜ਼ਰੂਰੀ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਨੂੰ ਉਭਾਰਨਾ ਸੀ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਸੰਸਦ ਦੇ ਸੱਤਾਧਾਰੀ ਅਤੇ ਵਿਰੋਧੀ ਧਿਰ ਦੀਆਂ ਭੂਮਿਕਾਵਾਂ ਨਿਭਾਈਆਂ।ਸਾਰੇ ਬੁਲਾਰਿਆਂ ਨੇ ਵਿਚੋਂ ਵਧੀਆਂ ਬੁਲਾਰੇ ਸੰਜੋਤ ਯੋਗੀਤਾ, ਕਾਸ਼ਿਕਾ, ਸਿਰਸਾ ਅਤੇ ਰੋਹਨ ਸ਼ਰਮਾ ਚੁਣੇ ਗਏ। ਇਨ੍ਹਾਂ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਅੰਤ ਵਿਚ ਡਾ. ਅਨੂ ਕੁਮਾਰੀ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਜੇਤੂਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੱਤੀ।

# ਭੱਟੀ ਨੇ ਸਕੂਲਾਂ 'ਚ ਵੱਖ-ਵੱਖ ਕੰਮਾਂ ਦਾ ਕੀਤਾ ਉਦਘਾਟਨ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਹਲਕਾ ਆਦਮਪੁਰ ਦੇ ਸੀਨੀਅਰ ਸੈਕੰਡਰੀ ਸਕੂਲ ਭੋਗਪੁਰ, ਸੀਨੀਅਰ ਸੈਕੰਡਰੀ ਸਕੂਲ ਲੜੋਆ, ਸਰਕਾਰੀ ਪ੍ਰਾਇਮਰੀ ਸਕੂਲ ਮਿੱਲ ਕਲੋਨੀ, ਸਰਕਾਰੀ ਹਾਈ ਸਕੂਲ ਲੁਹਾਰਾਂ ਵਿੱਚ ਕੀਤੇ ਹੋਏ ਵੱਖ ਵੱਖ ਕੰਮਾਂ ਦਾ ਉਦਘਾਟਨ ਜੀਤ ਲਾਲ ਭੱਟੀ ਹਲਕਾ ਇੰਚਾਰਜ/ਡਾਇਰੈਕਟਰ ਪਨਬਸ ਪੰਜਾਬ ਵਲੋਂ ਕੀਤਾ ਗਿਆ। ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ,ਬਲਾਕ ਪ੍ਰਧਾਨ ਪ੍ਰਦੀਪ ਸਿੰਘ ਲੋਹਾਰਾ, ਬਲਾਕ ਪ੍ਰਧਾਨ ਮਦਨ ਸਿੰਘ, ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਬਲਾਕ ਪ੍ਰਧਾਨ ਅਜੈ ਕੁਮਾਰ, ਬਲਾਕ ਪ੍ਰਧਾਨ ਸਤਨਾਮ ਮਨਕੋਟੀਆ, ਬਲਾਕ ਪ੍ਰਧਾਨ ਪਰਮਜੀਤ ਪੰਮਾ, ਸੂਬੇਦਾਰ ਹੰਸ ਰਾਜ ਕੋਰਡੀਨੇਟਰ ਐਕਸਸਰਵਿਸਮੈਨ ਵਿੰਗ, ਸੁਖਦੇਵ ਰਾਜ ਕੋਰਡੀਨੇਟਰ ਬੁੱਧੀਜੀਵੀ ਵਿੰਗ, ਗੁਰਪ੍ਰੀਤ ਸਿੰਘ ਭੋਗਲ ਕਮੇਟੀ ਮੈਂਬਰ ਹਲਕਾ ਆਦਮਪੁਰ ਪੰਜਾਬ ਸਿੱਖਿਆ ਕ੍ਰਾਂਤੀ, ਸੁਖਵੀਰ ਸਿੰਘ ਕਮੇਟੀ ਮੈਂਬਰ ਹਲਕਾ ਆਦਮਪੁਰ ਪੰਜਾਬ ਸਿੱਖਿਆ ਕ੍ਰਾਂਤੀ, ਬਾਬਾ ਸੁਰਜੀਤ ਸਿੰਘ ਕੋਰਡੀਨੇਟਰ ਟਰਾਂਸਪੋਰਟ ਵਿੰਗ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਪਿੰਡਾਂ ਦੇ ਸਰਪੰਚ ਤੇ ਪਾਰਟੀ ਦੇ ਵਲੰਟੀਅਰ ਮੌਜੂਦ ਸਨ।



# ਤੇਲੰਗਾਨਾ ਰੰਗਾਰੈੱਡੀ ਜ਼ਿਲ੍ਹੇ 'ਚ ਸਥਿਤ ਕਾਂਚਾ ਗਾਚੀਬੋਵਲੀ ਦੇ ਜੰਗਲ ਦਾ ਉਜਾੜਾ ਤੁਰੰਤ ਰੋਕਿਆ ਜਾਵੇ : ਲੋਕ ਇਨਸਾਫ ਮੰਚ



**ਫਿਲੌਰ, (ਨਿਰਮਲ)**

ਲੋਕ ਇਨਸਾਫ ਮੰਚ ਦੀ ਟੀਮ ਵੱਲੋਂ ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂਅ 'ਤੇ ਮੰਗ ਪੱਤਰ ਭੇਜਿਆ ਗਿਆ ਕਿ ਤੇਲੰਗਾਨਾ ਰੰਗਾਰੈੱਡੀ ਜ਼ਿਲ੍ਹੇ 'ਚ ਸਥਿਤ ਕਾਂਚਾ ਗਾਚੀਬੋਵਲੀ 'ਚ 400 ਏਕੜ ਜੰਗਲ ਦੀ ਕਟਾਈ ਕਰ ਕੇ ਇਲਾਕੇ ਨੂੰ ਸਾਫ਼ ਕੀਤਾ ਜਾ ਰਿਹਾ ਹੈ।ਇਸ ਕਟਾਈ ਨੂੰ ਰੋਕਣ ਲਈ ਹੈਦਰਾਬਾਦ ਯੂਨੀਵਰਸਿਟੀਆਂ ਨੇ ਵਿਰੋਧ ਪ੍ਰਦਰਸ਼ਨ ਵੀ ਕੀਤੇ ਸਨ, ਪਰ ਇਸ ਦੇ ਬਾਵਜੂਦ ਵੀ ਸਰਕਾਰ ਨੇ ਜੰਗਲਾਂ ਦੀ ਕਟਾਈ ਨਹੀਂ ਰੋਕੀ ਤੇ 400 ਏਕੜ ਜੰਗਲ ਕੱਟ ਕੇ ਸਾਫ਼ ਕਰ ਰਹੀ ਹੈ।ਉਸ ਜੰਗਲ ਅੰਦਰ ਰਹਿੰਦੇ ਜਾਨਵਰ ਬੇਘਰ ਹੋ ਰਹੇ ਹਨ ਅਤੇ ਮਰ ਰਹੇ ਹਨ।ਇਸ ਉਜਾੜੇ ਨੂੰ ਤੁਰੰਤ ਰੋਕਿਆ ਜਾਵੇ ਅਤੇ ਜੰਗਲ ਉਸੇ ਤਰਾਂ ਹੀ ਰੱਖੇ ਜਾਣ ਤੇ ਸਰਕਾਰ ਉਹਨਾ ਦੀ ਦੇਖਭਾਲ ਕਰੇ ਅੱਜ ਲੋਕ ਇਨਸਾਫ ਮੰਚ ਦੀ ਟੀਮ ਨੇ ਇਕ ਮੰਗ ਪੱਤਰ ਦੇਸ਼ ਦੇ ਰਾਸ਼ਟਰਪਤੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਮ ਤੇ ਇਕ ਮੰਗ ਪੱਤਰ ਭੇਜਿਆ ਗਿਆ। ਇਸ ਮੌਕੇ ਜਰਨੈਲ ਫਿਲੌਰ ਐਡਵੋਕੇਟ ਸੰਜੀਵ ਭੌਰਾ, ਐਡਵੋਕੇਟ ਸੁਰਜੀਤ ਖੈਤਾਨ, ਮਾ. ਹੰਸ ਰਾਜ, ਪਰਸ਼ੋਤਮ ਫਿਲੌਰ, ਡਾ. ਅਸ਼ੋਕ ਕੁਮਾਰ, ਡਾ. ਸੰਦੀਪ ਸੰਤੋਖਪੁਰਾ, ਹਨੀ ਫਿਲੌਰ, ਰਾਮਜੀ ਗੰਨਾਪਿੰਡ, ਕੁਲਦੀਪ ਲੰਬੜਦਾਰ, ਸਰਬਜੀਤ ਸਾਬੀ, ਅਮਰਜੀਤ ਲਾਡੀ, ਰਾਜ ਕੁਮਾਰ ਰਾਜੂ, ਗਗਨ ਕੁਮਾਰ ਪ੍ਰਿੰਸ ਜੱਜਾ, ਪਰਮਿੰਦਰ ਫਲਪੋਤਾ,ਦੀਪਕ ਕੁਮਾਰ ਹਾਜ਼ਰ ਸਨ।

# ਪੰਜਾਬ ਸਰਕਾਰ ਹਰੇਕ ਫਰੰਟ 'ਤੇ ਫੇਲ੍ਹ : ਚਰਨਜੀਤ, ਸੁਰਿੰਦਰ ਜਾਜਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਆਏ ਦਿਨ ਪੁਲਸ ਚੌਂਕੀਆਂ ਅਤੇ ਭਾਜਪਾ ਨੇਤਾਵਾਂ ਦੇ ਘਰਾਂ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗ੍ਰਨੇਟ ਸੁੱਟ ਕੇ ਜਾਨੋ ਮਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤਾਂ ਤੇ ਭੱਦੀ ਸ਼ਬਦਾਵਲੀ ਲਿਖਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਰੋਕਣ



ਵਿੱਚ ਅਸਫ਼ਲ ਸਾਬਿਤ ਹੋ ਰਹੀ ਪੁਲਸ ਪ੍ਰਸ਼ਾਸਨ ਖ਼ਿਲਾਫ਼ ਭਾਜਪਾ ਮੰਡਲ ਕੰਧਾਲਾਂ ਜੱਟਾਂ ਦੇ ਪ੍ਰਧਾਨ ਚਰਨਜੀਤ ਸਿੰਘ ਦੀ ਅਗਵਾਈ ਵਿੱਚ ਭਾਜਪਾ ਵਰਕਰਾਂ ਨੇ ਟਾਂਡਾ ਵਿਖੇ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਮੌਕੇ ਉਨ੍ਹਾਂ ਨਾਲ ਭਾਜਪਾ ਪੰਜਾਬ ਕਾਰਜ ਕਾਰਿਨੀ ਮੈਂਬਰ ਸੁਰਿੰਦਰ ਜਾਜਾ, ਅਜੈ ਪਾਲ ਸਿੰਘ ਸੈਣੀ, ਭਰਤ ਸੈਣੀ, ਰਾਜ ਕੁਮਾਰ, ਵੀਨੂੰ ਪੰਡਿਤ, ਜਤਿੰਦਰ ਪਾਲ, ਬਲਵਿੰਦਰ ਸਿੰਘ, ਰੋਹਿਤ ਕੁਮਾਰ, ਬੋਬੀ ਰਾਜਪੁਰ, ਬੰਟੀ ਸਹੋਤਾ, ਜਰਨੈਲ ਸਿੰਘ ਅਤੇ ਹੋਰ ਭਾਜਪਾ ਵਰਕਰ ਹਾਜ਼ਰ ਸਨ। ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਜਦੋਂ ਦੀ ਮਾਨ ਸਰਕਾਰ ਹੋਂਦ ਵਿੱਚ ਆਈ ਹੈ ਉਦੋਂ ਤੋਂ ਹੀ ਪੰਜਾਬ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਕਦੇ ਭਾਜਪਾ ਨੇਤਾਵਾਂ ਤੇ ਕਦੇ ਪੁਲਿਸ ਚੌਂਕੀਆਂ ਤੇ ਗ੍ਰਨੇਟ ਸੁੱਟ ਕੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਚਰਨਜੀਤ ਸਿੰਘ ਨੇ ਕਿਹਾ ਕਿ ਸ਼ਰਾਰਤੀ ਅਨਸਰਾਂ ਵੱਲੋਂ ਭਾਜਪਾ ਨੇਤਾਵਾਂ ਦੇ ਘਰਾਂ ਵਿੱਚ ਹੈਂਡ ਗ੍ਰਨੇਟ ਸੁੱਟ ਕੇ ਭਾਜਪਾ ਲੀਡਰਾਂ ਦੇ ਦਿਲਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਦੀਆਂ ਜਿਹੜੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਭਾਜਪਾ ਵਰਕਰ ਉਸਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ। ਇਸ ਦੇ ਨਾਲ ਹੀ ਐਸ ਐਸ ਪੀ ਦੇ ਨਾਂਅ 'ਤੇ ਸਥਾਨਕ ਡੀ.ਐਸ.ਪੀ ਦਵਿੰਦਰ ਸਿੰਘ ਬਾਜਵਾ ਨੂੰ ਮੰਗ ਪੱਤਰ ਦਿੱਤਾ ਗਿਆ।

# ਲਾਇਨਜ਼ ਕਲੱਬ ਵੱਲੋਂ ਮਾਤਾ ਸੁਰਜੀਤ ਕੌਰ ਨਮਿੱਤ ਭੋਗ ਮੌਕੇ ਪਰਵਾਰ ਸਨਮਾਨਿਤ

**ਡੇਰਾਬਸੀ, (ਵਿਨੈ ਕੁਮਾਰ ਜੈਨ)**

ਲਾਇਨਜ਼ ਕਲੱਬ ਡੇਰਾਬੱਸੀ ਨੇ ਮਾਤਾ ਸੁਰਜੀਤ ਕੌਰ ਅਮਲਾਲਾ ਦੇ ਪਰਿਵਾਰ ਨੂੰ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ, ਜਿਨ੍ਹਾਂ ਨੇ ਮਰਨ ਉਪਰੰਤ ਆਪਣੀਆਂ ਅੱਖਾਂ ਦਾਨ ਕੀਤੀਆਂ ਸਨ।ਜ਼ਿਕਰਯੋਗ ਹੈ ਕਿ 24 ਮਾਰਚ ਨੂੰ ਨੰਬਰਦਾਰ ਹਰਚਰਨ ਸਿੰਘ ਅਮਲਾਲਾ ਦੀ ਪਤਨੀ 82 ਸਾਲਾ ਸੁਰਜੀਤ ਕੌਰ ਦਾ ਦਿਲ ਦੀ ਬਿਮਾਰੀ ਕਾਰਨ ਦੇਹਾਂਤ ਹੋ ਗਿਆ ਸੀ।ਮਰਨ ਉਪਰੰਤ, ਪਰਿਵਾਰਕ ਮੈਂਬਰਾਂ ਦੀ ਸਹਿਮਤੀ ਨਾਲ, ਲਾਇਨਜ਼ ਕਲੱਬ ਨੇ ਪੀਜੀਆਈ ਦੇ ਡਾਕਟਰਾਂ ਦੀ ਮਦਦ ਨਾਲ ਉਨ੍ਹਾਂ ਦੀਆਂ ਅੱਖਾਂ ਦਾਨ ਕੀਤੀਆਂ। ਇਸ ਨਾਲ ਦੋ ਵਿਅਕਤੀਆਂ ਦੇ ਹਨੇਰੇ ਜੀਵਨ ਵਿੱਚ ਰੌਸ਼ਨੀ ਆਈ। ਅੱਜ, ਉਨ੍ਹਾਂ ਨਮਿਤ ਅੰਤਿਮ ਅਰਦਾਸ ਮੌਕੇ ਲਾਇਨਜ਼ ਕਲੱਬ ਦੇ ਉਪੇਸ਼ ਬਾਂਸਲ ਨੇ ਕਿਹਾ ਕਿ ਸਾਨੂੰ ਅੱਖਾਂ ਦੇ ਦਾਨ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਹੋਣੀ ਚਾਹੀਦੀ ਹੈ ਤਾਂ ਜੋ ਉਸ ਵਿਅਕਤੀ ਦੇ ਜੀਵਨ ਵਿੱਚ ਰੌਸ਼ਨੀ ਲਿਆਂਦੀ ਜਾ ਸਕੇ ਜੋ ਬਿਲਕੁਲ ਵੀ ਨਹੀਂ ਦੇਖ ਸਕਦਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨੇੜਲੇ ਪਿੰਡਾਂ ਵਿੱਚ ਜਾਣ ਅਤੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ। ਸੁਰਜੀਤ ਕੌਰ ਆਪਣੇ ਪਿੱਛੇ ਆਪਣੇ ਪਤੀ, ਤਿੰਨ ਪੁੱਤਰਾਂ ਅਤੇ ਪੋਤੇ-ਪੋਤੀਆਂ ਸਮੇਤ ਇੱਕ ਪਰਿਵਾਰ ਛੱਡ ਗਈ ਹੈ। ਇਸ ਮੌਕੇ



ਬੋਲਦਿਆਂ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੇ ਕਿਹਾ ਮਾਤਾ ਸੁਰਜੀਤ ਕੌਰ ਧਾਰਮਕ ਬਿਰਤੀ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਆਪਾਂ ਸਾਰਿਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਨਿਰਮੈਲ ਸਿੰਘ ਜੌਲਾ, ਜਥੇਦਾਰ ਬਲਜੀਤ ਸਿੰਘ ਕਾਰਕੌਰ ਸਾਬਕਾ ਚੇਅਰਮੈਨ ਕੋਆਪ੍ਰਟਿਵ ਬੈਂਕ, ਨਿਤਿਨ ਜਿੰਦਲ ਪ੍ਰਧਾਨ ਲਾਇਨਜ਼ ਕਲੱਬ ਡੇਰਾਬੱਸੀ, ਦਿਲਬਾਰ ਸਿੰਘ ਚਡਿਆਲਾ ਸਾਬਕਾ ਮੈਂਬਰ ਬਲਾਕ ਸੰਮਤੀ, ਨੰਬਰਦਾਰ ਕਰਮ ਸਿੰਘ ਕਾਰਕੌਰ, ਅਵਤਾਰ ਸਿੰਘ ਜਵਾਹਰਪੁਰ, ਧਰਮ ਸਿੰਘ ਅਮਲਾਲਾ, ਕੁਲਵੰਤ ਸਿੰਘ ਝਾਮਪੁਰ ਜ਼ਿਲ੍ਹਾ ਪ੍ਰਧਾਨ ਨੰਬਰਦਾਰ ਯੂਨੀਅਨ, ਸੁਰਿੰਦਰ ਸਿੰਘ ਧਰਮਗੜ੍ਹ ਸਮੇਤ ਵੱਖ-ਵੱਖ ਕਿਸਾਨ ਜਥੇਬੰਦੀਆਂ, ਨੰਬਰਦਾਰ ਯੂਨੀਅਨਾਂ ਅਤੇ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਸੰਗਠਨਾਂ ਦੇ ਆਗੂਆਂ ਨੇ ਸ਼ਿਰਕਤ ਕਰਦਿਆਂ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਜਸਵੀਰ ਸਿੰਘ ਰਾਜਾ ਗਿੱਲ ਨੇ 4 ਸਕੂਲਾਂ 'ਚ 21 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਕੰਮਾਂ ਦਾ ਕੀਤਾ ਉਦਘਾਟਨ



**ਟਾਂਡਾ, (ਓਂਕਾਰ ਸਿੰਘ, ਜਸਵਿੰਦਰ ਸੰਧੂ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਹਲਕੇ ਦੇ 4 ਸਕੂਲਾਂ ਵਿੱਚ 21 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਦਾ ਸਿੱਖਿਆ ਮਾਡਲ ਬੇਹੱਦ ਬੇਹਤਰੀਨ ਹੈ ਜੋ ਹੋਰਨਾਂ ਲਈ ਵੀ ਮਿਸਾਲ ਬਣੇਗਾ।ਸਰਕਾਰੀ ਐਲੀਮੈਂਟਰੀ ਸਕੂਲ, ਓਹੜਪੁਰ, ਸੈਦਪੁਰ ਦਾਤਾ, ਸਹਿਬਾਜ਼ਪੁਰ ਅਤੇ ਮੂਨਕ ਕਲਾਂ ਵਿਖੇ ਕੰਮਾਂ ਦਾ ਉਦਘਾਟਨ ਕਰਦਿਆਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਕੂਲਾਂ ਦਾ ਹਰ ਪੱਖੋਂ ਪੱਧਰ ਉਚਾ ਕੀਤਾ ਹੈ ਜਿਸ ਨਾਲ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਲਾਭ ਮਿਲੇਗਾ।ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਓਹੜਪੁਰ ਸਕੂਲ ਵਿਖੇ 7 ਲੱਖ ਰੁਪਏ ਦੀ ਲਾਗਤ ਵਾਲੇ, ਸੈਦਪੁਰ ਦਾਤਾ ਸਕੂਲ ਵਿਖੇ 6 ਲੱਖ ਰੁਪਏ ਦੀ ਲਾਗਤ ਵਾਲੇ, ਸ਼ਹਿਬਾਜਪੁਰ ਸਕੂਲ ਵਿਖੇ 2 ਲੱਖ ਰੁਪਏ ਤੋਂ ਵੱਧ ਅਤੇ ਮੂਨਕਕਲਾਂ ਵਿਖੇ 5 ਲੱਖ ਰੁਪਏ ਤੋਂ ਵੱਧ ਦੇ ਕੰਮਾਂ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਇਨ੍ਹਾਂ ਸਕੂਲਾਂ ਵਿਚ ਮੌਜੂਦ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨਾਲ ਗੱਲਬਾਤ ਵੀ ਕੀਤੀ ਜਿਨ੍ਹਾਂ ਨੇ ਸਕੂਲਾਂ ਵਿਚ ਵੱਡੇ ਪੱਧਰ 'ਤੇ ਹੋ ਰਹੇ ਸੁਧਾਰਾਂ ਦੀ ਸ਼ਲਾਘਾ ਕੀਤੀ।

# ਵਿਸਾਖੀ ਮੇਲਾ 13 ਨੂੰ ਮਨਾਇਆ ਜਾਵੇਗਾ : ਸਿੱਧੂ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )**

ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਵਲੋਂ ਸਿੱਧੂ ਜਠੇਰਿਆਂ ਤੇ ਪਿੰਡ ਭੀਣ ਵਿਖੇ ਆਉਣ ਵਾਲੇ ਮੇਲਿਆਂ ਸੰਬਧੀ ਮੀਟਿੰਗ ਕੀਤੀ ਗਈ। ਦਰਬਾਰ ਦੇ ਸੇਵਾਦਾਰ ਸਤਨਾਮ ਸਿੰਘ ਕਮਲ ਸਿੱਧੂ ਨੇ ਦੱਸਿਆ ਕਿ 13 ਅਪ੍ਰੈਲ ਦਿਨ ਐਤਵਾਰ ਨੂੰ ਵਿਸਾਖੀ ਦਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਉਸ ਤੋਂ ਬਾਅਦ ਦੂਸਰਾ ਮੇਲਾ 25 ਮਈ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਮੌਕੇ 'ਤੇ ਅਵਤਾਰ ਸਿੰਘ ਸਿੱਧੂ, ਜਗਤਾਰ ਸਿੰਘ ਸਿੱਧੂ,ਪਰਗਣ ਸਿੰਘ,ਮਦਨ ਲਾਲ,ਦਰਸ਼ਨ ਕੁਮਾਰ,ਕਸ਼ਮੀਰ ਸਿੰਘ ਸਿੱਧੂ ਆਟੋ ਸਰਵਿਸ, ਨਰਿੰਦਰ ਕੁਮਾਰ,ਰਛਪਾਲ ਸਿੰਘ ਪਾਲਾ, ਰਣਜੀਤ ਸਿੱਧੂ, ਬਾਬਾ ਕੁਲਵੀਰ, ਬਾਬਾ ਬਲਦੇਵ ਸੈਣੀ ਹਾਜਰ ਰਹੇ।



# ਸ੍ਰੀ ਗੁਰੂ ਰਵਿਦਾਸ ਸਭਾ ਵੱਲੋਂ ਵਕਫ ਕਾਨੂੰਨ ਪਾਸ ਕਰਨ ਦੀ ਨਿੰਦਾ



**ਖਰੜ (ਹਰਨਾਮਸਿੰਘ ਡੱਲਾ)**-ਕੇਂਦਰ ਸਰਕਾਰ ਵਲੋਂ ਮੁਸਲਿਮ ਭਾਈਚਾਰੇ ਦੀ ਵੱਡੀ ਸੰਪਤੀ 'ਤੇ ਵਕਫ ਬਿੱਲ ਪਾਸ ਕਰਕੇ ਕੀਤੇ ਆਰਥਕ ਅਤੇ ਧਾਰਮਿਕ ਵਿਤਕਰੇ ਦੀ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ।ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਦੀ ਕਾਰਜਕਾਰਨੀ ਦੀ ਹੋਈ ਮੀਟਿੰਗ ਮਦਨ ਲਾਲ ਜਨਾਗਲ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿੱਚ ਇੱਕ ਮਤੇ ਰਾਹੀਂ ਕੇਂਦਰ ਸਰਕਾਰ ਨੂੰ ਵਕਫ ਕਾਨੂੰਨ ਵਾਪਸ ਲੈਣ ਦੀ ਅਪੀਲ ਕੀਤੀ ਗਈ ਹੈ।ਕਿਉਂਕਿ ਇਸ ਬਿੱਲ ਨਾਲ ਮੁਸਲਿਮ ਭਾਈਚਾਰੇ 'ਤੇ ਧਾਰਮਿਕ ਵਿਤਕਰੇ ਤੋਂ ਬਿਨਾਂ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਵੀ ਦਿਖਾਈ ਦੇ ਰਹੀ ਹੈ।ਦੂਜੇ ਪਾਸੇ ਕੇਂਦਰ ਸਰਕਾਰ ਨੇ ਏਅਰਪੋਰਟਾਂ, ਰੇਲਵੇ, ਐੱਲ ਆਈ ਸੀ, ਤੇਲ ਭੰਡਾਰਾਂ ਅਤੇ ਦੂਰ ਸੰਚਾਰ ਨਿਗਮ, ਮਜ਼ਦੂਰਾਂ ਵਿਰੁੱਧ ਚਾਰ ਲੇਬਰ ਕੋਡ ਕਾਨੂੰਨ ਅਤੇ ਕਿਸਾਨਾਂ ਲਈ ਖੇਤੀ ਬਿੱਲ ਲਿਆ ਕੇ ਦੇਸ਼ ਵਿਦੇਸ਼ ਦੇ ਕਾਰਪੋਰੇਟਰਾਂ ਦੇ ਹਿੱਤ ਪੂਰੇ ਜਾ ਰਹੇ ਹਨ।ਹੁਣ ਸਰਕਾਰ ਵੱਲੋਂ ਹੋਰ ਛੋਟੇ ਛੋਟੇ ਅਕੀਦਿਆਂ ਅਤੇ ਧਰਮਾਂ ਦੀਆਂ ਧਾਰਮਿਕ ਜਾਇਦਾਦਾਂ ਉੱਤੇ ਵੀ ਕਬਜ਼ੇ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ।ਜੇਕਰ ਕੇਂਦਰ ਸਰਕਾਰ ਗਰੀਬ ਹਿਤੈਸ਼ੀ ਹੈ ਤਾਂ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਭੂਮੀਹੀਣ ਲੋਕਾਂ ਨੂੰ ਜ਼ਮੀਨੀ ਹੱਕ ਪ੍ਰਦਾਨ ਕਰਵਾਏ ਅਤੇ ਸਰਕਾਰੀ ਜਾਇਦਾਦਾਂ ਦਾ ਨਿੱਜੀਕਰਨ ਬੰਦ ਕਰਕੇ ਵਾਧੂ ਸਰਮਾਇਆ ਅਤੇ ਜ਼ਮੀਨਾਂ ਸਰਕਾਰੀ ਕਬਜ਼ੇ ਵਿੱਚ ਲੈ ਕੇ ਸਰਕਾਰੀ ਨੌਕਰੀਆਂ ਦਾ ਪ੍ਰਬੰਧ ਕਰੇ।ਪਰ ਸਰਕਾਰ ਸਿੱਧੇ ਤੌਰ 'ਤੇ ਘੱਟ ਗਿਣਤੀਆਂ ਉੱਤੇ ਹਮਲੇ ਕਰਕੇ ਫਿਰਕੂ ਸਦਭਾਵਨਾ ਨੂੰ ਸੱਟ ਮਾਰ ਰਹੀ ਹੈ ਧਾਰਮਿਕ ਨਫ਼ਰਤ ਫੈਲਾ ਕੇ ਸਤਾ ਉੱਤੇ ਬਣੇ ਰਹਿਣ ਲਈ ਘੱਟ ਗਿਣਤੀਆਂ ਵਿਰੁੱਧ ਕਾਨੂੰਨ ਪਾਸ ਕਰ ਰਹੀ ਹੈ।

### ਸੂਬਿਆਂ ਦੇ ਵੱਖ-ਵੱਖ ਕਿਸਾਨ ਸੰਗਠਨਾਂ ਦੇ ਸਿਰਮੌਰ ਆਗੂਆਂ ਦੀ ਸਾਂਝੀ ਮੀਟਿੰਗ 'ਚ

# ਕੁਲ ਹਿੰਦ ਪੱਧਰ ਦੀ ਕਿਸਾਨ ਜੱਥੇਬੰਦੀ ਬਣਾਉਣ ਦਾ ਫੈਸਲਾ

**ਜਲੰਧਰ (ਰਾਜੇਸ਼ ਥਾਪਾ)**

ਦੇਸ਼ ਦੇ ਵੱਖਰਾਂ ਸੂਬਿਆਂ ਦੇ ਤੁੱਕੇ ਵੱਖ-ਵੱਖ ਕਿਸਾਨ ਸੰਗਠਨਾਂ ਦੇ ਪ੍ਰਮੁੱਖ ਆਗੂਆਂ ਨੇ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਹੋਈ ਸਾਂਝੀ ਮੀਟਿੰਗ ਦੌਰਾਨ ਸੰਜੀਦਾ ਵਿਚਾਰ-ਚਰਚਾ ਕਰਨ ਪਿੱਛੋਂ ਮੌਜੂਦਾ ਚੁਣੌਤੀਆਂ ਦੇ ਹਾਣ ਦੀ ਕੁੱਲ ਹਿੰਦ ਪੱਧਰ ਦੀ ਸਾਂਝੀ ਕਿਸਾਨ ਜਥੇਬੰਦੀ ਕਾਇਮ ਕਰਨ ਦਾ ਨਿਰਣਾ ਲਿਆ ਹੈ।ਜ਼ਿਕਰਯੋਗ ਹੈ ਕਿ ਉਕਤ ਕਿਸਾਨ ਸੰਗਠਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ 'ਸੰਯੁਕਤ ਕਿਸਾਨ ਮੋਰਚੇ' ਦੀ ਅਗਵਾਈ ਹੇਠ ਸ਼ਾਂਤਮਈ ਮੋਰਚੇ ਮੱਲ ਕੇ ਬਾਜ਼ਾਬਤਾ ਲੜੇ ਗਏ ਕਿਸਾਨ ਅੰਦੋਲਨ ਦੀ ਸ਼ਾਨਾਮੱਤੀ ਜਿੱਤ 'ਚ ਅਹਿਮ ਯੋਗਦਾਨ ਪਾਇਆ ਸੀ।ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਤਨਾਮ ਸਿੰਘ ਅਜਨਾਲਾ ਤੇ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ (ਪੰਜਾਬ) ਅਨੁਭਵ ਦਾਸ ਸ਼ਾਸਤਰੀ (ਉੱਤਰ ਪ੍ਰਦੇਸ਼), ਪੀ. ਓਪਿੰਦਰ ਰੈਡੀ (ਤਿਲੰਗਾਨਾ), ਕੇ ਨਾਗਾ ਭੂਸ਼ਣ ਰਾਓ (ਆਂਧਰਾ ਪ੍ਰਦੇਸ਼), ਰਾਜਿੰਦਰ ਪਰਾਂਜਪੇ (ਮਹਾਰਾਸ਼ਟਰ) ਨੇ ਕੀਤੀ। ਸਰਵ ਸਾਥੀ ਕੁਲਵੰਤ ਸਿੰਘ ਸੰਧੂ, ਰਤਨ ਸਿੰਘ ਰੰਧਾਵਾ ਤੇ ਰਘਬੀਰ ਸਿੰਘ ਬੈਨੀਪਾਲ (ਜਮਹੂਰੀ ਕਿਸਾਨ ਸਭਾ ਪੰਜਾਬ), ਮਨਦੀਪ ਸਿੰਘ ਨਥਵਾਨ (ਪਗੜੀ ਸੰਭਾਲ ਜੱਟਾ ਕਿਸਾਨ ਸੰਘਰਸ਼ ਸੰਮਤੀ ਹਰਿਆਣਾ), ਜੋਗਿੰਦਰ ਸਿੰਘ (ਕਿਸਾਨ ਤਾਲਮੇਲ ਕਮੇਟੀ ਜੰਮੂ-ਕਸ਼ਮੀਰ), ਸ਼ੇਨਜ਼ੋਏ ਰਾਊਤ (ਸ਼ੇਤਕਰੀ ਸੰਗਠਨ ਮਹਾਰਾਸ਼ਟਰ), ਪੀ.ਜੇ. ਮੋਨਸੀ (ਕੇਰਲਾ ਕ੍ਰਿਸ਼ਕ ਸੰਗਠਨ), ਗੋਡੋਗੋਨੀ ਰਵੀ (ਕੁਲ ਹਿੰਦ ਕਿਸਾਨ ਫੈਡਰੇਸ਼ਨ ਤਿਲੰਗਾਨਾ), ਸ਼ਬੀਰ ਅਹਿਮਦ (ਰਾਜਸਥਾਨ), ਭੂਪ ਨਾਰਾਇਣ ਸਿੰਘ (ਬਿਹਾਰ), ਆਰ. ਭਗਤ ਸਿੰਘ (ਤਾਮਿਲਨਾਡੂ), ਆਜ਼ਾਦ ਸਿੰਘ ਮੀਰਾਨ ਤੇ ਰਮੇਸ਼ ਰੱਤਾਖੇੜਾ (ਹਰਿਆਣਾ), ਜੋਤਿਸ਼ ਮੰਡਲ ( ਪੱਛਮੀ ਬੰਗਾਲ) ਨੇ ਆਪੋ-ਆਪਣੇ ਸੰਬੋਧਨ ਰਾਹੀਂ ਸਾਥੀ ਐਮ. ਅਸ਼ੋਕ ਓਮਕਾਰ ਵੱਲੋਂ ਕਿਸਾਨ ਅੰਦੋਲਨ ਦੀ ਠੀਕ ਦਿਸ਼ਾ ਵਿਚ ਪ੍ਰਗਤੀ ਲਈ ਵਿਚਾਰ-ਵਟਾਂਦਰੇ ਹਿਤ ਪੇਸ਼ ਕੀਤੇ ਗਏ ਦਸਤਾਵੇਜ਼ (ਖਰੜੇ) ਵਿਚ ਦਰਸਾਈ ਸੇਧ ਨਾਲ ਸਹਿਮਤੀ ਪ੍ਰਗਟਾਈ। ਬੁਲਾਰਿਆਂ ਵਲੋਂ ਰੱਖਿਆ ਗਿਆ ਵੱਖ-ਵੱਖ ਸੂਬਿਆਂ ਅੰਦਰ ਕਿਸਾਨੀ ਮੰਗਾਂ ਲਈ ਜੂਝ ਰਹੇ ਕਿਸਾਨ ਸੰਗਠਨਾਂ ਦੀ ਕੁੱਲ ਹਿੰਦ ਪੱਧਰ ਦੀ ਸਾਂਝੀ ਜੱਥੇਬੰਦੀ ਕਾਇਮ ਕਰਨ ਦਾ ਸੁਝਾਅ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਬੁਲਾਰਿਆਂ ਨੇ ਤਿੰਨ ਕਾਲੇ ਖੇਤੀ ਕਨੂੰਨ ਰੱਦ ਕਰਵਾਉਣ ਲਈ ਲੜੇ ਗਏ ਕਿਸਾਨ ਸੰਘਰਸ਼ ਦੀ ਸਫਲਤਾਪੂਰਵਕ ਅਗਵਾਈ ਕਰਨ ਵਾਲੇ ਕਿਸਾਨ ਸੰਗਠਨਾਂ 'ਚ ਆਪਣੀਆਂ ਏਜੰਸੀਆਂ ਦੇ ਰਾਹੀਂ ਤੇ ਤੱਤਾਂ ਅਤੇ ਪਿਛਾਖੜੀ ਅਨਸਰਾਂ ਰਾਹੀਂ ਫੁੱਟ ਪਵਾਉਣ ਦੀਆਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਸਾਜ਼ਿਸ਼ਾਂ ਦੀ ਪਛਾਣ ਕਰਨ ਅਤੇ ਪਛਾੜਨ ਦਾ ਸੱਦਾ ਦਿੱਤਾ।ਮੀਟਿੰਗ ਵਲੋਂ ਪਿੰਡ ਤੋਂ ਪ੍ਰਾਂਤ ਪੱਧਰ ਤੱਕ ਦੀਆਂ ਜੱਥੇਬੰਦਕ ਚੋਣਾਂ ਕਰਵਾਉਣ ਅਤੇ ਕੁਲ ਹਿੰਦ ਕਾਨਫਰੰਸ ਕਰਵਾਉਣ ਦਾ ਨਿਰਣਾ ਲਿਆ ਗਿਆ ਹੈ। ਇਸ ਸਮੁਚੀ ਪ੍ਰੀਕ੍ਰਿਆ ਦੀ ਨਿਗਰਾਨੀ 12 ਮੈਂਬਰੀ ਜੱਥੇਬੰਦਕ ਕਮੇਟੀ ਕਰੇਗੀ।



# ਨਸ਼ਿਆਂ ਤੋਂ ਨੌਜਵਾਨਾਂ ਨੂੰ ਬਚਾਉਣ ਲਈ ਹਰੇਕ ਪਿੰਡ 'ਚ ਖੇਡ ਮੈਦਾਨ ਬਣਾਉਣ ਦਾ ਐਲਾਨ : ਸੌਂਦ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਮੰਗਲਵਾਰ ਨੂੰ ਰੂਪਨਗਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਸਕੂਲਾਂ ਤੇ ਖੇਡ ਮੈਦਾਨਾਂ ਦਾ ਨਿਰੀਖਣ ਕੀਤਾ। ਜਿਨ੍ਹਾਂ ਪਿੰਡਾਂ ਦਾ ਦੌਰਾ ਕੀਤਾ ਗਿਆ ਉਨ੍ਹਾਂ 'ਚ ਚੈੜੀਆਂ, ਬਹਿਰਾਮਪੁਰ, ਚੰਦਪੁਰ, ਡਕਾਲਾ, ਲੋਹਗੜ੍ਹ ਫਿੱਡੇ, ਥਲੀ ਦੇ ਖੇਡ ਮੈਦਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬਹਿਰਾਮਪੁਰ ਚੱਕਲਾਂ ਸ਼ਾਮਲ ਹਨ। ਇਸ ਮੌਕੇ ਗੱਲਬਾਤ ਕਰਦਿਆਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਹੁਲਾਰਾ ਦੇਣ ਅਤੇ ਨਸ਼ਿਆਂ ਦੇ ਖ਼ਤਰੇ ਤੋਂ ਨੌਜਵਾਨਾਂ ਨੂੰ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਪਿੰਡ ਵਿੱਚ ਖੇਡ ਮੈਦਾਨ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਕਰੀਬ 13000 ਪਿੰਡਾਂ ਵਿੱਚ ਇਹ ਖੇਡ ਮੈਦਾਨ ਪਿੰਡ ਦੇ ਨੌਜਵਾਨਾਂ ਦੀ ਮੰਗ ਅਨੁਸਾਰ ਬਣਾਏ ਜਾਣਗੇ ਜਿਸ 'ਚ ਫੁੱਟਬਾਲ, ਕ੍ਰਿਕਟ, ਹਾਕੀ, ਐਥਲੈਟਿਕਸ, ਵਾਲੀਬਾਲ, ਹੈਂਡਬਾਲ ਆਦਿ ਖੇਡਾਂ ਦੇ ਮੈਦਾਨ ਸ਼ਾਮਲ ਹੋਣਗੇ। ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ ਕਿਉਂਕਿ ਖੇਡਾਂ ਨਾਲ ਜੁੜ ਕੇ ਹੀ ਨੌਜਵਾਨ ਵਰਗ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿ ਸਕਦਾ ਹੈ। ਸਰਕਾਰੀ ਪ੍ਰਾਇਮਰੀ ਸਕੂਲ ਚੱਕਲਾਂ ਦਾ ਦੌਰਾ ਕਰਦਿਆਂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਤਿੰਨ ਸਾਲ ਪਹਿਲਾਂ, ਜਦੋਂ ਅਸੀਂ ਇਸ ਸਕੂਲ ਦਾ ਦੌਰਾ ਕੀਤਾ ਸੀ ਤਾਂ ਅਸੀਂ ਟੁੱਟੀਆਂ ਕੰਧਾਂ ਵਾਲੇ ਸਕੂਲ ਦੇਖੇ, ਨਾ ਬੈਂਚ, ਨਾ ਬਾਥਰੂਮ ਅਤੇ ਨਾ ਹੀ ਸਾਫ ਪੀਣ ਵਾਲਾ ਪਾਣੀ ਸੀ ਪਰ ਅੱਜ ਇਸ ਸਕੂਲ ਵਿੱਚ ਵੱਡੇ ਪੱਧਰ 'ਤੇ ਬਦਲਾਅ ਦੇਖਣ ਨੂੰ ਮਿਲਿਆ ਹੈ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਚੰਗੀ ਸਿਹਤ ਅਤੇ ਚੰਗੀ ਸਿੱਖਿਆ ਦੇਣ ਲਈ ਪੰਜਾਬ ਸਰਕਾਰ ਵੱਧ ਤੋਂ ਵੱਧ ਉਪਰਾਲੇ ਕਰ ਰਹੀ ਹੈ ਤਾਂ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ।

## ਹੈਰੋਇਨ ਸਮੇਤ ਦੋ ਕਾਬੂ

**ਫਿਲੌਰ, (ਨਿਰਮਲ)**-ਸਰਵਨ ਸਿੰਘ ਬੱਲ, ਪੀ ਪੀ ਐਸ ਉੱਪ ਪੁਲਸ ਕਪਤਾਨ, ਸਬ-ਡਵੀਜ਼ਨ ਫਿਲੌਰ ਜ਼ਿਲ੍ਹਾ ਜਲੰਧਰ ਦਿਹਾਤੀ ਨੇ ਦੱਸਿਆ ਕਿ ਇਸ: ਪਲਵਿੰਦਰ ਸਿੰਘ ਮੁੱਖ ਅਫਸਰ ਥਾਣਾ ਬਿਲਗਾ ਦੀ ਨਿਗਰਾਨੀ ਹੇਠ ਐਸ ਆਈ ਕੁਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਥਾਣਾ ਬਿਲਗਾ ਤੋਂ ਮੁਆਈ, ਕੰਦੋਲਾ ਖੁਰਦ, ਫਰਵਾਲਾ ਆਦਿ ਪਿੰਡਾਂ ਨੂੰ ਜਾ ਰਹੇ ਸੀ ਤਾਂ ਪਿੰਡ ਮੁਆਈ ਤੋਂ ਥੋੜਾ ਅੱਗੇ ਪੁੱਲ ਨਹਿਰ ਖੱਬੇ ਹੱਥ ਪਿੰਡ ਕੰਦੋਲਾ ਖੁਰਦ ਸਾਈਡ ਮੁੜੇ ਤਾਂ ਇੱਕ ਔਰਤ ਕੁਲਵਿੰਦਰ ਕੌਰ ਪਤਨੀ ਲੇਟ ਮੇਜਰ ਸਿੰਘ ਵਾਸੀ ਪਿੰਡ ਕੰਦੋਲਾ ਖੁਰਦ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਨੂੰ ਕਾਬੂ ਕਰਕੇ ਉਸ ਪਾਸੋਂ ਹੈਰੋਇਨ ਵਜ਼ਨੀ 90 ਗ੍ਰਾਮ ਸਮੇਤ ਡਰੱਗ ਮਨੀ 9300 ਰੁਪਏ ਭਾਰਤੀ ਕਰੰਸੀ ਅਤੇ ਵਿਅਕਤੀ ਲਖਵੀਰ ਉਰਫ ਗੋਰਾ ਪੁੱਤਰ ਮੋਹਣ ਸਿੰਘ ਵਾਸੀ ਪਿੰਡ ਕੰਦੋਲਾ ਖੁਰਦ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਨੂੰ ਕਾਬੂ ਕਰਕੇ ਇਸ ਪਾਸੋਂ ਹੈਰੋਇਨ ਵਜ਼ਨੀ 22 ਗ੍ਰਾਮ ਬ੍ਰਾਮਦ ਕਰਕੇ ਮੁਕੱਦਮਾ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੌਰਾਨੇ ਤਫਤੀਸ਼ ਕੁਲਵਿੰਦਰ ਕੌਰ ਅਤੇ ਲਖਵੀਰ ਉਰਫ ਗੋਰਾ ਉਕਤ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ।ਜਿਨ੍ਹਾਂ ਪਾਸੋਂ ਡੂੰਘਾਈ ਨਾਲ ਪੁੱਛ-ਗਿੱਛ ਜਾਰੀ ਹੈ।



## ਪ ਸ ਸ ਫ (ਵਿਗਿਆਨਿਕ) ਵੱਲੋਂ 18 ਦੀ ਕਨਵੈਨਸ਼ਨ ਲਈ ਪੋਸਟਰ ਜਾਰੀ

**ਮਹਿਤਪੁਰ (ਰਾਜਾ)** ਪ ਸ ਸ ਫ. (ਵਿਗਿਆਨਿਕ) ਦੀ ਵਿਸ਼ੇਸ਼ ਮੀਟਿੰਗ ਗਗਨਦੀਪ ਸਿੰਘ ਭੁੱਲਰ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ 18 ਅਪ੍ਰੈਲ ਨੂੰ ਬਰਨਾਲਾ ਵਿਖੇ ਫੈਡਰੇਸ਼ਨ ਵੱਲੋਂ ਕਰਵਾਈ ਜਾ ਰਹੀ ਸੂਬਾਈ ਕਨਵੈਨਸ਼ਨ ਲਈ ਪੋਸਟਰ ਜਾਰੀ ਕੀਤਾ ਗਿਆ।ਮੀਟਿੰਗ ਵਿੱਚ ਫੈਡਰੇਸ਼ਨ ਦੇ ਸੂਬਾਈ ਆਗੂ ਨਵਪ੍ਰੀਤ ਬੱਲੀ, ਗੁਲਜਾਰ ਖਾਨ, ਰਵਿੰਦਰ ਲੂਥਰਾ, ਕੁਲਵੀਰ ਸਿੰਘ ਮੋਗਾ, ਜਸਵਿੰਦਰ ਤਰਨਤਾਰਨ, ਸੁਖਵਿੰਦਰ ਸਿੰਘ ਦੋਦਾ ਮੁਕਤਸਰ, ਹਰਮਿੰਦਰ ਪਾਲ, ਕਮਲਜੀਤ ਅੰਮ੍ਰਿਤਸਰ, ਅਮਨਦੀਪ ਬਾਗਪੁਰੀ, ਕਰਮਦੀਨ ਮਲੇਰਕੋਟਲਾ, ਸੁਨੀਲ ਕੁਮਾਰ ਰੋਪੜ ਅਤੇ ਹੋਰ ਆਗੂ ਇਸ ਮੀਟਿੰਗ ਵਿੱਚ ਸ਼ਾਮਿਲ ਹੋਏ। ਮੀਟਿੰਗ ਵਿੱਚ ਫੈਡਰੇਸ਼ਨ ਦੇ ਆਗੂਆਂ ਨੇ ਸਮੁੱਚੇ ਮੁਲਾਜ਼ਮਾਂ ਦੀਆਂ ਮੰਗਾਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ।ਆਗੂਆਂ ਨੇ ਸਰਕਾਰ ਨੂੰ ਯਾਦ ਦੁਆਇਆ ਕਿ ਚੋਣਾਂ ਵੇਲੇ ਮੁਲਾਜ਼ਮਾਂ ਅਤੇ ਪੈਨਸ਼ਨਰ ਨਾਲ ਕੀਤੇ ਵਾਇਦੇ ਪੂਰੇ ਕੀਤੇ ਜਾਣ। ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕੀਤੀ ਜਾਵੇ।ਮੀਟਿੰਗ ਵਿੱਚ ਸੀਟੂ ਦੇ ਪ੍ਰਧਾਨ ਮਹਾਂ ਸਿੰਘ ਰੋੜੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਉਹਨਾਂ ਨੇ 18 ਅਪ੍ਰੈਲ ਫੈਡਰੇਸ਼ਨ ਦੀ ਸੂਬਾਈ ਕਨਵੈਨਸ਼ਨ ਲਈ ਮੁਲਾਜ਼ਮਾਂ ਨੂੰ ਸ਼ਾਮਲ ਹੋਣ ਲਈ ਅਤੇ 20 ਮਈ ਦੀ ਦੇਸ਼ ਵਿਆਪੀ ਹੜਤਾਲ ਲਈ ਲਈ ਸਾਰੀਆਂ ਹੀ ਟ੍ਰੇਡ ਯੂਨੀਅਨ ਨੂੰ ਵੱਡੀ ਗਿਣਤੀ ਵਿੱਚ ਉਸ ਹੜਤਾਲ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

# ਪੰਜਾਬ ਦੇ 'ਸਕੂਲ ਮੈਂਟਰਸ਼ਿਪ ਪ੍ਰੋਗਰਾਮ' ਨੂੰ ਮਿਲਿਆ ਭਰਵਾਂ ਹੁੰਗਾਰਾ : ਬੈਂਸ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਥੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ 'ਸਕੂਲ ਮੈਂਟਰਸ਼ਿਪ ਪ੍ਰੋਗਰਾਮ' ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। 4 ਅਪ੍ਰੈਲ ਨੂੰ ਸ਼ੁਰੂ ਕੀਤੇ ਗਏ ਇਸ ਪ੍ਰੋਗਰਾਮ ਦੇ ਮਹਿਜ ਤਿੰਨ ਦਿਨਾਂ ਦੇ ਅੰਦਰ ਹੀ 100 ਆਈ ਏ ਐਸ, ਆਈ ਪੀ ਐਸ ਅਤੇ ਪੀ ਸੀ ਐਸ ਸਮੇਤ ਹੋਰ ਅਫਸਰਾਂ ਨੇ ਸਕੂਲਾਂ ਲਈ ਆਪਣੀਆਂ ਸੇਵਾਵਾਂ ਦੇਣ ਵਾਸਤੇ ਅਪਲਾਈ ਕੀਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਆਪਣੀ ਕਿਸਮ ਦਾ ਪਹਿਲਾ "ਸਕੂਲ ਮੈਂਟਰਸ਼ਿਪ ਪ੍ਰੋਗਰਾਮ" ਸ਼ੁਰੂ ਕੀਤਾ ਹੈ, ਜਿਸ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਜੀਵਨ ਵਿੱਚ ਉੱਚੇ ਟੀਚੇ ਮਿੱਥਣ ਲਈ ਪ੍ਰੇਰਿਤ ਕਰਨ ਅਤੇ ਮਾਰਗਦਰਸ਼ਨ ਕਰਨ ਵਾਸਤੇ ਉੱਚ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਵਿਭਾਗ ਕੋਲ ਆਏ ਬਿਨੈ-ਪੱਤਰਾਂ ਦੇ ਵਿਸਥਾਰਤ ਵਿਸਲੇਸਣ ਤੋਂ ਪਤਾ ਲੱਗਾ ਹੈ ਕਿ ਅੱਧੇ ਤੋਂ ਵੱਧ ਬਿਨੈ-ਪੱਤਰ ਨੌਜਵਾਨ ਅਧਿਕਾਰੀਆਂ ਦੇ ਹਨ, ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ 2015 ਤੋਂ 2024 ਦਰਮਿਆਨ ਲੋਕ ਸੇਵਾ ਵਿੱਚ ਆਏ ਅਧਿਕਾਰੀ ਸ਼ਾਮਲ ਹਨ। ਵਿਭਾਗ ਕੋਲ ਆਏ 100 ਬਿਨੈ-ਪੱਤਰਾਂ ਵਿੱਚੋਂ 41 ਆਈ.ਏ.ਐਸ. ਅਧਿਕਾਰੀਆਂ ਦੇ ਹਨ, ਜਿਨ੍ਹਾਂ ਵਿੱਚੋਂ 2005 ਤੋਂ ਪਹਿਲਾਂ ਦੇ ਬੈਚਾਂ ਦੇ ਸੱਤ, 2005-2015 ਬੈਚਾਂ ਦੇ 14 ਅਤੇ 2016 ਤੋਂ ਬਾਅਦ ਦੇ ਬੈਚਾਂ ਦੇ 20 ਅਧਿਕਾਰੀ ਸ਼ਾਮਲ ਹਨ। ਇਸੇ ਤਰ੍ਹਾਂ ਇਸ ਪਹਿਲਕਦਮੀ ਵਿੱਚ 48 ਆਈ.ਪੀ.ਐਸ. ਅਧਿਕਾਰੀ ਸਾਮਲ ਹੋਏ ਹਨ, ਜਿਨ੍ਹਾਂ ਵਿੱਚ 2005 ਤੋਂ ਪਹਿਲਾਂ ਦੇ ਬੈਚਾਂ ਦੇ ਨੌਂ, 2005-2015 ਬੈਚਾਂ ਦੇ 16 ਅਤੇ 2016 ਤੋਂ ਬਾਅਦ ਦੇ ਬੈਚਾਂ ਦੇ 23 ਅਧਿਕਾਰੀ ਸ਼ਾਮਲ ਹਨ। ਇਸ ਤੋਂ ਇਲਾਵਾ 3 ਪੀ.ਸੀ.ਐਸ. ਅਧਿਕਾਰੀਆਂ ਅਤੇ 8 ਹੋਰ ਅਧਿਕਾਰੀਆਂ ਨੇ ਵੀ ਇਸ ਵਿਸ਼ੇਸ਼ ਪਹਿਲ 'ਚ ਦਿਲਚਸਪੀ ਦਿਖਾਈ ਹੈ। ਹਰਜੋਤ ਸਿੰਘ ਬੈਂਸ ਨੇ ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਅਧਿਕਾਰੀਆਂ ਦੀ ਸ਼ਮੂਲੀਅਤ 'ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਪਠਾਨਕੋਟ, ਤਰਨ ਤਾਰਨ ਅਤੇ ਫਿਰੋਜ਼ਪੁਰ ਸਮੇਤ ਸਰਹੱਦੀ, ਦੂਰ-ਦੁਰਾਡੇ ਅਤੇ ਚੁਣੌਤੀਪੂਰਨ ਖੇਤਰਾਂ ਵਿੱਚ ਸਥਿਤ ਸਕੂਲਾਂ ਲਈ ਵੀ ਅਧਿਕਾਰੀਆਂ ਨੇ ਭਰਪੂਰ ਦਿਲਚਸਪੀ ਦਿਖਾਈ ਹੈ।

## ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ

**ਮਾਹਿਲਪੁਰ (ਸ.ਫਰੀ)**-ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ 'ਤੇ ਪਿੰਡ ਦੋਹਲਰੋਂ ਦੇ ਲੰਗਰ ਹਾਲ ਵਿਚੋਂ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ।ਥਾਣਾ ਮਾਹਿਲਪੁਰ ਦੀ ਪੁਲਿਸ ਲੱਭ ਰਹੀ ਹੈ ਲਾਸ਼ ਦੇ ਵਾਰਸ।ਮੌਕੇ ਤੋਂ ਮਿਲੇ ਵੇਰਵੇ ਅਨੁਸਾਰ ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡ ਦੋਹਲਰੋਂ ਵਿਚ ਬਣੇ ਟੀਨਾਂ ਲੰਗਰ ਹਾਲ ਜੋ ਮੇਨ ਸੜਕ ਦੇ ਨਜ਼ਦੀਕ ਹੈ, ਵਿਚੋਂ ਇਕ ਅਣਪਛਾਤੇ ਚਾਲ਼ੀ ਕੋ ਸਾਲਾ ਵਿਅਕਤੀ ਦੀ ਲਾਸ਼ ਮਿਲੀ ਹੈ।ਮੌਕੇ 'ਤੇ ਪਹੁੰਚੇ ਤਫਤੀਸ਼ੀ ਅਫਸਰ ਏ ਐਸ ਆਈ ਦਿਲਬਾਗ ਸਿੰਘ ਨੇ ਦੱਸਿਆ ਕਿ ਥੋਹੜਾ ਸਮਾਂ ਪਹਿਲਾਂ ਮਾਹਿਲਪੁਰ ਦੇ ਸੀ ਆਈ ਡੀ ਮੁਲਾਜ਼ਮ ਨੇ ਫੋਨ 'ਤੇ ਸਾਨੂੰ ਇਸ ਬਾਰੇ ਦੱਸਿਆ, ਅਸੀਂ ਤੁਰੰਤ ਘਟਨਾ ਸਥਾਨ 'ਤੇ ਪਹੁੰਚੇ ਤੇ ਦੇਖਿਆ ਕਿ ਇਕ ਚਾਲ਼ੀ ਕੋ ਸਾਲ ਦਾ ਵਿਅਕਤੀ ਜੋ ਮਰਿਆ ਹੋਇਆ ਸੀ, ਦੇਖਣ ਨੂੰ ਪ੍ਰਵਾਸੀ ਲਗਦਾ ਹੈ।ਉਹਨਾਂ ਕਿਹਾ ਕਿ ਇਸੇ ਸੜਕ ਨਜ਼ਦੀਕ ਇਕ ਗੰਨੇ ਦੇ ਰਸ ਦੀ ਰੇਹੜੀ ਵਾਲੇ ਨੇ ਦੱਸਿਆ ਕਿ ਇਹ ਵਿਅਕਤੀ ਕੋਈ ਚਾਰ ਕੁ ਦਿਨਾਂ ਤੋਂ ਇਥੇ ਹੀ ਰਾਤ ਗੁਜ਼ਰਦਾ ਸੀ ਤੇ ਜਦੋਂ ਅੱਜ ਦੇਖਿਆ ਤਾਂ ਮਰਿਆ ਤਾਂ ਪਿਆ ਸੀ।ਏ ਐਸ ਆਈ ਦਿਲਬਾਗ ਸਿੰਘ ਨੇ ਲੋੜੀਂਦੀ ਕਾਰਵਾਈ ਕਰਦਿਆਂ ਕਿਹਾ ਕਿ ਲਾਸ਼ ਨੂੰ 72 ਘੰਟੇ ਲਈ ਪਛਾਣ ਵਾਸਤੇ ਸਿਵਲ ਹਸਪਤਾਲ ਗੜ੍ਹਸ਼ੰਕਰ ਦੇ ਮੁਰਦਾ ਘਰ ਵਿਚ ਰੱਖਿਆ ਗਿਆ ਹੈ, ਤਾਂ ਕਿ ਮ੍ਰਿਤਕ ਦੀ ਪਹਿਚਾਣ ਹੋ ਸਕੇ।



# ਇਫਟੂ ਜ਼ਿਲ੍ਹਾ ਪੱਧਰ 'ਤੇ ਮਨਾਏਗੀ ਕੌਮਾਂਤਰੀ ਮਜ਼ਦੂਰ ਦਿਵਸ : ਰੱਕੜ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼(ਇਫਟੂ) ਵਲੋਂ ਪਹਿਲੀ ਮਈ ਨੂੰ ਕੌਮਾਂਤਰੀ ਮਜਦੂਰ ਦਿਵਸ ਵਿਸ਼ਵਕਰਮਾ ਮੰਦਰ, ਰਾਹੋਂ ਰੋਡ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰ ਉੱਤੇ ਮਨਾਇਆ ਜਾਵੇਗਾ, ਜਿਸ ਵਿੱਚ ਚਾਰ ਕਿਰਤ ਕੋਡ ਰੱਦ ਕਰਕੇ ਪਹਿਲੇ ਕਿਰਤ ਕਾਨੂੰਨਾਂ ਨੂੰ ਬਹਾਲ ਕਰਨ, ਠੇਕਾ ਵਰਕਰਾਂ, ਸਕੀਮ ਵਰਕਰਾਂ ਅਤੇ ਆਉਟਸੋਰਸਿੰਗ ਵਰਕਰਾਂ ਨੂੰ ਰੈਗੂਲਰ ਕਰਨ, ਪ੍ਰਵਾਸੀ ਮਜਦੂਰਾਂ ਨੂੰ ਕਿਸੇ ਵੀ ਦੇਸ਼ ਵਿੱਚ ਬਿਨਾਂ ਵੀਜ਼ਾ ਜਾਣ ਦੀ ਇਜਾਜ਼ਤ ਦੇਣ, ਅਮਰੀਕਾ ਸਮੇਤ ਕਿਸੇ ਵੀ ਦੇਸ਼ ਵਿੱਚੋਂ ਪ੍ਰਵਾਸੀ ਲੇਬਰ ਡਿਪੋਰਟ ਕਰਨਾ ਬੰਦ ਕਰਨ ਦੇ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਜਾਵੇਗਾ।ਇਥੇ ਹੋਈ ਮੀਟਿੰਗ 'ਚ ਇਫਟੂ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ ਅਤੇ ਸਕੱਤਰ ਪਰਵੀਨ ਕੁਮਾਰ ਨਿਰਾਲਾ ਨੇ ਦੱਸਿਆ ਕਿ ਮਈ ਦਿਵਸ ਦੀਆਂ ਤਿਆਰੀਆਂ ਨੂੰ ਲੈ ਕੇ 15 ਅਪ੍ਰੈਲ ਤੋਂ 30 ਅਪ੍ਰੈਲ ਤੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਜਿਸ ਤਹਿਤ ਮੀਟਿੰਗਾਂ, ਝੰਡਾ ਮਾਰਚ ਅਤੇ ਜਾਗੋ ਕੱਢੀਆਂ ਜਾਣਗੀਆਂ। ਮਈ ਦਿਵਸ 'ਤੇ ਕਾਨਫਰੰਸ ਕਰਨ ਤੋਂ ਬਾਅਦ ਸ਼ਹਿਰ ਵਿਚ ਵਿਸ਼ਾਲ ਮੁਜਾਹਰਾ ਵੀ ਕੀਤਾ ਜਾਵੇਗਾ।ਮੀਟਿੰਗ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾਈ ਸਹਾਕ ਸਕੱਤਰ ਅਵਤਾਰ ਸਿੰਘ ਤਾਰੀ,ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਸੰਬੋਧਨ ਕੀਤਾ।ਇਸ ਮੌਕੇ ਸ਼ਿਵ ਨੰਦਨ, ਬਬਲੂ ਕੁਮਾਰ ਸਲੋਹ, ਭਰਤ ਕੁਮਾਰ, ਜਗੀਰਾ ਬੈਂਸ, ਕਿਸ਼ੋਰ ਕੁਮਾਰ ਵੀ ਮੌਜੂਦ ਸਨ।

## ਰੋਸ਼ਨ ਗਰਾਊਂਡ ਤੋਂ ਪ੍ਰੈਸੀਡੈਂਸੀ ਹੋਟਲ ਤੱਕ ਦੇ ਮਾਰਗ ਦਾ ਨਾਂਅ 'ਸ੍ਰੀ ਗੁਰੂ ਰਾਮਦਾਸ ਜੀ ਮਾਰਗ' ਰੱਖਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣ)** ਮਾਡਲ ਟਾਊਨ ਦੇ ਰੋਸ਼ਨ ਗਰਾਊਂਡ ਤੋਂ ਲੈ ਕੇ ਪ੍ਰੈਸੀਡੈਂਸੀ ਹੋਟਲ ਤੱਕ ਦੇ ਮਾਰਗ ਦਾ ਸੁੰਦਰੀਕਰਨ ਕਰਕੇ ਆਧੁਨਿਕ ਪ੍ਰੋਜੈਕਟ ਨੂੰ ਅੰਜਾਮ ਦਿੱਤਾ ਗਿਆ ਹੈ।ਇਹ ਮਾਰਗ ਹੁਣ ਨਾ ਸਿਰਫ਼ ਆਵਾਜਾਈ ਦੀ ਨਜ਼ਰ ਤੋਂ ਸੰਵਿਧਾਜਨਕ ਬਣੇਗਾ, ਸਗੋਂ ਆਪਣੀ ਆਕਰਸ਼ਕ ਸਜਾਵਟ ਨਾਲ ਲੋਕਾਂ ਲਈ ਇੱਕ ਵਿਸ਼ੇਸ਼ ਖਿੱਚ ਦਾ ਕੇਂਦਰ ਵੀ ਰਹੇਗਾ।ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਜਾਣਕਾਰੀ ਦਿੱਤੀ ਕਿ ਇਸ ਮਾਰਗ ਦਾ ਨਾਮ ਸਿੱਖ ਧਰਮ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਦੇ ਨਾਮ 'ਤੇ ਸਮਰਪਿਤ ਕਰਕੇ 'ਸ੍ਰੀ ਗੁਰੂ ਰਾਮਦਾਸ ਜੀ ਮਾਰਗ' ਰੱਖਿਆ ਗਿਆ ਹੈ, ਜਿਸ ਨਾਲ ਇਸ ਪ੍ਰੋਜੈਕਟ ਨੂੰ ਅਧਿਆਤਮਿਕ ਅਤੇ ਸੱਭਿਆਚਾਰਕ ਪਛਾਣ ਮਿਲੀ ਹੈ।ਉਨ੍ਹਾਂ ਦੱਸਿਆ ਕਿ ਲੁਧਿਆਣਾ ਬੈਵਰੇਜ ਲਿਮਟਿਡ ਦੇ ਸਹਿਯੋਗ ਨਾਲ ਇਸ ਸੜਕ ਦਾ ਨਵੀਨੀਕਰਨ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਤਕਨੀਕ ਨਾਲ ਬਣੀਆਂ ਫੈਂਸੀ ਲਾਈਟਾਂ ਲਗਾਈਆਂ ਗਈਆਂ ਹਨ। ਇਹ ਲਾਈਟਾਂ ਨਾਲ ਮਾਰਗ ਰਾਤ ਸਮੇਂ ਵੀ ਪੂਰੀ ਤਰ੍ਹਾਂ ਜਗਮਗਾਉਂਦਾ ਨਜ਼ਰ ਆਵੇਗਾ, ਜਿਸ ਨਾਲ ਸਥਾਨਕ ਨਿਵਾਸੀਆਂ ਅਤੇ ਰਾਹਗੀਰਾਂ ਨੂੰ ਬਿਹਤਰ ਅਨੁਭਵ ਮਿਲੇਗਾ।



# ਖਾਲਸਾ ਕਾਲਜ ਡਮੇਲੀ ਦੀ ਫੁੱਟਬਾਲ ਟੀਮ ਨੇ ਮਾਰੀਆਂ ਮੱਲਾਂ

**ਫਗਵਾੜਾ (ਜਸਵਿੰਦਰ ਢੱਡਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡਮੇਲੀ ਦੇ ਵਿਦਿਆਰਥੀਆਂ ਦੀ ਫੁੱਟਬਾਲ ਟੀਮ ਨੇ ਪ੍ਰੋ. ਰਮਨਦੀਪ ਮੁਖੀ ਸਰੀਰਕ ਸਿੱਖਿਆ ਵਿਭਾਗ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਬੀ ਡਿਵੀਜ਼ਨ ਦੇ ਅੰਤਰ ਕਾਲਜ ਮੁਕਾਬਲਿਆਂ ਦੌਰਾਨ ਕਰਵਾਏ ਗਏ ਫੁੱਟਬਾਲ ਮੈਚਾਂ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਂਸੀ ਦਾ ਤਮਗਾ ਹਾਸਿਲ ਕੀਤਾ। ਕਾਲਜ ਪਹੁੰਚਣ 'ਤੇ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਤੇ ਸਮੂਹ ਸਟਾਫ਼ ਮੈਂਬਰਾਂ ਵੱਲੋਂ ਇਹਨਾਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਹਨਾਂ ਮੁਕਾਬਲਿਆਂ ਦੌਰਾਨ ਕਾਲਜ ਦੀ ਟੀਮ ਨੇ ਪਹਿਲੇ ਕੁਆਲੀਫਾਈ ਮੁਕਾਬਲੇ ਵਿੱਚ ਐਸ. ਜੀ.ਆਰ.ਡੀ. ਡਿਗਰੀ ਕਾਲਜ ਪੰਧੇਰ ਨੂੰ 6/ 0 ਦੇ ਮੁਕਾਬਲੇ ਨਾਲ ਹਰਾ ਕੇ ਜੇਤੂ ਰਹੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਹੋਣ ਵਾਲੇ ਲੀਗ ਮੁਕਾਬਲਿਆਂ ਲਈ ਕੁਆਲੀਫਾਈ ਕੀਤਾ। ਇਸ ਉਪਰੰਤ ਲੀਗ ਮੁਕਾਬਲਿਆਂ ਵਿੱਚ ਵੱਖ-ਵੱਖ ਟੀਮਾਂ ਨਾਲ ਮੈਚ ਖੇਡਦੇ ਹੋਏ ਕਾਂਸੀ ਦਾ ਤਮਗਾ ਹਾਸਿਲ ਕੀਤਾ। ਫੁੱਟਬਾਲ ਦੇ ਟੀਮ ਵਿੱਚ ਕੈਪਟਨ ਵਜੋਂ ਮਨਰਾਜ ਸਿੰਘ, ਮਨਿੰਦਰਜੀਤ ਸਿੰਘ, ਮਨਜਿੰਦਰ ਸਿੰਘ, ਕਰਨਵੀਰ ਸਿੰਘ, ਮਨਦੀਪ ਸਿੰਘ, ਜਸਕੀਰਤ ਸਿੰਘ, ਹਰਪ੍ਰੀਤ ਸਿੰਘ ਮੜਾਸ, ਦਿਲਦਾਰ ਸਿੰਘ, ਦੀਪਕ ਗੁਪਤਾ, ਦਵਿੰਦਰ ਸਿੰਘ, ਚੰਦਨ, ਚੈਨ ਸਿੰਘ, ਬਲਜੀਤ ਸਿੰਘ, ਆਕਾਸ਼, ਯੁਵਰਾਜ ਸਿੰਘ, ਨਵਜੋਤ ਸਿੰਘ , ਹਰਮਨਦੀਪ, ਮੁਰਾਰੀ ਪਾਸਵਾਨ ਦੁਆਰਾ ਭਾਗ ਲਿਆ ਗਿਆ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਜੀ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪ੍ਰੋ. ਰਮਨਦੀਪ, ਸਤਨਾਮ ਸਿੰਘ ਅਤੇ ਕੰਵਲਜੀਤ ਸਿੰਘ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



# ਵਿਧਾਇਕ ਰੰਧਾਵਾ ਨੇ ਵੱਖ-ਵੱਖ ਮੰਡੀਆਂ 'ਚ ਖਰੀਦ ਕਾਰਜਾਂ ਦੀ ਕਰਵਾਈ ਸ਼ੁਰੂਆਤ

**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਮੰਗਲਵਾਰ ਨੂੰ ਡੇਰਾਬੱਸੀ ਸਬ ਡਿਵੀਜ਼ਨ ਦੀ ਧਨੌਨੀ, ਅਮਲਾਲਾ, ਜੜੌਤ, ਤਸਿੰਬਲੀ, ਸਮਗੌਲੀ ਮੰਡੀ ਵਿੱਚ ਖਰੀਦ ਕਾਰਜਾਂ ਦੀ ਸ਼ੁਰੂਆਤ ਕਰਵਾਈ। ਕਿਸਾਨਾਂ ਨੂੰ ਕਣਕ ਦੀ ਫਸਲ ਦੀ ਖਰੀਦ ਲਈ ਲੋੜੀਂਦੇ ਸਾਰੇ ਪ੍ਰਬੰਧਾਂ ਦਾ ਭਰੋਸਾ ਦਿਵਾਉਂਦੇ ਹੋਏ ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ, ਮੰਡੀ ਵਿੱਚ ਲਿਆਂਦੀਆਂ ਸੁੱਕੀਆਂ ਫਸਲਾਂ ਦੀ ਤੁਰੰਤ ਖਰੀਦ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਨੇ ਵੱਖ ਵੱਖ ਪਿੰਡਾਂ ਦੇ ਕਿਸਾਨਾਂ ਦੀ ਢੇਰੀ ਦੀ ਪਹਿਲੀ ਆਮਦ ਨਾਲ ਖਰੀਦ ਕਾਰਜ ਦਾ ਰਸਮੀ ਉਦਘਾਟਨ ਕੀਤਾ।ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕੀ ਫ਼ਸਲ ਲਿਆਉਣ ਦੀ ਅਪੀਲ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਇਸ ਨਾਲ ਖਰੀਦ ਏਜੰਸੀਆਂ ਨੂੰ ਵੀ ਖਰੀਦ ਵਿੱਚ ਤੇਜ਼ੀ ਲਿਆਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਡੇਰਾਬੱਸੀ ਹਲਕੇ ਵਿੱਚ ਕੁੱਲ 07 ਖਰੀਦ ਕੇਂਦਰ ਹਨ ਅਤੇ ਲਾਲੜੂ ਮੰਡੀ ਵਿੱਚ ਉਹ ਪਹਿਲਾ ਹੀ ਖਰੀਦ ਸ਼ੁਰੂ ਕਰਵਾ ਚੁੱਕੇ ਹਨ ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਾਰੀਆਂ ਖਰੀਦ ਏਜੰਸੀਆਂ ਨੂੰ ਕਣਕ ਦੀ ਫਸਲ ਤੁਰੰਤ ਖਰੀਦਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਮੰਡੀਆਂ ਵਿੱਚ ਆਪਣੀ ਉਪਜ ਵੇਚਣ ਲਈ ਆਉਣ ਵਾਲੇ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਾ ਆਵੇ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤਾਂ ਵਿੱਚ ਰਹਿੰਦ ਖੂਹੰਦ ਨੂੰ ਅੱਗ ਨਾ ਲਗਾਉਣ ਜੋ ਵਾਤਾਵਰਣ ਅਤੇ ਮਨੁੱਖਤਾ ਦੇ ਹਿੱਤ ਵਿੱਚ ਨਹੀਂ ਹੈ, ਸਗੋਂ ਨੇੜਲੀ ਸੋਸਾਇਟੀ ਜਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਤੋਂ ਨਾੜ (ਫਸਲਾਂ ਦੀ ਰਹਿੰਦ-ਖੂੰਹਦ) ਦੇ ਪ੍ਰਬੰਧਨ ਲਈ ਫਸਲਾਂ ਦੀ ਰਹਿੰਦ-ਖੂੰਹਦ ਮਸ਼ੀਨਰੀ ਮੰਗਵਾਉਣ। ਉਨ੍ਹਾਂ ਕਿਸਾਨਾਂ ਅਤੇ ਵਾਢੀ ਕਰਨ ਵਾਲੇ ਕੰਬਾਈਨ ਓਪਰੇਟਰਾਂ ਨੂੰ ਕਣਕ ਦੀ ਫ਼ਸਲ ਦੀ ਕਟਾਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕਰਨ ਦੀ ਅਪੀਲ ਕੀਤੀ ਤਾਂ ਜੋ ਫ਼ਸਲ ਵਿੱਚ ਨਮੀ ਦੀ ਵਧੀਕ ਮਾਤਰਾ ਤੋਂ ਬਚਿਆ ਜਾ ਸਕੇ।ਇਸ ਮੌਕੇ ਉਨ੍ਹਾਂ ਦੇ ਨਾਲ ਡੇਰਾਬੱਸੀ ਮਾਰਕੀਟ ਕਮੇਟੀ ਦੇ ਚੇਅਰਮੈਨ ਕੁਲਦੀਪ ਸਿੰਘ ਚੌਧਰੀ , ਡੀ ਐਫ ਐਸ ਸੀ ਮੋਹਾਲੀ ਨਵਰੀਤ ਕੌਰ, ਡੀ ਐਫ ਐਸ ਓ ਮੋਹਾਲੀ,ਸਕੱਤਰ ਮਾਰਕੀਟ ਕਮੇਟੀਅਤੇ ਇਲਾਕੇ ਦੇ ਆੜ੍ਹਤੀ, ਕਿਸਾਨ , ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ,ਸਰਪੰਚ ਤੇ ਟੀਮ ਵੀ ਮੌਜੂਦ ਰਹੀ।



## ਬੇਕਾਬੂ ਬੱਸ ਡਿਵਾਈਡਰ 'ਤੇ ਚੜ੍ਹੀ

**ਬਲਾਚੌਰ (ਜਸਵਿੰਦਰ ਬੈਂਸ)**- ਰੋਪੜ ਬਲਾਚੌਰ ਨੈਸ਼ਨਲ ਹਾਈਵੇ 'ਤੇ ਨੇੜੇ ਤਾਜੋਵਾਲ ਅੱਡੇ 'ਤੇ ਰੋਡਵੇਜ਼ ਦੀ ਬੱਸ ਬੈਕਾਬੂ ਹੋ ਕੇ ਡਵਾਇਡਰ 'ਤੇ ਚੜ੍ਹਨ ਦਾ ਸਮਾਚਾਰ ਪ੍ਰਾਪਤ ਹੋਇਆ। ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਹਨਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਇੱਕ ਪੰਜਾਬ ਰੋਡਵੇਜ਼ ਬੱਸ ਪੀ ਬੀ 07ਬੀ ਕਿਉ 1254 ਜਿਸ ਨੂੰ ਡਰਾਈਵਰ ਬਲਜਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਪਿੰਡ ਭੈੜੀ ਮਾਨਸਾ ਤਹਿਸੀਲ ਅਮਰਗੜ੍ਹ ਜਿਲ੍ਹਾ ਮਲੇਰਕੋਟਲਾ ਚਲਾ ਰਿਹਾ ਸੀ ਇਸ ਦੇ ਨਾਲ ਕੰਡਕਟਰ ਅਮਨਦੀਪ ਸਿੰਘ ਪੁੱਤਰ ਬਿੱਕਰ ਸਿੰਘ ਪਿੰਡ ਗੋਰਾ ਤਹਿਸੀਲ ਅਮਰਗੜ੍ਹ ਜ਼ਿਲਾਂ ਮਲੇਰਕੋਟਲਾ ਜਲੰਧਰ ਤੋਂ ਸਵਾਰੀਆ ਲੈਕੇ ਚੰਡੀਗੜ੍ਹ ਜਾ ਰਹੇ ਸੀ ਪਿੰਡ ਤਾਜੋਵਾਲ ਤਹਿਸੀਲ ਬਲਾਚੌਰ ਨੇੜੇ ਪਹੁੰਚੇ ਤਾਂ ਅਚਾਨਕ ਬੱਸ ਦਾ ਸੰਤੁਲਿਨ ਵਿਗੜ ਗਿਆ, ਜਿਸ ਕਾਰਨ ਬੱਸ ਡਿਵਾਈਡਰ 'ਤੇ ਜਾ ਚੜ੍ਹੀ ਇਸ ਬੱਸ ਦੇ ਵਿੱਚ 15 ਦੇ ਕਰੀਬ ਸਵਾਰੀਆਂ ਸਨ ਜੋ ਕਿ ਵਾਲ ਵਾਲ ਬਚ ਗਈਆਂ। ਬੱਸ ਨੂੰ ਨੈਸ਼ਨਲ ਹਾਈਵੇ ਦੀ ਰਿਕਵਰੀ ਦੀ ਮੱਦਦ ਨਾਲ ਬੱਸ ਨੂੰ ਸਾਈਡ 'ਤੇ ਕਰਵਾ ਕੇ ਰੋਡ ਨੂੰ ਆਵਾਜਾਈ ਲਈ ਸੰਚਾਰੂ ਢੰਗ ਕਲੀਅਰ ਕਰਵਾ ਕੇ ਟ੍ਰੈਫਿਕ ਸੰਤ ਢੰਗ ਨਾਲ ਚਲਾਇਆ ਗਿਆ।



## ਪਸ਼ੂ ਪਾਲਣ ਵਿਭਾਗ 'ਚ ਐਸ ਕੈਡ ਸਕੀਮ ਅਧੀਨ ਡੀਵਾਰਮਿੰਗ ਕੰਪੇਨ ਦਾ ਕੰਮ ਪੂਰੇ ਜ਼ੋਰਾਂ 'ਤੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪਸ਼ੂ ਪਾਲਣ ਵਿਭਾਗ ਵਿੱਚ ਐਸ ਕੈਡ ਸਕੀਮ ਅਧੀਨ ਸ਼ੁਰੂ ਕੀਤੀ ਡੀ ਵਾਰਮਿੰਗ ਕਪੇਨ ਦਾ ਕੰਮ ਮਾਣਯੋਗ ਕੈਬਨਟ ਮੰਤਰੀ ਗੁਰਮੀਤ ਸਿੰਘ ਖੁਡੀਆਂ ਅਤੇ ਮਾਨਯੋਗ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਆਈ ਏ ਐਸ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ।ਇਸ ਸਕੀਮ ਤਹਿਤ ਪੰਜਾਬ ਦੇ ਸਾਰੇ ਜਿਲ੍ਹਿਆਂ ਨੂੰ ਡਿਵੋਰਮਿੰਗ ਵਿੱਚ ਵਰਤੀ ਜਾਂਦੀ ਦਵਾਈ ਦੀ ਸਪਲਾਈ ਹੋ ਚੁੱਕੀ ਹੈ, ਜਿਲ੍ਹਾ ਹੁਸ਼ਿਆਰਪੁਰ 'ਚ ਕਪੇਨ ਦਾ ਕੰਮ ਡਾਕਟਰ ਚਮਨ ਲਾਲ ਡਿਪਟੀ ਡਾਇਰੈਕਟਰ ਦੀ ਰਹਿਨੁਮਾਈ ਹੇਠ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ। ਡਾਕਟਰ ਚਮਨ ਲਾਲ ਨੇ ਪਸ਼ੂ ਪਾਲਕ ਵੀਰਾਂ ਅਪੀਲ ਨੂੰ ਕੀਤੀ ਹੈ ਕਿ ਜ਼ਿਲ੍ਹੇ ਵਿੱਚ 2 ਲੱਖ ਤੋਂ ਵੱਧ ਪਸ਼ੂਆਂ ਦੀ ਡੀ ਵਾਰਮਿੰਗ ਲਈ ਵਰਤੀ ਜਾਣ ਵਾਲੀ ਦਵਾਈ ਬਿਲਕੁਲ ਫਰੀ ਦਿੱਤੀ ਜਾਣੀ ਹੈ।ਕਿਸਾਨ ਵੀਰ ਇਸ ਦਾ ਪੂਰਾ ਪੂਰਾ ਫਾਇਦਾ ਲੈਣ ਅਤੇ 15 ਅਪ੍ਰੈਲ ਤੋਂ ਮੂੰਹ ਖੁਰ ਦੀ ਵੈਕਸੀਨੇਸ਼ਨ ਦਾ ਕੰਮ ਵੀ ਸ਼ੁਰੂ ਹੋ ਜਾਣਾ ਹੈ ਜੋ ਕਿ ਸਮਾਂ ਵੱਧ ਹੈ, ਇਹ ਵੈਕਸੀਨ ਵੀ ਜਿਲੇ ਦੇ ਸਾਰੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਸਪਲਾਈ ਹੋ ਚੁੱਕੀ ਹੈ।

# ਡਾ. ਰਾਜ ਕੁਮਾਰ ਚੱਬੇਵਾਲ ਨੇ ਸਕੂਲਾਂ 'ਚ 30 ਲੱਖ ਰੁਪਏ ਦੇ ਕੰਮਾਂ ਦਾ ਕੀਤਾ ਉਦਘਾਟਨ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**

ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਸਿੱਖਿਆ ਕ੍ਰਾਂਤੀ' ਤਹਿਤ ਹਲਕਾ ਚੱਬੇਵਾਲ ਵਿਖੇ ਤਿੰਨ ਸਕੂਲਾਂ 'ਚ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਰਾਜ ਸਰਕਾਰ ਸਿੱਖਿਆ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਪੂਰੀ ਤਰ੍ਹਾਂ ਸੁਹਿਰਦ ਅਤੇ ਵਚਨਬੱਧ ਹੈ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾੜੀਆਂ ਕਲਾਂ ਵਿਖੇ 18.72 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਬਾੜੀਆਂ ਕਲਾਂ ਵਿਖੇ 9.1 ਲੱਖ ਰੁਪਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭੂੰਨੋ ਵਿਖੇ 2.5 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉਦਘਾਟਨ ਅਤੇ ਵਿਦਿਆਰਥੀਆਂ ਨੂੰ ਸਾਈਕਲ ਵੰਡਣ ਮੌਕੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਰਾਜ ਵਿਚ ਸਿੱਖਿਆ ਦੇ ਖੇਤਰ ਨੂੰ ਬਣਦੀ ਤਰਜ਼ੀਹ ਪਹਿਲੀ ਵਾਰ ਦਿੱਤੀ ਗਈ ਹੈ ਜਿਸ ਦਾ ਸਿਹਰਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਨੂੰ ਜਾਂਦਾ ਹੈ।ਉਨ੍ਹਾਂ ਕਿਹਾ ਕਿ ਹਲਕਾ ਚੱਬੇਵਾਲ ਵਿਚ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਵੱਡੇ ਸੁਧਾਰ ਕੀਤੇ ਗਏ ਹਨ ਅਤੇ ਭਵਿੱਖ ਵਿਚ ਵੀ ਇਹ ਸੁਧਾਰ ਜਾਰੀ ਰਹਿਣਗੇ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਵਿਦਿਆਰਥੀ, ਮਾਪੇ ਅਤੇ ਹੋਰ ਸ਼ਖਸੀਅਤਾਂ ਮੌਜੂਦ ਸਨ।

# ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕਤਾ ਇੱਕ ਅਹਿਮ ਉਪਾਅ : ਡਾ. ਕੁਲਵਿੰਦਰ ਮਾਨ



**ਬਲਾਚੌਰ ( ਜਸਵਿੰਦਰ ਬੈਂਸ)**- ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਯੋਗ ਰਹਿਨੁਮਾਈ ਹੇਠ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਵਿਖੇ 'ਵਿਸ਼ਵ ਸਿਹਤ ਦਿਵਸ' ਮਨਾਇਆ ਗਿਆ।ਇਸ ਮੌਕੇ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੁਆਰਾ ਵਿਸ਼ਵ ਸਿਹਤ ਦਿਵਸ ਮਨਾਉਣ ਦੀ ਸ਼ੁਰੂਆਤ ਸਾਲ 1950 'ਚ ਕੀਤੀ ਗਈ ਸੀ ਅਤੇ ਇਹ ਹਰ ਸਾਲ 7 ਅਪ੍ਰੈਲ ਨੂੰ ਵਿਸ਼ਵ ਭਰ 'ਚ ਮਨਾਇਆ ਜਾਂਦਾ ਹੈ। ਡਾ. ਕੁਲਵਿੰਦਰ ਮਾਨ ਨੇ ਅੱਗੇ ਦੱਸਿਆ ਕਿ ਸਿਹਤ ਵਿਭਾਗ ਨੇ ਵਿਸ਼ਵ ਸਿਹਤ ਦਿਵਸ 2025 ਦੇ ਥੀਮ 'ਸਿਹਤਮੰਦ ਸ਼ੁਰੂਆਤ, ਆਸ਼ਾਵਾਦੀ ਭਵਿੱਖ' ਦੇ ਅਨੁਸਾਰ, ਇਹ ਯਕੀਨੀ ਬਣਾਇਆ ਹੈ ਕਿ ਹਰ ਮਾਂ ਅਤੇ ਹਰ ਬੱਚੇ ਸਮੇਤ ਆਮ ਲੋਕਾਂ ਦੇ ਜੀਵਨ ਦੀ ਸ਼ੁਰੂਆਤ ਤੋਂ ਹੀ ਮਿਆਰੀ ਸਿਹਤ ਸੇਵਾਵਾਂ ਤੱਕ ਪਹੁੰਚ ਹੋਵੇ।

# ਸ਼ਰਧਾ ਭਾਵਨਾ ਨਾਲ ਮਨਾਇਆ ਸ੍ਰੀ ਰਾਮ ਨੌਮੀ ਦਾ ਦਿਹਾੜਾ

**ਮਹਿਤਪੁਰ (ਰਾਜਾ)**

ਮਹਿਤਪੁਰ ਵਿਖੇ ਨਗਰ ਦੇ ਵੱਖ ਵੱਖ ਮੰਦਰਾਂ ਵਿਚ ਸ੍ਰੀ ਰਾਮ ਨੌਮੀ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਜਿਸ ਦਾ ਮੁੱਖ ਆਯੋਜਨ ਪ੍ਰਾਚੀਨ ਸ਼ਿਵ ਦੇ ਸ੍ਰੀ ਰਾਮ ਦਰਬਾਰ ਵਿਖੇ ਕੀਤਾ ਗਿਆ।ਜਿਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਰਾਮ ਚਰਿਤ ਮਾਨਸ ਪਾਠ ਦੇ ਭੋਗ ਪਾਏ ਗਏ ਉਪਰੰਤ ਇਸਤਰੀ ਸਤਿਸੰਗ ਸਭਾ ਵੱਲੋਂ ਪ੍ਰਭੂ ਸ੍ਰੀ ਰਾਮ ਜੀ ਦੇ ਸੁੰਦਰ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਸ਼ਿਵ ਮੰਦਰ ਕਮੇਟੀ ਵੱਲੋਂ ਕਰਵਾਏ ਗਏ ਇਸ ਧਾਰਮਿਕ ਸਮਾਗਮ ਵਿੱਚ ਇਲਾਕੇ ਭਰ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਦੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਭਗਵਾਨ ਸ਼੍ਰੀ ਰਾਮ ਚੰਦਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਅਸ਼ੋਕ ਸੂਦ, ਰਾਮਾ ਭੰਡਾਰੀ, ਟੋਨੀ ਅਨੇਜਾ, ਵਿਨੋਦ ਸ਼ਰਮਾ, ਅਸ਼ਵਨੀ ਸ਼ਰਮਾ, ਬਰਜੇਸ਼ ਮਹਿਤਾ, ਅਜੇ ਸੂਦ, ਕ੍ਰਿਸ਼ਨ ਲਾਲ ਧੀਰ, ਅਮਿਤ ਉੱਪਲ, ਕਨਵਰ ਸੰਧੂ, ਵਿਨੋਦ ਵਰਮਾ, ਯੋਗੇਸ਼ ਸ਼ਰਮਾ, ਸੋਮ ਨਾਥ, ਆਸੂ ਭੰਡਾਰੀ, ਮਨੋਜ ਚੋਪੜਾ, ਦੀਪਕ ਸੂਦ, ਜੋਨੀ ਵਰਮਾ, ਕਪਿਲ ਚੋਪੜਾ, ਅਨੁਪਮ ਸੂਦ, ਅਮਨ ਅਰੋੜਾ, ਵਿਨੋਦ ਬਠਲਾ, ਰਾਮ ਲੁਭਾਇਆ ਵਰਮਾ, ਕਾਕੂ ਧੀਰ, ਹੈਪੀ, ਸਾਹਿਲ ਸ਼ਰਮਾ ਆਦਿ ਨੇ ਸ੍ਰੀ ਰਾਮ ਨੌਮੀ ਪਰਵ ਮੌਕੇ ਸਹਿਯੋਗ ਦੇਣ ਲਈ ਸਮੂਹ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ।



## ਐੱਚ ਪੀ ਮਾਡਲ ਸਕੂਲ ਸੰਗੋਵਾਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ ਰਿਹਾ

**ਮਹਿਤਪੁਰ (ਰਾਜਾ)** ਐਚ. ਪੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਵਿੱਚੋਂ ਸਿਮਰਨਪ੍ਰੀਤ ਕੌਰ ਨੇ 600 ਵਿੱਚੋਂ 587 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇੱਥੇ ਇਹ ਦੱਸਣ ਯੋਗ ਹੈ ਇਹ ਇੱਕ ਅੰਕ ਘੱਟ ਹੋਣ ਕਾਰਨ ਮੈਰਿਟ ਲਿਸਟ ਵਿੱਚ ਨਹੀਂ ਆ ਸਕੀ ਇਹ ਏਕਮਪ੍ਰੀਤ ਕੌਰ 580 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਖੁਸਪ੍ਰੀਤ ਕੌਰ ਨੇ 570 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਰਮਨਦੀਪ ਕੌਰ ਅਤੇ ਦਿਲਸਾਨ 568 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਅਤੇ ਕਿਰਨਪ੍ਰੀਤ ਕੌਰ ਨੇ 566 ਅੰਕ ਪ੍ਰਾਪਤ ਕਰ ਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਸਕੂਲ ਦੀ ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੇ ਦੱਸਿਆ ਕਿ ਸਕੂਲ ਦੇ 43 ਬੱਚਿਆਂ ਨੇ ਅੱਠਵੀਂ ਦੀ ਪ੍ਰੀਖਿਆ ਦਿੱਤੀ ਸੀ ਜ਼ਿਲ੍ਹੇ ਵਿੱਚੋਂ ਅੱਠ ਬੱਚੇ 90% ਤੋਂ ਵੱਧ ਨੰਬਰ ਲੈ ਕੇ ਪਾਸ ਹੋਏ ਹਨ ਸਕੂਲ ਦੇ ਪ੍ਰੈਜੀਡੈਂਟ ਹਰਪ੍ਰੀਤ ਸਿੰਘ ਨੇ ਚੰਗੇ ਨੰਬਰ ਲੈ ਕੇ ਪਾਸ ਹੋਣ ਵਾਲੇ ਸਾਰੇ ਵਿਦਿਆਰਥੀ ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਇਸ ਸਮੇਂ ਸਕੂਲ ਮੈਨੇਜਮੈਂਟ ਤੋਂ ਅਮਨਦੀਪ ਸਿੰਘ, ਅਮਰਜੀਤ ਸਿੰਘ, ਸਰਬਜੀਤ ਸਿੰਘ ਪਰਮਿੰਦਰ ਸਿੰਘ ਰਾਜਦੀਪ ਕੌਰ, ਪ੍ਰਿਆ, ਸਤਿੰਦਰ ਕੌਰ, ਮਨਜੋਤ ਕੌਰ ਹਾਜ਼ਰ ਸਨ।



# ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਵਿਸ਼ੇ 'ਤੇ ਸੈਮੀਨਾਰ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਲਾਡੋਵਾਲੀ ਰੋਡ ਦੇ ਐਨ ਐਸ ਐਸ ਵਿਭਾਗ ਵੱਲੋਂ 'ਨਸ਼ਿਆਂ ਵਿਰੁੱਧ ਜਾਗਰੂਕਤਾ' ਵਿਸ਼ੇ 'ਤੇ ਇਕ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ।ਸੈਮੀਨਾਰ ਵਿੱਚ ਰਿਸ਼ਭ ਭੋਲਾ ਆਈ ਪੀ ਐਸ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ, ਜਦੋਂਕਿ ਨਾਮਵਰ ਸਮਾਜ ਸੇਵੀ ਰਾਜੂ ਸੋਨੀ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ।ਇਸ ਮੌਕੇ ਕਾਲਜ ਦੇ ਓ ਐਸ ਡੀ ਪ੍ਰੋ. ਕਮਲੇਸ਼ ਸਿੰਘ ਦੁੱਗਲ ਨੇ ਬਾਹਰੋਂ ਆਏ ਮਹਿਮਾਨਾਂ ਦਾ ਸਵਾਗਤ ਕਰਨ ਉਪਰੰਤ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਮੌਜੂਦਾ ਸਮੇਂ ਵਿਚ ਨਸ਼ਾ ਇਕ ਕੋਹੜ ਦੇ ਰੂਪ ਵਿੱਚ ਸਮਾਜ ਅੰਦਰ ਫੈਲ ਰਿਹਾ ਹੈ, ਜਿਸ ਨੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਕਲਾਵੇ ਅੰਦਰ ਲਿਆ ਹੋਇਆ ਹੈ। ਇਸ ਲਈ ਇਸ ਕੋਹੜ ਤੋਂ ਮੁਕਤੀ ਦਿਵਾਉਣ ਵਾਸਤੇ ਅਜਿਹੇ ਸੈਮੀਨਾਰ ਸਮੇਂ ਦੀ ਲੋੜ ਹੈ, ਤਾਂ ਜੋ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਵਾਇਆ ਜਾਵੇ।ਰਿਸ਼ਭ ਭੋਲਾ ਨੇ ਆਖਿਆ ਕਿ ਨਸ਼ੇ ਦਾ ਜ਼ਹਿਰ ਨੇ ਨੌਜਵਾਨ ਪੀੜ੍ਹੀ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ, ਜਿਸਦੇ ਦੂਰਗਾਮੀ ਪ੍ਰਭਾਵ ਬੜੇ ਨੁਕਸਾਨ ਦੇਹ ਹੋਣਗੇ। ਜਿਸਨੂੰ ਸਮਝਣ ਅਤੇ ਸਮਝਾਉਣ ਦੀ ਲੋੜ ਹੈ। ਇਸ ਮੌਕੇ ਕਾਲਜ ਦੇ ਐਨ ਐਸ ਐਸ ਵਿਭਾਗ ਦੇ ਇੰਚਾਰਜ ਡਾ. ਲਖਵੀਰ ਸਿੰਘ ਨੇ ਸੰਬੋਧਨ ਕਰਦਿਆਂ ਆਖਿਆ ਕਿ ਭਾਵੇਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਇਕ ਜੰਗ ਲੜੀ ਜਾ ਰਹੀ ਹੈ, ਪਰ ਇਸ ਦੇ ਬਾਵਜੂਦ ਅਜੇ ਵੀ ਇਹ ਚੱਲਣ ਅਜੇ ਵੀ ਬਾਦਸਤੂਰ ਜਾਰੀ ਹੈ, ਇਸ ਲਈ ਇਸ ਨੂੰ ਪੂਰੀ ਤਰ੍ਹਾਂ ਰੋਕਣ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਇਸਤੋਂ ਪੈਦਾ ਹੋਣ ਵਾਲੇ ਖਤਰਿਆਂ ਤੋਂ ਜਾਗਰੂਕ ਕਰਵਾਇਆ ਜਾਵੇ।ਇਸ ਕਰਕੇ ਅੱਜ ਵਿਭਾਗ ਵੱਲੋਂ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ।ਸੈਮੀਨਾਰ ਵਿੱਚ ਦਿਸ਼ਾ ਦੀਪ ਸੰਸਥਾ ਦੇ ਵਾਈਸ ਚੈਅਰਮੈਨ ਤਰਸੇਮ ਜਲੰਧਰੀ, ਇਸ ਸੰਸਥਾ ਤੋਂ ਲਾਇਨ ਐਸ ਐਮ ਸਿੰਘ, ਸਿਵਲ ਹਸਪਤਾਲ ਤੋਂ ਸੀਨੀਅਰ ਮੈਡੀਕਲ ਅਫ਼ਸਰ ਹਰਮਨ ਕਿਰਨਦੀਪ ਕੌਰ, ਕੈਪਟਨ ਜਸਵਿੰਦਰ ਸਿੰਘ, ਪ੍ਰਿੰਸ ਨਿੰਜਾ, ਰਾਜਵੀਰ ਸਿੰਘ ਅਤੇ ਸੁਰਿੰਦਰ ਭਾਰਤੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।




# ਵਿਦਿਆਰਥੀਆਂ ਲਈ ਵਿਅਕਤੀਗਤ ਗਾਈਡੈਂਸ ਪ੍ਰੋਗਰਾਮ ਕਰਵਾਇਆ

**ਬਲਾਚੌਰ (ਜਸਵਿੰਦਰ ਬੈਂਸ)** ਆਰ. ਸਿਟੀ ਪਬਲਿਕ ਸਕੂਲ, ਬਲਾਚੌਰ ਵਿਖੇ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਸ਼.ਭ.ਸ ਨਗਰ ਤੋਂ ਵਿਸ਼ਾਲ ਚਾਵਲਾ (ਕੈਰੀਅਰ ਕਾਉਂਸਲਰ, ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ, ਐਸ.ਬੀ.ਐਸ ਨਗਰ), ਵਰੁਣ ਨਈਅਰ (ਸੀਨੀਅਰ ਆਫੀਸਰ, ਡਿਪਾਰਟਮੈਂਟ ਆਫ ਕਰੀਅਰ ਗਾਈਡੈਂਸ) ਅਤੇ ਹੀਨਾ ਭਾਟੀਆ (ਯੰਗ ਪ੍ਰੋਫੈਸ਼ਨਲ, ਮਾਡਲ ਕਰੀਅਰ ਸੈਂਟਰ, ਐਸ.ਬੀ.ਐਸ. ਨਗਰ) ਅਤੇ ਐਲ.ਪੀ.ਯੂ. (ਲਵਲੀ ਯੂਨੀਵਰਸਿਟੀ) ਫਗਵਾੜਾ ਦੀ ਟੀਮ ਦੇ ਸਹਿਯੋਗ ਨਾਲ ਦਸਵੀਂ ਦੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸੰਬੰਧੀ ਵਿਅਕਤੀਗਤ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਦੌਰਾਨ ਐਲ ਪੀ ਯੂ ਫਗਵਾੜਾ ਦੇ ਸੀਨੀਅਰ ਅਫਸਰ ਵਰੁਣ ਨਈਅਰ ਵੱਲੋਂ ਵਿਦਿਆਰਥੀਆਂ ਦਾ ਸਾਇਕੋਮੈਟਰਿਕ ਟੈਸਟ ਕਰਵਾਇਆ ਗਿਆ।ਜਿਸ ਅਨੁਸਾਰ ਵੱਖ-ਵੱਖ ਕਾਉਂਸਲਰਜ਼ ਵੱਲੋਂ ਦਸਵੀਂ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦੀ ਵਿਅਕਤੀਗਤ ਤੌਰ 'ਤੇ ਕਾਉਂਸਲਿੰਗ ਕੀਤੀ ਗਈ। ਇਸ ਤੋਂ ਇਲਾਵਾ ਕਰੀਅਰ ਕਾਉਂਸਲਰ ਵਿਸ਼ਾਲ ਚਾਵਲਾ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਹਤਾ ਬਾਰੇ ਦੱਸਦੇ ਹੋਏ ਵੱਖ-ਵੱਖ ਸਟ੍ਰੀਮਾਂ ਦੀ ਪੜ੍ਹਾਈ, ਆਈ.ਟੀ.ਆਈ. ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਰਿਤੂ ਬਤਰਾ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਨਵਾਂਸ਼ਹਿਰ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਅੱਠਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਅੱਠਵੀਂ ਬੋਰਡ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਅੱਠਵੀਂ ਬੋਰਡ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ।ਉਹਨਾਂ ਦੱਸਿਆ ਕਿ ਕੁੱਲ 18 ਵਿਦਿਆਰਥੀਆਂ ਨੇ ਅੱਠਵੀਂ ਬੋਰਡ ਦੀ ਪ੍ਰੀਖਿਆ ਵਿੱਚ ਭਾਗ ਲਿਆ ਅਤੇ ਸਾਰੇ ਹੀ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ। ਉਹਨਾਂ ਦੱਸਿਆ ਕਿ ਗੋਪਾਲ ਪੁੱਤਰ ਉਦੇਵੀਰ ਸਿੰਘ ਨੇ ਪਹਿਲਾਂ, ਦੀਪਿਕਾ ਪੁੱਤਰੀ ਰਾਜਬੀਰ ਸਿੰਘ ਨੇ ਦੂਸਰਾ ਅਤੇ ਹਰਸ਼ਪ੍ਰੀਤ ਕੌਰ ਪੁੱਤਰੀ ਗੁਰਪਾਲ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਗੁਰਿੰਦਰ ਕੌਰ ਨੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਮੈਂਟੋ ਦੇ ਕੇ ਸਨਮਾਨਿਤ ਕੀਤਾ ਅਤੇ ਅੱਗੇ ਤੋਂ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਆ। ਸਕੂਲ ਦੇ ਮੈਂਬਰ ਇੰਚਾਰਜ ਡਾ. ਪ੍ਰਭਜੋਤ ਕੌਰ, ਇੰਦਰਜੀਤ ਸਿੰਘ ਅਤੇ ਡਾਇਰੈਕਟਰ ਐਜੂਕੇਸ਼ਨ ਗੁਰਮਿੰਦਰ ਸਿੰਘ ਭੁੱਲਰ ਨੇ ਵੀ ਸਾਰੇ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੱਤੀ। ਇਸ ਮੌਕੇ ਸੇਵਾ ਸਿੰਘ, ਨਿਸ਼ਾ ਗਰਗ, ਦੀਪਾਂਜਲੀ ਸ਼ਰਮਾ, ਰਣਜੋਧ ਸਿੰਘ ਡੀਪੀਈ, ਕਰਮਜੀਤ ਕੌਰ, ਅਮਰਜੀਤ ਕੌਰ ਆਦਿ ਹਾਜ਼ਰ ਸਨ।

## ਖ਼ਾਲਸਾ ਕਾਲਜ ਦਾ ਐੱਮ ਕਾਮ ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪੋਸਟ-ਗ੍ਰੈਜੂਏਟ ਕੋਰਸ ਐੱਮ.ਕਾਮ. ਦੇ ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਕੰਵਰ ਕੁਲਵੰਤ ਸਿੰਘ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਵਲੋਂ ਐਲਾਨੇ ਗਏ ਐੱਮ.ਕਾਮ. ਤੀਜੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥੀ ਨਿਤਿਨ ਨੇ 79.33 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਤਾਨੀਆ ਦੇਵੀ ਨੇ 76.76 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਨੀਰਜ ਰਾਣੀ ਨੇ 76.23 ਫੀਸਦੀ ਅੰਕ ਲੈ ਕੇ ਕਲਾਸ ਵਿਚੋਂ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਵੀ ਚੰਗੇ ਅੰਕ ਲੈ ਕੇ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।



## ਸੰਦੀਪ ਸਿੰਘ ਸੋਨੀ ਦੀ ਸਹਾਇਕ ਸਬ-ਇੰਸਪੈਕਟਰ ਵਜੋਂ ਹੋਈ ਤਰੱਕੀ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਪੰਜਾਬ ਪੁਲਸ ਵਿੱਚ ਤਾਇਨਾਤ ਸੰਦੀਪ ਸਿੰਘ ਸੋਨੀ ਨੂੰ ਉਨ੍ਹਾਂ ਦੀ ਡਿਊਟੀ ਪ੍ਰਤੀ ਵਫ਼ਾਦਾਰੀ ਦੇ ਮੱਦੇਨਜ਼ਰ ਸਹਾਇਕ ਸਬ ਇੰਸਪੈਕਟਰ ਵਜੋਂ ਤਰੱਕੀ ਦਿੱਤੀ ਗਈ।ਐੱਸਐੱਸਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਸੰਦੀਪ ਸਿੰਘ ਸੋਨੀ ਦੇ ਮੋਢਿਆਂ 'ਤੇ ਸਟਾਰ ਚਿੰਨ੍ਹ ਲਾਉਂਦੇ ਹੋਏ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਇਨ੍ਹਾਂ ਕਦਮਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਤਰੱਕੀ ਪ੍ਰਾਪਤ ਸੰਦੀਪ ਸਿੰਘ ਸੋਨੀ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਦਿੱਤੇ ਗਏ ਅਹੁਦੇ ਦੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਦ੍ਰਿੜਤਾ ਨਾਲ ਨਿਭਾਉਣਗੇ।

## ਕਿਰਤੀ ਕਿਸਾਨ ਯੂਨੀਅਨ ਦੀ ਨਵੇਂ ਸਿਰੇ ਤੋਂ ਚੋਣ



ਬੱਧਨੀ ਕਲਾਂ (ਲਵਲੀ ਕੁਮਾਰ)-ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਨਿਹਾਲ ਸਿੰਘ ਵਾਲਾ ਦੀਆਂ ਇਕਾਈ ਮੀਟਿੰਗਾਂ [illegible] ... ਜਿਸ ਦੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਨਿੰਦਿਆ ਕੀਤੀ ਜਾਂਦੀ ਹੈ।

## ਸਰਕਾਰੀ ਪ੍ਰਾਇਮਰੀ ਸਕੂਲ ਗਾਜ਼ੀਆਣਾ 'ਚ ਸਕੂਲ ਵੈਨ ਦਾ ਉਦਘਾਟਨ



ਨਿਹਾਲ ਸਿੰਘ ਵਾਲਾ (ਲਵਲੀ ਮਡੀਕੇ)-ਜ਼ਿਲ੍ਹਾ ਸਿੱਖਿਆ ਅਫ਼ਸਰ ਮੋਗਾ ਮੈਡਮ ਮੰਜੂ ਭਾਰਦਵਾਜ ਮੁੱਖ ਮਹਿਮਾਨ ਵਜੋਂ ਸਰਕਾਰੀ ਪ੍ਰਾਇਮਰੀ ਸਕੂਲ ਗਾਜ਼ੀਆਣਾ ਵਿਖੇ ਸਕੂਲ ਵੈਨ ਦਾ ਉਦਘਾਟਨ ਕਰਨ ਪਹੁੰਚੇ। [illegible] ... ਟੀਮ ਦਾ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।

## ਸਾਹਿਤਕਾਰਾਂ ਵੱਲੋਂ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੂੰ ਸ਼ਰਧਾਂਜਲੀ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬੀ ਕਹਾਣੀ ਦੇ ਸਿਰਮੌਰ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਦੇਹਾਂਤ ਉਪਰੰਤ ਜਿਥੇ ਪੰਜਾਬੀ ਸਾਹਿਤ ਨੂੰ ਵੱਡਾ ਘਾਟਾ ਪਿਆ ਹੈ [illegible] ... ਕਹਾਣੀ ਸੰਗ੍ਰਹਿ ਲਈ 1992 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ ਸੀ। [illegible] ... ਗੁਰਜੀਤ ਸਿੰਘ ਐਮੀ ਨੇ ਵੀ ਆਪਣੇ ਜਜ਼ਬਾਤ ਸਾਂਝੇ ਕੀਤੇ।

## ਬੀ ਕੇ ਯੂ ਲੱਖੋਵਾਲ ਮਨਾਏਗੀ ਭਗਤ ਧੰਨਾ ਦਾ ਜਨਮ ਦਿਨ : ਦੌਲਤਪੁਰਾ



ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਮੀਟਿੰਗ ਹੋਈ [illegible] ... ਇਸ ਮੀਟਿੰਗ ਵਿੱਚ ਅਲੱਗ-ਅਲੱਗ ਬਲਾਕਾਂ ਦੀਆਂ ਡਿਊਟੀਆਂ ਲਾਈਆਂ ਗਈਆਂ।

## ਛੱਤਬੀੜ ਚਿੜੀਆਘਰ 'ਚ ਹਾਥੀ ਪਾਰਵਤੀ ਦੀ ਮੌਤ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਛੱਤਬੀੜ ਚਿੜੀਆਘਰ ਦੀ ਸਭ ਤੋਂ ਵੱਡੀ ਉਮਰ ਦੀ ਮਾਦਾ ਹਾਥੀ ਪਾਰਵਤੀ ਦੀ ਮੌਤ ਹੋ ਗਈ ਹੈ। [illegible] ... ਮਹੀਨੇ ਪਹਿਲਾਂ ਬੁਢਾਪੇ ਕਾਰਨ ਉਸ ਦਾ ਦੇਹਾਂਤ ਹੋ ਗਿਆ ਸੀ।

# ਕੌਮੀ ਸਿੱਖਿਆ ਨੀਤੀ-2020 ਤੇ ਵਿੱਦਿਅਕ ਸਰੋਕਾਰਾਂ ਨੂੰ ਲੈ ਕੇ ਡੀ ਟੀ ਐੱਫ ਵੱਲੋਂ ਚੇਤਨਾ ਕਨਵੈਨਸ਼ਨ



ਚੰਡੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਕੌਮੀ ਸਿੱਖਿਆ ਨੀਤੀ ਦੇ ਮਾਰੂ ਪ੍ਰਭਾਵਾਂ ਤੇ ਪੰਜਾਬ ਦੇ ਸਿੱਖਿਆ ਸਰੋਕਾਰਾਂ ਨੂੰ ਲੈ ਕੇ ਚੰਡੀਗੜ੍ਹ ਦੇ ਬਾਬਾ ਸੋਹਣ ਸਿੰਘ ਭਕਨਾ ਹਾਲ ਵਿਖੇ ਚੇਤਨਾ ਕਨਵੈਨਸ਼ਨ ਕੀਤੀ ਗਈ।ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਦੁਆਰਾ ਸੰਚਾਲਿਤ ਸਟੇਜ ਵਾਲੀ ਕਨਵੈਨਸ਼ਨ ਦੀ ਸ਼ੁਰੂਆਤ ਸੂਬਾ ਮੀਤ ਪ੍ਰਧਾਨ ਗੁਰਪਿਆਰ ਕੋਟਲੀ ਵੱਲੋਂ ਸਵਾਗਤੀ ਭਾਸ਼ਣ ਨਾਲ ਹੋਈ।ਕਨਵੈਨਸ਼ਨ ਦੇ ਮੁੱਖ ਬੁਲਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਪ੍ਰੋ. ਡਾ. ਵਿਕਾਸ ਬਾਜਪੇਈ ਨੇ ਨਵੀਂ ਸਿੱਖਿਆ ਨੀਤੀ-2020 ਰਾਹੀਂ ਡਿਜਟਲੀਕਰਨ ਨੂੰ ਵਧਾਵਾ ਦਿੰਦਿਆਂ ਅਧਿਆਪਕਾਂ ਦੀ ਘਾਟ ਨੂੰ ਹੋਰ ਤਕਨੀਕੀ ਬਦਲਾਂ ਰਾਹੀਂ ਖਤਮ ਕਰਕੇ ਸਿੱਖਿਆ ਨੂੰ ਨੀਵਾਨਾਂ ਵੱਲ ਲੈ ਜਾਣ ਵੱਲ ਵਧਿਆ ਜਾ ਰਿਹਾ ਹੈ।ਇਸੇ ਲੜੀ ਤਹਿਤ ਅਧਿਆਪਕਾਂ ਦੀਆਂ ਤਰੱਕੀਆਂ ਨੂੰ ਡਿਜੀਟਲੀਕਰਨ ਨਾਲ ਜੋੜ ਕੇ ਸਿੱਖਿਆ ਦੇ ਡਿਜਟਲੀਕਰਨ ਵਿੱਚ ਵਾਧੇ ਦੀ ਅਤੇ ਆਉਣ ਵਾਲੇ 15 ਸਾਲਾਂ ਵਿੱਚ ਇੱਕ ਤਿਹਾਈ ਯੂਨੀਵਰਸਿਟੀਆਂ ਬੰਦ ਕਰਨ ਦੀ ਯੋਜਨਾਬੰਦੀ ਕਰ ਲਈ ਗਈ ਹੈ।

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਨੇ ਕਿਹਾ ਕਿ ਜਿਵੇਂ ਤਿੰਨ ਖੇਤੀ ਕਾਨੂੰਨਾਂ ਨੇ ਆਮ ਲੋਕਾਂ ਤੋਂ ਖੇਤੀ ਖੋਹ ਲੈਣੀ ਸੀ, ਉਸੇ ਤਰ੍ਹਾਂ ਨਵੀਂ ਸਿੱਖਿਆ ਨੀਤੀ ਨੇ ਆਮ ਲੋਕਾਂ ਤੋਂ ਸਿੱਖਿਆ ਖੋਹ ਲੈਣੀ ਹੈ।ਪੰਜਾਬ ਸਰਕਾਰ ਵੱਲੋਂ ਪ੍ਰਚਾਰੀ ਜਾ ਰਹੀ ਸਿੱਖਿਆ ਕ੍ਰਾਂਤੀ ਨੂੰ ਕਾਰਪੋਰੇਟਾਂ ਲਈ ਸਿੱਖਿਆ ਕ੍ਰਾਂਤੀ ਤਾਂ ਹੋ ਸਕਦੀ ਹੈ, ਪਰ ਆਮ ਲੋਕਾਂ ਦੀ ਸਿੱਖਿਆ ਦੀ ਤਬਾਹੀ ਦੀ ਸਾਜ਼ਿਸ਼ ਹੈ।ਕਨਵੈਨਸ਼ਨ ਦੇ ਵਿਸ਼ੇਸ਼ ਬੁਲਾਰੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਪ੍ਰੋ. ਜੋਗਾ ਸਿੰਘ ਨੇ ਮਾਤ ਭਾਸ਼ਾ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਭਾਂਵੇ ਕੌਮੀ ਸਿੱਖਿਆ ਨੀਤੀ ਵਿੱਚ ਮਾਤ ਭਾਸ਼ਾ ਬਾਰੇ ਲੱਛੇਦਾਰ ਸ਼ਬਦਾਵਲੀ ਵਰਤ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਪ੍ਰੰਤੂ ਹਕੀਕਤ ਵਿੱਚ ਖੇਤਰੀ ਭਾਸ਼ਾਵਾਂ ਵਿੱਚ ਸਿੱਖਿਆ ਦੇਣ ਪ੍ਰਤੀ ਕੋਈ ਭਾਵਨਾ ਨਜ਼ਰ ਨਹੀਂ ਆਉਂਦੀ।ਉਨ੍ਹਾਂ ਦੀ ਕਨਵੈਨਸ਼ਨ ਪਾਸੋਂ ਪ੍ਰੀ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੀ ਸਿੱਖਿਆ ਮਾਤ ਭਾਸ਼ਾ ਵਿੱਚ ਦਿੱਤੇ ਜਾਣ ਦੀ ਮੰਗ ਦਾ ਮਤਾ ਪਾਸ ਕਰਾਇਆ।ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਨੇ ਨਵੀਂ ਸਿੱਖਿਆ ਨੀਤੀ-2020 ਦੀ ਪਿਛਲੀਆਂ ਸਿੱਖਿਆ ਨੀਤੀ ਨਾਲ ਤੁਲਨਾ ਕਰਦਿਆਂ ਕਿਹਾ ਕਿ ਹੁਣ ਵਾਲੀ ਨੀਤੀ ਵਿੱਚ ਕਾਰਪੋਰੇਟ ਦੀ ਦਖਲਅੰਦਾਜ਼ੀ ਕਿਤੇ ਵੱਧ ਹੈ, ਜਿਸ ਕਾਰਨ ਛੋਟੀ ਉਮਰ ਦੇ ਵਿਦਿਆਰਥੀਆਂ ਵਿੱਚ ਕਾਰਪੋਰੇਟ ਨੂੰ ਸਸਤੀ ਕਿਰਤ ਨਜ਼ਰ ਆਉਂਦੀ ਹੈ।ਧਰਮਿੰਦਰ ਢਾਂਡਾ, ਚੇਅਰਮੈਨ, ਡੈਮੋਕ੍ਰੈਟਿਕ ਸਕੂਲ ਟੀਚਰਜ਼ ਫੈਡਰੇਸ਼ਨ ਹਰਿਆਣਾ ਨੇ ਕਿਹਾ ਕਿ ਜਿਵੇਂ ਖੇਤੀ ਨੀਤੀ ਦੇਸ਼ ਦੇ ਅਨਾਜ ਨੂੰ ਕਾਰਪੋਰੇਟ ਦੀਆਂ ਤਿਜੋਰੀਆਂ ਵਿੱਚ ਬੰਦ ਕਰਨ ਦੀ ਨੀਤੀ ਸੀ, ਉਸੇ ਤਰ੍ਹਾਂ ਨਵੀਂ ਸਿੱਖਿਆ ਨੀਤੀ-2020 ਸਿੱਖਿਆ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਦੀ ਨੀਤੀ ਹੈ।ਪੰਜਾਬ ਦੇ ਵਿੱਦਿਅਕ ਢਾਂਚੇ ਦੇ ਵਪਾਰੀਕਰਨ ਤੇ ਖੋਖਲੇਪਣ ਖਿਲਾਫ਼ ਸੰਘਰਸ਼ ਕਰ ਰਹੀ ਵਿਦਿਆਰਥੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਧੀਰਜ ਕੁਮਾਰ ਨੇ ਵੱਲੋਂ ਵਿੱਦਿਅਕ ਸਰੋਕਾਰਾਂ ਨਾਲ ਸਬੰਧਤ ਮੁੱਦਿਆਂ 'ਤੇ ਡੀ ਟੀ ਐੱਫ ਵੱਲੋਂ ਕੀਤੀ ਪਹਿਲਕਦਮੀ ਦੀ ਸ਼ਲਾਘਾ ਕੀਤੀ ਤੇ ਸਿੱਖਿਆ ਨੀਤੀ ਅਤੇ ਵਿਦਿਆਰਥੀ ਮੁੱਦਿਆਂ 'ਤੇ ਡੀ ਟੀ ਐੱਫ ਨੂੰ ਸਹਿਯੋਗ ਦੇਣ ਦਾ ਐਲਾਨ ਕੀਤਾ।ਇਸ ਮੌਕੇ ਰਾਜੀਵ ਬਰਨਾਲਾ ਨੇ ਕੇਂਦਰ ਸਰਕਾਰ ਤੋਂ ਸਿੱਖਿਆ ਨੂੰ ਰਾਜ ਸੂਚੀ ਵਿੱਚ ਸ਼ਾਮਲ ਕਰਾਉਣ ਤੇ ਆਮ ਆਦਮੀ ਪਾਰਟੀ ਦੇ ਬੁਲਾਰੇ ਦੇ ਡੀ ਟੀ ਐੱਫ ਵਿਰੋਧੀ ਬਿਆਨ ਦੀ ਨਿਖੇਧੀ ਮਤੇ ਪੜ੍ਹੇ ਤੇ ਕਨਵੈਨਸ਼ਨ ਵੱਲੋਂ ਸਰਵਸੰਮਤੀ ਨਾਲ ਮਤੇ ਪਾਸ ਕੀਤੇ ਗਏ।ਸੂਬਾ ਮੀਤ ਪ੍ਰਧਾਨ ਬੇਅੰਤ ਫੂਲੇਵਾਲਾ ਨੇ ਮੁੱਖ ਮੰਤਰੀ ਨੂੰ ਦਿੱਤਾ ਜਾਣ ਮੰਗ ਪੱਤਰ ਪੜ੍ਹਿਆ।

## ਰੋਹਟੀ ਪੁਲ ਨਜ਼ਦੀਕ ਗੁੱਜਰਾਂ ਦੀਆਂ ਕੁੱਲੀਆਂ ਨੂੰ ਲੱਗੀ ਭਿਆਨਕ ਅੱਗ

### ਚਾਰ ਪਰਵਾਰਾਂ ਦਾ ਸਮਾਨ ਸੜ ਕੇ ਸੁਆਹ, ਡੰਗਰ ਵੀ ਨੁਕਸਾਨੇ



ਨਾਭਾ (ਵਰਿੰਦਰ ਵਰਮਾ)-ਵੱਧ ਰਹੇ ਤਾਪਮਾਨ ਦੇ ਚੱਲਦਿਆਂ ਹਰ ਰੋਜ਼ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।ਰੋਹਟੀ ਪੁਲ ਨਜ਼ਦੀਕ ਕਈ ਸਾਲਾਂ ਤੋਂ ਰਹਿ ਰਹੇ ਗੁੱਜਰਾਂ ਦੀਆਂ ਕੁੱਲੀਆਂ ਨੂੰ ਦੁਪਹਿਰ ਵੇਲੇ ਅਚਾਨਕ ਅੱਗ ਲੱਗ ਗਈ, ਜਿਸ ਬਝਾਉਣ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨਾਲ ਅਮਲੇ ਵਲੋਂ ਜਦੋਂ ਜਹਿਦ ਕਰਦਿਆਂ ਅੱਗ 'ਤੇ ਕਾਬੂ ਪਾਇਆ ਗਿਆ, ਪਰ ਪੀੜਤ ਪਰਿਵਾਰਾਂ ਹਸਨਦੀਨ, ਰੌਸ਼ਨ, ਮੀਰਾਂ, ਰਸੀਦ ਤੇ ਗੁਲਾਬ ਦੀਨ ਨੇ ਭਰੇ ਮਨ ਦੱਸਿਆ ਕਿ ਇਸ ਅੱਗ ਨਾਲ ਸਾਡੇ ਚਾਰ ਪਰਵਾਰਾਂ ਦਾ ਭਾਰੀ ਨੁਕਸਾਨ ਹੋ ਗਿਆ, ਜਿਸ ਵਿੱਚ ਬੱਕਰੀਆਂ, ਕੱਟੀਆਂ ਤੇ ਇੱਕ ਝੋਟੀ ਅੱਗ ਨਾਲ ਝੁਲਸਣ ਕਾਰਨ ਮਰ ਗਈਆਂ ਤੇ ਅੱਧੀ ਦਰਜਨ ਡੰਗਰ ਬੁਰੀ ਤਰ੍ਹਾਂ ਝੁਲਸੇ ਗਏ।ਉਨ੍ਹਾਂ ਕਿਹਾ ਕਿ ਕੁੜੀਆਂ ਦਾ ਵਿਆਹ ਰੱਖਿਆ ਹੋਇਆ ਸੀ, ਜਿਸ ਲਈ ਖਰੀਦਿਆ ਕੱਪੜਾ, ਗਹਿਣੇ, ਬਿਸਤਰੇ ਅਤੇ ਭਾਂਡੇ ਸੜ ਕੇ ਸੁਆਹ ਹੋ ਗਏ।ਪੀੜਤ ਪਰਵਾਰ ਅਨੁਸਾਰ ਉਨਾਂ ਦਾ 15 ਲੱਖ ਦਾ ਨੁਕਸਾਨ ਹੋ ਗਿਆ, ਪਰ ਦਿਨ ਹੋਣ ਕਾਰਨ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਹੈ।ਪੀੜਤ ਪਰਵਾਰ ਨੇ ਪ੍ਰਸ਼ਾਸਨ ਤੇ ਸਰਕਾਰ ਮੁਆਵਜ਼ੇ ਦੀ ਮੰਗ ਕਰਦਿਆਂ ਕਿਹਾ ਕਿ ਸਾਡਾ ਸਭ ਕੁੱਝ ਬਰਬਾਦ ਹੋ ਗਿਆ ਹੈ।ਇਸ ਮੌਕੇ ਪੁਲਸ ਪ੍ਰਸ਼ਾਸਨ ਵੱਲੋਂ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਗਿਆ, ਪਰ ਅੱਗ ਲੱਗਣ ਦੇ ਕਾਰਨਾਂ ਪਤਾ ਨਹੀਂ ਲੱਗ ਸਕਿਆ। ਪੀੜਤ ਪਰਵਾਰ ਸਦਮੇ ਵਿੱਚ ਹਨ ਹੁਣ ਦੇਖਣਾ ਹੋਵੇਗਾ ਕਿ ਪ੍ਰਸ਼ਾਸਨ ਤੇ ਸਰਕਾਰ ਇਨਾਂ ਪਰਵਾਰਾਂ ਦਾ ਕਿੰਨਾ ਸਾਥ ਦਿੰਦੀ ਹੈ।

## ਪੰਜਾਬੀ 'ਵਰਸਿਟੀ ਦੇ ਅਸਿਸਟੈਂਟ ਪ੍ਰੋਫ਼ੈਸਰਾਂ ਦੇ ਧਰਨੇ ਨੂੰ ਬੀਤਿਆ ਅੱਧਾ ਸਾਲ

ਪਟਿਆਲਾ (ਅਵਤਾਰ ਜਟਾਣਾ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਅਸਿਸਟੈਂਟ ਪ੍ਰੋਫ਼ੈਸਰ (ਗੈਸਟ) 183 ਦਿਨਾਂ ਭਾਵ ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਡੀਨ ਦਫ਼ਤਰ ਦੇ ਬਾਹਰ ਪੱਕੇ ਧਰਨੇ 'ਤੇ ਬੈਠੇ ਹਨ।ਅਧਿਆਪਕਾਂ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਪ੍ਰਸ਼ਾਸ਼ਨ ਦਾ ਰਵੱਈਆ ਬਹੁਤ ਗ਼ੈਰਜ਼ਿੰਮੇਵਾਰ ਤੇ ਅਸੰਵੇਦਨਸ਼ੀਲ ਹੈ।'ਪੰਜਾਬੀ ਯੂਨੀਵਰਸਿਟੀ ਗੈਸਟ ਟੀਚਰਜ਼ ਐਸੋਸ਼ੀਏਸ਼ਨ' ਵੱਲੋਂ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਸੰਘਰਸ਼ ਨੂੰ ਖ਼ਤਮ ਕਰਾਉਣ ਲਈ ਪੰਜਾਬੀ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਅਧਿਆਪਕ ਆਗੂਆਂ ਨੂੰ ਬੁਲਾ ਕੇ ਇਸ ਧਰਨੇ ਨੂੰ ਜਲਦੀ ਤੋਂ ਜਲਦੀ ਖ਼ਤਮ ਨਾ ਕਰਨ ਦੀ ਸੂਰਤ ਵਿੱਚ ਕਾਰਵਾਈਆਂ ਕਰਨ ਦੀ ਧਮਕੀ ਦਿੱਤੀ ਗਈ।ਯੂਨੀਵਰਸਿਟੀ ਅਥਾਰਟੀ ਦੇ ਅਜਿਹੇ ਨਾਂਹਪੱਖੀ ਰਵੱਈਏ ਤੋਂ ਯੂਨੀਵਰਸਿਟੀ ਦੀਆਂ ਸਾਰੀਆਂ ਕ੍ਰਮਚਾਰੀ ਅਤੇ ਵਿਦਿਆਰਥੀ ਧਿਰਾਂ ਹੈਰਾਨ-ਪ੍ਰੇਸ਼ਾਨ ਹਨ।ਜ਼ਿਕਰਯੋਗ ਹੈ ਕਿ ਅਧਿਆਪਕਾਂ ਦੀ ਮੰਗ ਮਾਣਯੋਗ ਪੰਜਾਬ ਤੇ ਹਾਈਕੋਰਟ ਵਲੋਂ ਸੁਣਾਏ ਗਏ ਫੈਸਲੇ 'ਬਰਾਬਰ ਕੰਮ ਲਈ ਬਰਾਬਰ ਤਨਖਾਹ' ਤੇ ਯੂ.ਜੀ.ਸੀ. ਦੇ ਨੋਟੀਫੇਕਸ਼ਨ ਦੇ ਅਨੁਸਾਰ 'ਮੁੱਢਲੀ ਤਨਖਾਹ 57,700' ਦੀ ਮੰਗ ਕਰ ਰਹੇ ਹਨ।ਇਨ੍ਹਾਂ ਅਧਿਆਪਕਾਂ ਦਾ ਕਹਿਣਾ ਹੈ ਕਿ ਇਹ ਯੂਨੀਵਰਸਿਟੀ ਪ੍ਰਸ਼ਾਸ਼ਨ ਲਈ ਸ਼ਰਮ ਦੀ ਗੱਲ ਹੈ ਕਿ ਯੂਨੀਵਰਸਿਟੀ ਦੇ ਅਧਿਆਪਕ ਹਾਈਕੋਰਟ ਵਿੱਚ ਕੇਸ ਜਿੱਤਣ ਤੋਂ ਬਾਅਦ ਕੋਰਟ ਦੀਆਂ ਸਿਫਾਰਸ਼ਾਂ ਲਾਗੂ ਕਰਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।ਪੰਜਾਬੀ ਯੂਨੀਵਰਸਿਟੀ ਦਾ ਮੌਜੂਦਾ ਪ੍ਰਸ਼ਾਸਨ ਹਰ ਮੁਹਾਜ ਉੱਤੇ ਅਸਫ਼ਲ ਸਾਬਤ ਹੋ ਰਿਹਾ ਹੈ।ਯੂਨੀਵਰਸਿਟੀ ਅੰਦਰ ਵਿਗੜੇ ਮਾਹੌਲ ਦੀ ਸਿੱਧੀ-ਸਿੱਧੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੈ।

# ਰਾਮਨੌਮੀ ਮਹਾਂਉਤਸਵ ਧੂਮਧਾਮ ਨਾਲ ਮਨਾਇਆ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)

ਸ਼੍ਰੀ ਸ਼ਿਵ ਮੰਦਰ ਧਰਮਸ਼ਾਲਾ ਪ੍ਰਬੰਧਕ ਕਮੇਟੀ, ਮਾਇਆ ਗਾਰਡਨ ਵੱਲੋਂ ਸ਼੍ਰੀ ਰਾਮਨੌਮੀ ਦਾ ਮਾਂਹਉਤਸਵ ਰਾਮ ਭਵਨ ਵਿੱਚ ਧੂਮਧਾਮ ਨਾਲ ਮਨਾਇਆ ਗਿਆ।5 ਅਪ੍ਰੈਲ ਨੂੰ ਸ਼੍ਰੀ ਰਾਮਾਇਣ ਪਾਠ ਦੀ ਸ਼ੁਰੂਆਤ ਹੋਈ ਤੇ 6 ਅਪ੍ਰੈਲ ਨੂੰ ਸੰਕੀਰਤਨ ਉਪਰੰਤ ਸ਼੍ਰੀ ਰਾਮਾਇਣ ਪਾਠ ਦਾ ਭੋਗ ਪਾਇਆ ਗਿਆ।ਇਸ ਮੌਕੇ 'ਤੇ ਸਾਲ ਭਰ ਰਾਮਾਇਣ ਪਾਠ ਕਰਨ ਵਾਲੀਆਂ ਭੈਣਾਂ ਨੂੰ ਸਨਮਾਨਤ ਕੀਤਾ ਗਿਆ। ਨਾਲ ਹੀ, ਪੰਡਿਤ ਰਾਮ ਜੁਆਰੀ ਵੱਲੋਂ ਤਿਆਰ ਕੀਤੀ ਜਾ ਰਹੀ 'ਰਾਮਾਇਣ ਬਾਲ ਪਾਠਕ ਕਲਾਸ' ਦੇ ਬੱਚਿਆਂ ਨੂੰ ਵੀ ਆਦਰਸਹਿਤ ਸ਼੍ਰੀ ਰਾਮਾਇਣ ਦੇ ਸਵਰੂਪ ਭੇਟ ਕੀਤੇ ਗਏ।ਮੁੱਖ ਸਮਾਰੋਹ ਤੋਂ ਬਾਅਦ ਭੰਡਾਰੇ ਦਾ ਵੀ ਆਯੋਜਨ ਕੀਤਾ ਗਿਆ।ਸਨਮਾਨਤ ਪਾਠਕ ਬਹਿਨਾਂ ਵਿੱਚ ਮਿਸਿਜ਼ ਸੰਤੋਸ਼, ਆਸ਼ਿਮਾ ਗੋਇਲ, ਨਿਰਮਲਾ ਦੇਵੀ, ਨੀਰੂ, ਵਿਜੇਤਾ ਗੋਯਲ, ਰੇਣੂ ਗੋਇਲ, ਮੀਨਾਕਸ਼ੀ ਜਿੰਦਲ, ਸੁਨੀਤਾ , ਵਨੀਤਾ, ਮਾਧਵੀ, ਬਾਲਾ ਬਤਰਾ, ਕਵਿਤਾ, ਅੰਜੂ ਕਾਂਸਲ, ਸੁਮਨ, ਮੰਜੂ, ਖੁਸ਼ਬੂ, ਰੀਤੂ, ਸੋਨੂ ਗੋਇਲ, ਅਨੀਤਾ, ਨਿਰਮਲਾ ਦੇਵੀ, ਸਪਨਾ ਅਰੋੜਾ, ਅਮੀਤਾ ਜਿੰਦਲ, ਕਾਮਨੀ, ਕਚਨ ਜਿੰਦਲ, ਮੋਨਾ, ਅੰਜੂ ਕਾਂਸਲ, ਅਮੀਤਾ, ਅਰਚਨਾ ਸਿੰਗਲਾ, ਲਤਾ ਜਿੰਦਲ, ਸੋਨੀਆ ਬੰਸਲ, ਸ਼ਿਲਪਾ ਗੋਇਲ, ਬਿੰਦੂ, ਮੋਨਿਕਾ ਜੈਨ, ਸਵੀਟੀ ਅਤੇ ਪ੍ਰਿਯੰਕਾ ਭਾਰਦਵਾਜ ਸ਼ਾਮਿਲ ਸਨ।'ਸ਼੍ਰੀ ਰਾਮਾਇਣ ਬਾਲ ਪਾਠਕ ਕਲਾਸ' ਵਿੱਚ ਸਨਮਾਨਤ ਬੱਚਿਆਂ ਵਿੱਚ ਕ੍ਰਿਸ਼ਾ ਜਿੰਦਲ, ਹੇਜਲ ਕਾਂਸਲ, ਅਮਾਇਰਾ ਜਿੰਦਲ, ਲੋਮਿਸ਼ ਕਾਂਸਲ, ਮੰਕੁਸ਼, ਧਰੂਵੀ, ਦਿਵਾਂਸ਼ੀ, ਗੁੰਤਾਜ ਤੇ ਸੁਹਾਨੀ ਸ਼ਾਮਲ ਸਨ।ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਡਾ. ਸਮੀਕਸ਼ਾ ਦਾ ਵੀ ਸਨਮਾਨ ਕੀਤਾ ਗਿਆ।ਰਾਮ ਭਵਨ ਲਈ ਸੇਵਾਵਾਂ ਤੇ ਸਾਜ਼ੋ-ਸਾਮਾਨ ਦੇਣ ਵਾਲਿਆਂ ਦਾ ਧੰਨਵਾਦ ਸ਼੍ਰੀ ਸ਼ਿਵ ਮੰਦਰ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਦਨ ਕਾਂਸਲ ਵੱਲੋਂ ਕੀਤਾ ਗਿਆ।

ਇਨ੍ਹਾਂ ਵਿੱਚ ਮੁਕੇਸ਼ ਇਲੈਕਟ੍ਰਿਕਲਜ਼ ਤੋਂ ਮੁਕੇਸ਼ ਕਾਂਸਲ (ਬਿਜਲੀ ਕੰਮ ਲਈ), ਜਗਦੀਸ਼ ਗੋਇਲ ਜਾਤੀ (ਐਲੂਮੀਨਿਅਮ ਗੇਟਾਂ ਲਈ), ਡਾ. ਵਿਜੈ ਅਗਰਵਾਲ, ਮੱਖਣ ਲਾਲ, ਕ੍ਰਿਸ਼ਨਾ ਕੁਮਾਰ ਤੇ ਪ੍ਰਿਯੰਕਾ ਭਾਰਦਵਾਜ (ਏ.ਸੀ. ਦਾਨ ਕਰਨ ਲਈ) ਤੇ ਉਹ ਪਰਿਵਾਰ ਜੋ ਕੁੱਲ 7 ਪੱਖੇ ਦਾਨ ਕਰਕੇ ਸੇਵਾ ਵਿੱਚ ਯੋਗਦਾਨ ਪਾਇਆ ਸ਼ਾਮਲ ਸਨ।ਮੁੱਖ ਮੌਜੂਦਗੀਆਂ ਵਿੱਚ ਜਗਦੀਪ ਭਾਰਦਵਾਜ, ਗੋਪਾਲ ਸ਼ਰਮਾ, ਪਵਨ ਕੈਪਟੀ, ਜਗਦੀਸ਼ ਗੋਇਲ, ਮੁਕੇਸ਼ ਕਾਂਸਲ, ਨਵਦੀਪ ਕਾਂਸਲ, ਪ੍ਰਭਾਤ ਜਿੰਦਲ, ਐਡਵੋਕੇਟ ਰਾਕੇਸ਼ ਜਿੰਦਲ ਤੇ ਆਰ.ਐਨ. ਕਾਂਸਲ ਸ਼ਾਮਲ ਸਨ।ਇਹ ਭਗਤੀਮਈ ਸਮਾਗਮ ਨਾ ਸਿਰਫ ਰਾਮ ਨਵਮੀ ਦੀ ਸੰਸਕ੍ਰਿਤਿਕ ਮਹਿਮਾ ਨੂੰ ਉਜਾਗਰ ਕਰਦਾ ਸੀ, ਬਲਕਿ ਸਾਂਝ, ਸੇਵਾ ਤੇ ਆਧਿਆਤਮਿਕ ਪਰੰਪਰਾਵਾਂ ਪ੍ਰਤੀ ਆਦਰ ਵੀ ਦਰਸਾਉਂਦਾ ਸੀ।

## ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ : ਪ੍ਰਿਤਪਾਲ ਸ਼ਰਮਾ

ਦੋਦਾ (ਵਕੀਲ ਬਰਾੜ)-ਭਾਰਤੀ ਜਨਤਾ ਪਾਰਟੀ ਦੇ ਨੈਸ਼ਨਲ ਆਗੂ ਮਨੋਰੰਜਨ ਕਾਲੀਆ ਦੇ ਘਰ ਉਤੇ ਹੋਏ ਹਮਲੇ ਦੇ ਰੋਸ ਵਜੋਂ ਹਲਕਾ ਗਿੱਦੜਬਾਹਾ ਦੇ ਬੀਜੇਪੀ ਆਗੂ ਪ੍ਰਿਤਪਾਲ ਸ਼ਰਮਾ ਦੀ ਅਗਵਾਈ ਹੇਠ ਦੋਦਾ ਵਿਖੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਸ਼ਰਮਾ ਨੇ ਕਿਹਾ ਕਿ ਸੂਬੇ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਅਤੀ ਚਿੰਤਾਜਨਕ ਹੈ। ਇਥੇ ਕੋਈ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਰਿਹਾ।

ਪੰਜਾਬ ਸਰਕਾਰ ਹਰ ਫਰੰਟ ਉਤੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਯੁੱਧ ਨਸ਼ਿਆਂ ਵਿਰੁੱਧ ਬੋਲਦਿਆਂ ਕਿ ਕਿਸੇ ਗਰੀਬ ਦਾ ਮਕਾਨ ਢਾਹ ਕੇ ਵਿਖਾਉਣਾ ਕੋਈ ਸਹੀ ਗੱਲ ਨਹੀਂ। ਜੇ ਪਰਵਾਰ ਦਾ ਇੱਕ ਵਿਅਕਤੀ ਦੋਸ਼ੀ ਹੈ ਤਾਂ ਦੂਜੇ ਪਰਵਾਰ ਦਾ ਕੀ ਕਸੂਰ ਹੈ, ਜਿਨ੍ਹਾਂ ਦੇ ਸਿਰ ਤੋਂ ਛੱਤ ਖੋਹੀ ਜਾ ਰਹੀ ਹੈ। ਸਰਕਾਰ ਨੂੰ ਪਹਿਲਾ ਆਪਣੀ ਪੀੜ੍ਹੀ ਥੱਲੇ ਸੋਟੀ ਫੇਰਨ ਦੀ ਲੋੜ ਹੈ। ਪੰਜਾਬ ਪੁਲਸ ਵਿੱਚੋਂ ਨਸ਼ੇ ਸਮੇਤ ਫੜੇ ਜਾ ਰਹੇ ਮੁਲਾਜ਼ਮਾਂ ਦੇ ਘਰਾਂ 'ਤੇ ਕਦੋਂ ਬਲਡੋਜਰ ਚੱਲਣਗੇ। ਹੱਕੀ ਮੰਗਾਂ ਮੰਗਦਿਆਂ ਮੁਲਾਜ਼ਮਾਂ, ਕਿਸਾਨਾਂ ਆਦਿ ਉਤੇ ਡਾਂਗ ਵਰਾਈ ਜਾ ਰਹੀ ਹੈ। ਸਿਰਫ ਦਹਿਸ਼ਤ ਪਾਉਣ ਲਈ ਲੋਕਾਂ ਤੋਂ ਸੰਘਰਸ਼ ਕਰਨ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਸੂਬੇ ਲੋਕ ਅਜਿਹੀਆਂ ਬੇਹੂਦਾ ਹਰਕਤਾਂ ਨੂੰ ਸਵੀਕਾਰ ਨਹੀ ਕਰਨਗੇ। ਇਸ ਮੌਕੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

## ਜੇ ਈ ਜਗਤਾਰ ਸਿੰਘ ਨੂੰ ਸੇਵਾਮੁਕਤ ਹੋਣ 'ਤੇ ਵਿਦਾਇਗੀ



ਚੌਕੀਮਾਨ (ਇੰਜ ਬਲਬੀਰ ਸਿੰਘ ਮਾਨ)

ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਪਟਿਆਲਾ ਅਧੀਨ ਮੰਡਲ ਦਫ਼ਤਰ ਦੇ ਅਧੀਨ ਸਬ ਡਵੀਜ਼ਨ ਸਿੱਧਵਾਂ ਖ਼ੁਰਦ ਵਿਖੇ ਜੇ.ਈ ਜਗਤਾਰ ਸਿੰਘ ਮੋਰਕਰੀਮਾਂ ਨੂੰ ਸੇਵਾਮੁਕਤ ਹੋਣ 'ਤੇ ਉਨ੍ਹਾਂ ਦੀਆਂ 27 ਸਾਲ ਦੀਆਂ ਮਹਿਕਮਾਨਾਂ ਬੇਦਾਗ਼ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਸਮੂਹ ਸਹਿਯੋਗੀ ਸਾਥੀਆਂ ਤੇ ਜਥੇਬੰਦਕ ਸੰਸਥਾਵਾਂ ਦੇ ਆਗੂ ਸਹਿਬਾਨਾਂ ਨੇ ਆਪੋ ਆਪਣੇ ਭਾਸ਼ਣਾਂ ਵਿੱਚ ਦੱਸਿਆ ਕਿ ਸਾਥੀ ਜਗਤਾਰ ਸਿੰਘ ਮੋਰਕਰੀਮਾਂ ਦੁਆਰਾ ਇਸੇ ਦਫ਼ਤਰ ਵਿਖੇ ਹੀ ਬਤੌਰ ਲਾਈਨਮੈਨ ਹਾਜ਼ਰੀ ਦੇਣ ਉਪਰੰਤ ਇਮਾਨਦਾਰੀ ਨਾਲ ਕੰਮ ਕਰਦਿਆਂ ਜੇ.ਈ ਦੀ ਤਰੱਕੀ ਪ੍ਰਾਪਤ ਕਰਨ ਉਪਰੰਤ ਆਪਣੀਆਂ ਬੇਦਾਗ਼ ਸ਼ਾਨਦਾਰ ਸੇਵਾਵਾਂ ਕਰਕੇ ਦਫ਼ਤਰ ਤੋਂ ਹੀ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ 58 ਸਾਲ ਦੀ ਉਮਰ ਪੂਰੀ ਹੋਣ ਤੇ ਆਪਣੀ ਵਿਦਾਇਗੀ ਪਾਰਟੀ ਲਈ ਹੈ।ਇਸ ਖ਼ੁਸ਼ੀ ਦੇ ਮੌਕੇ ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਦੇ ਸਰਕਲ ਯੂਨਿਟ ਸਬ ਅਰਬਨ ਲੁਧਿਆਣਾ ਦੇ ਆਗੂ ਦਲਜੀਤ ਸਿੰਘ ਜੱਸੋਵਾਲ, ਅਮਨਦੀਪ ਸਿੰਘ, ਜਗਤਾਰ, ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਮੰਡਲ ਯੂਨਿਟ ਅੱਡਾ ਦਾਖਾ ਦੇ ਆਗੂ ਹਰਨੇਕ ਸਿੰਘ ਕੈੜੇ, ਪਾਵਰਕਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਪ੍ਰੈਸ ਸਕੱਤਰ ਬਲਬੀਰ ਸਿੰਘ ਮਾਨ, ਇੰਜ਼ ਮੁਹੰਮਦ ਅਸ਼ਰਫ ਰਹੀੜਾ, ਗੁਰਪ੍ਰੀਤ ਸਿੰਘ ਤਲਵੰਡੀ, ਗਿਆਨ ਸਿੰਘ ਢੰਡਾਰੀ, ਹਰਵਿੰਦਰ ਸਿੰਘ ਸਵੱਦੀ, ਜਰਨੈਲ ਸਿੰਘ ਆਦਿ ਨੇ ਇੰਜ. ਜਗਤਾਰ ਸਿੰਘ ਦੇ 27 ਸਾਲਾ ਬੇਦਾਗ਼ ਬਿਜਲੀ ਮਹਿਕਮੇ ਦੇ ਸਫ਼ਰ ਦੀਆਂ ਯਾਦਾਂ ਤਾਜ਼ੀਆਂ ਕਰਦਿਆਂ ਨਵੇਂ ਕੱਚੇ, ਪੱਕੇ ਕਾਮਿਆਂ ਨੂੰ ਨਿਰਸੁਆਰਥ, ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਲੋਕਾਂ ਤੱਕ ਪੁਚਾਉਣ ਲਈ ਪ੍ਰੇਰਿਆ।

# ਉਡਾਣ 2025 ਸਮਾਗਮ ਸ਼ਾਨੋ-ਸ਼ੌਕਤ ਨਾਲ ਮਨਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਢੱਡੇ ਵਿਖੇ ਸੰਸਥਾ ਦਾ ਸਾਲਾਨਾ ਸਮਾਗਮ ਉਡਾਣ 2025 ਪੂਰੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ।ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਅਤੇ ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਬੱਲੀ ਨੇ ਦੱਸਿਆ ਕਿ ਸੰਸਥਾ ਦੇ ਸਲਾਨਾ ਸਮਾਗਮ ਏ ਇਨਾਮ ਵੰਡ ਸਮਾਰੋਹ ਦੀ ਹਰੇਕ ਵਿਦਿਆਰਥੀ, ਖਿਡਾਰੀ ਅਤੇ ਅਧਿਆਪਕ ਪੂਰੀ ਤਾਂਘ ਨਾਲ ਉਡੀਕ ਕਰਦਾ ਹੈ।ਵੱਖ-ਵੱਖ ਖੇਤਰਾਂ ਵਿੱਚ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਇਸ ਦਿਨ ਸਨਮਾਨ ਮਿਲਦੇ ਹਨ। ਅਧਿਆਪਕ ਤੇ ਸੰਸਥਾ ਦੇ ਹਰ ਤਰ੍ਹਾਂ ਦੇ ਮੁਲਾਜ਼ਮਾਂ ਨੂੰ ਇਸ ਦਿਨ ਸੰਸਥਾ ਵਿੱਚ ਉਨ੍ਹਾਂ ਦੇ ਪਾਏ ਯੋਗਦਾਨ ਪ੍ਰਤੀ ਸਨਮਾਨਤ ਕੀਤਾ ਜਾਂਦਾ ਹੈ।ਸਵੇਰ ਦੇ ਸੈਸ਼ਨ ਦੇ ਮੁੱਖ ਮਹਿਮਾਨ ਮਾਸਟਰ ਜਗਸੀਰ ਸਿੰਘ ਵਿਧਾਇਕ ਹਲਕਾ ਭੁੱਚੋ ਮੰਡੀ ਸਨ, ਉਨ੍ਹਾਂ ਨਾਲ ਸੰਸਥਾ ਦੇ ਵਿਸ਼ੇਸ਼ ਸਹਿਯੋਗੀ ਲਵ ਕੁਮਾਰ, ਅਮਰਜੀਤ ਸਿੰਘ ਤੇ ਹਰਫੂਲ ਸਿੰਘ ਭੁੱਲਰ ਵੀ ਸ਼ਾਮਲ ਸਨ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਨੇ ਗੁਰਬਾਣੀ ਸ਼ਬਦ ਗਾਇਨ ਨਾਲ ਕਰਕੇ ਪ੍ਰਮਾਤਮਾ ਦਾ ਓਟ ਆਸਰਾ ਲਿਆ।ਇਸ ਤੋਂ ਬਾਅਦ ਮੁੱਖ ਮਹਿਮਾਨ ਤੇ ਕਾਲਜ ਮੈਨੇਜਮੈਂਟ ਨੇ ਸ਼ਮਾਂ ਰੌਸ਼ਨ ਕਰਕੇ ਪ੍ਰੋਗਰਾਮ ਦਾ ਰਸਮੀ ਉਦਘਾਟਨ ਕੀਤਾ।ਸੰਸਥਾ ਦੇ ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਦੱਸਿਆ ਕਿ ਸੰਸਥਾ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ ਨਾਲ ਸਮੇਂ-ਸਮੇਂ 'ਤੇ ਅਜਿਹੇ ਪ੍ਰੋਗਰਾਮ ਉਲੀਕੇ ਜਾਂਦੇ ਹਨ।ਕਾਲਜ ਦੇ ਪਲੇਸਮੈਂਟ ਸੈੱਲ ਦੇ ਯਤਨਾਂ ਸਦਕਾ ਸੰਸਥਾ ਦੇ ਸਾਬਕਾ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਸੱਭਿਆਚਾਰਕ ਵੰਨਗੀਆਂ ਨਾਲ ਭਰਪੂਰ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਲੋਕ ਗੀਤ, ਕਵੀਸ਼ਰੀ, ਗਿੱਧਾ, ਭੰਗੜਾ, ਸ਼ੰਮੀ, ਹਰਿਆਣਵੀ ਨਾਚ ਤੇ ਨਵੇਂ ਨਵੇਂ ਲਿਬਾਸਾਂ ਨੂੰ ਪ੍ਰਦਰਸ਼ਿਤ ਕਰਦਾ ਫੈਂਸੀ ਡਰੈੱਸ ਸ਼ੋਅ ਕੀਤਾ ਗਿਆ।ਮੁੱਖ ਮਹਿਮਾਨ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਤਨਦੇਹੀ ਨਾਲ ਪੜ੍ਹਾਈ ਕਰਕੇ ਆਪਣਾ, ਆਪਣੀ ਸੰਸਥਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਯਕੀਨ ਦਿਵਾਇਆ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਮੈਰਿਟ ਦੇ ਅਧਾਰ ਤੇ ਬਿਨਾਂ ਕਿਸੇ ਭੇਦ ਭਾਵ ਤੋਂ ਹਰੇਕ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਸਰਕਾਰੀ ਨੌਕਰੀਆਂ ਹਾਸਲ ਕਰ ਸਕਦਾ ਹੈ।

## ਸਰਕਾਰ ਅਮਨ-ਕਨੂੰਨ ਨੂੰ ਬਣਾਈ ਰੱਖਣ 'ਚ ਬੁਰੀ ਤਰ੍ਹਾਂ ਫੇਲ੍ਹ : ਲਾਲ ਸਿੰਘ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਵਿੱਚ ਹੋਏ ਧਮਾਕੇ ਤੋਂ ਬਾਅਦ ਅਕਾਲੀ ਦਲ, ਬੀਜੇਪੀ ਤੇ ਕਾਂਗਰਸ ਨੇ ਸੂਬਾ ਸਰਕਾਰ ਦੀ ਘੇਰਾਬੰਦੀ ਕੀਤੀ ਹੈ।ਸ਼੍ਰੋਮਣੀ ਅਕਾਲੀ ਦਲ ਸੀਨੀਅਰ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਬੀਜੇਪੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਤੇ ਕਾਂਗਰਸ ਦੇ ਸੀਨੀਅਰ ਆਗੂ ਸਾਬਕਾ ਕੈਬਨਿਟ ਮੰਤਰੀ ਲਾਲ ਸਿੰਘ ਨੇ ਇਸ ਗ੍ਰਨੇਡ ਧਮਾਕੇ ਨਾਲ ਕੀਤੇ ਹਮਲੇ ਨੂੰ ਸੂਬੇ ਦੀ ਅਮਨ ਚੈਨ ਅਤੇ ਸ਼ਾਂਤੀ ਬਣਾਈ ਰੱਖਣ 'ਚ ਫੇਲ੍ਹ ਰਹਿਣ ਲਈ ਭਗਵੰਤ ਮਾਨ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੇ ਹੋਏ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਮੰਗ ਕੀਤੀ ਹੈ। ਲਾਲ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਥਾਣਿਆਂ ਤੇ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਤੇ ਬੁੱਤਾਂ ਤੇ ਹਮਲੇ ਹੋ ਰਹੇ ਸਨ, ਹੁਣ ਤਾਂ ਹਮਲਾਵਰਾਂ ਨੇ ਭਾਜਪਾ ਆਗੂ ਦੇ ਘਰ ਨੂੰ ਵੀ ਨਿਸ਼ਾਨਾ ਬਣਾਇਆ ਹੈ।ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਵਿਚ ਅਸਫਲ ਰਹਿ ਰਹੇ ਹਨ, ਜਿਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

## ਫੁੱਟਬਾਲ ਟੂਰਨਾਮੈਂਟ 'ਚ ਮਾਛੀਵਾੜਾ ਸਾਹਿਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਦਸ਼ਮੇਸ਼ ਸਪੋਰਟਸ ਕਲੱਬ ਵੱਲੋਂ ਸੈਵਨ ਏ ਸਾਈਡ ਦੋ ਦਿਨਾ ਫੁੱਟਬਾਲ ਟੂਰਨਾਮੈਂਟ ਕਰਾਇਆ ਗਿਆ। ਫੁੱਟਬਾਲ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਮਾਛੀਵਾੜਾ ਸਾਹਿਬ ਦੀ ਟੀਮ ਨੇ ਜਿੱਤਿਆ ਤੇ ਜੰਡਿਆਲੀ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਸ ਤੋਂ ਇਲਾਵਾ ਈਸੜੂ ਦੀ ਟੀਮ ਨੇ ਤੀਜਾ ਤੇ ਕੋਟਾਲਾ ਦੀ ਟੀਮ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਟੂਰਨਾਮੈਂਟ ਵਿੱਚ 'ਬੈਸਟ ਪਲੇਅਰ' ਵਜੋਂ ਬੀਰੀ ਬੁੱਢੇਵਾਲ, ਲਵੀ ਸਲਾਣਾ, ਪ੍ਰਿੰਸ ਮੁੰਡੀਆਂ, ਪੰਡਤ ਬੁੱਢੇਵਾਲ ਤੇ ਅੰਮ੍ਰਿਤ ਕੋਟਾਲਾ ਨੂੰ ਚੁਣਿਆ ਗਿਆ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਫੁੱਟਬਾਲ ਟੂਰਨਾਮੈਂਟ ਵਿੱਚ ਖਿਡਾਰੀ ਦੀ ਹੌਸਲਾ ਅਫ਼ਜ਼ਾਈ ਲਈ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਹਲਕਾ ਸਮਰਾਲਾ ਤੋਂ ਕਾਂਗਰਸ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਕਪਿਲ ਆਨੰਦ, ਸੀਨੀਅਰ ਅਕਾਲੀ ਆਗੂ ਦਵਿੰਦਰ ਸਿੰਘ ਬਵੇਜਾ, ਮਾਰਕੀਟ ਕਮੇਟੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ ਪੁੱਜੇ, ਜਿਨ੍ਹਾਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ। ਇਸ ਮੌਕੇ ਡਾ. ਬਲਵੀਰ ਸਿੰਘ, ਪ੍ਰਧਾਨ ਹਰਵਿੰਦਰ ਸਿੰਘ ਗਿੱਲ, ਨੰਬਰਦਾਰ ਪਰਵਿੰਦਰ ਸਿੰਘ, ਅਮਨਦੀਪ ਸਿੰਘ ਲਾਲਾ, ਰਣਜੀਤ ਸਿੰਘ ਜੀਤੀ, ਜਗਮੀਤ ਸਿੰਘ ਮੱਕੜ, ਅਮਨਦੀਪ ਸਿੰਘ ਤਨੇਜਾ, ਨੀਰਜ ਕੁਮਾਰ, ਨਿਰੰਜਨ ਸਿੰਘ ਨੂਰ (ਸਾਰੇ ਕੌਂਸਲਰ), ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਪ੍ਰਵੀਨ ਮੱਕੜ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਭਾਜਪਾ ਵਰਕਰਾਂ ਵੱਲੋਂ ਆਪ ਖਿਲਾਫ ਰੋਸ ਪ੍ਰਦਰਸ਼ਨ



ਨਾਭਾ (ਵਰਿੰਦਰ ਵਰਮਾ)-ਭਾਜਪਾ ਦੇ ਸਾਬਕਾ ਕੈਬਿਨਟ ਮੰਤਰੀ ਤੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਧਮਾਕੇ ਖ਼ਿਲਾ ਪਟਿਆਲਾ ਗੇਟ ਵਿਖੇ ਭਾਜਪਾ ਦੇ ਸੀਨੀਅਰ ਆਗੂ ਤੇ ਮੁੱਖ ਸੇਵਾਦਾਰ ਬਰਿੰਦਰ ਬਿੱਟੂ ਦੀ ਅਗਵਾਈ ਹੇਠ ਵਰਕਰਾਂ ਵੱਲੋਂ ਆਮ ਆਦਮੀ ਪਾਰਟੀ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਪਿੱਟ ਸਿਆਪਾ ਕੀਤਾ ਗਿਆ।ਬਰਿੰਦਰ ਬਿੱਟੂ ਨੇ ਕਿਹਾ ਕਿ ਸਾਡੇ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਜੋ ਗ੍ਰਨੇਡ ਹਮਲਾ ਹੋਇਆ, ਇਹ ਬਹੁਤ ਨਿੰਦਣਯੋਗ ਘਟਨਾ ਹੈ, ਸੂਬਾ ਪੰਜਾਬ ਅੰਦਰ ਇਸ ਸਮੇਂ ਕਾਨੂੰਨ ਵਿਵਸਥਾ ਦੀ ਸਥਿਤੀ ਬਿਲਕੁਲ ਵਿਗੜ ਚੁੱਕੀ ਹੈ, ਕਦੇ ਧਾਰਮਿਕ ਸਥਾਨਾਂ ਤੇ ਹਮਲੇ, ਕਦੇ ਪੁਲਿਸ ਚੌਂਕੀਆਂ ਉੱਪਰ ਹਮਲੇ, ਪਿਛਲੀ ਦਿਨੀਂ ਤਾਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਦੀ ਭੰਨਤੋੜ ਕੀਤੀ ਗਈ, ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਰੰਗਲੇ ਪੰਜਾਬ ਦੀ ਗੱਲ ਕਰਦੇ ਹਨ, ਪ੍ਰੰਤੂ ਇਨ੍ਹਾਂ ਨੇ ਸੂਬੇ ਨੂੰ ਨਸ਼ੇ ਦਾ ਪੰਜਾਬ ਬਣਾ ਦਿੱਤਾ ਹੈ। ਕਾਨੂੰਨ ਦੀ ਉਲੰਘਣਾ ਨੇ ਪੰਜਾਬ ਅੰਦਰ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ, ਇਹ ਸਭ ਘਟਨਾਵਾਂ ਤੋਂ ਸਿੱਧ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਨੂੰ ਚਲਾਉਣ ਯੋਗ ਨਹੀਂ ਹਨ। ਬਰਿੰਦਰ ਬਿੱਟੂ ਨੇ ਕਿਹਾ ਕਿ ਰਾਜਨੀਤਕ ਲੀਡਰਾਂ ਦੇ ਘਰ ਜਦੋਂ ਸੁਰੱਖਿਅਤ ਨਹੀਂ ਤਾਂ ਪੰਜਾਬ ਦੀ ਆਮ ਜਨਤਾ ਦਾ ਕੀ ਬਣੇਗਾ।ਉਨ੍ਹਾਂ ਇਸ ਗੰਭੀਰ ਵਾਰਦਾਤ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰਦੇ ਹੋਏ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬ ਦੀ ਜਨਤਾ ਨੂੰ ਬਚਾਇਆ ਜਾਵੇ ਤੇ ਰਾਸ਼ਟਰਪਤੀ ਰਾਜ ਲਗਾਇਆ ਜਾਵੇ ਤਾਂ ਕਿ ਸੂਬੇ ਦੀ ਜਨਤਾ ਸੁੱਖ ਦਾ ਸਾਹ ਲੈ ਸਕੇ।

## ਨਸ਼ਿਆਂ ਵਿਰੁੱਧ ਯਾਤਰਾ 'ਚ ਸ਼ਾਮਲ ਹੋਏ ਵਾਈਸ ਚਾਂਸਲਰ ਡਾ. ਰਾਜੀਵ ਸੂਦ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਵਾਈਸ ਚਾਂਸਲਰ, ਪ੍ਰੋ. (ਡਾ.) ਰਾਜੀਵ ਸੂਦ ਨੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਵਿੱਚ ਚਲਾਈ ਗਈ ਪਦ ਯਾਤਰਾ ਦੇ ਸਮਾਪਤੀ ਪੜਾਅ ਵਿੱਚ ਹਿੱਸਾ ਲਿਆ, ਜਿਸਦਾ ਉਦੇਸ਼ ਨਸ਼ੀਲੇ ਪਦਾਰਥਾਂ ਦੀ ਲਤ ਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਗੰਭੀਰ ਖ਼ਤਰੇ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। 3 ਅਪ੍ਰੈਲ ਤੋਂ 8 ਅਪ੍ਰੈਲ ਤੱਕ ਆਯੋਜਤ ਪਦ ਯਾਤਰਾ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚੋਂ ਦੀ ਲੰਘਦੀ ਹੋਈ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਮਾਪਤ ਹੋਈ, ਜੋ ਨਸ਼ਿਆਂ ਦੇ ਸੰਕਟ ਵਿਰੁੱਧ ਇੱਕ ਮਜਬੂਤ ਤੇ ਇਕਜੁਟ ਸਟੈਂਡ ਦਾ ਪ੍ਰਤੀਕ ਹੈ, ਜਿਸਨੇ ਖਾਸ ਕਰਕੇ ਨੌਜਵਾਨਾਂ ਨੂੰ ਡੂੰਘਾ ਪ੍ਰਭਾਵਤ ਕੀਤਾ ਹੈ।ਪ੍ਰੋ. (ਡਾ.) ਸੂਦ 8 ਅਪ੍ਰੈਲ, 2025 ਨੂੰ ਸਵੇਰੇ 7:00 ਵਜੇ ਭੰਡਾਰੀ ਪੁਲ ਪਾਰਕਿੰਗ ਤੋਂ ਜਲ੍ਹਿਆਂਵਾਲਾ ਬਾਗ ਤੱਕ ਰਾਜਪਾਲ ਨਾਲ ਯਾਤਰਾ ਵਿੱਚ ਸ਼ਾਮਲ ਹੋਏ।ਇਸ ਮੌਕੇ ਪ੍ਰੋ. (ਡਾ.) ਸੂਦ ਨੇ ਦੱਸਿਆ ਕਿ ਯੂਨੀਵਰਸਿਟੀ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਜਾਗਰੂਕਤਾ ਤੇ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਵਚਨਬੱਧ ਹੈ।ਨਸ਼ਾ ਮੁਕਤ ਰੰਗਲਾ ਪੰਜਾਬ ਦੇ ਨਿਰਮਾਣ ਲਈ ਸਾਡੇ ਵਿਦਿਆਰਥੀ, ਫੈਕਲਟੀ ਅਤੇ ਮੈਡੀਕਲ ਅਮਲਾ ਇਸ ਲੜਾਈ ਵਿੱਚ ਮਹੱਤਵਪੂਰਨ ਦੂਤ ਹਨ। ਇਹ ਪਹਿਲਕਦਮੀ ਮਾਨਯੋਗ ਰਾਜਪਾਲ ਵੱਲੋਂ ਉੱਚ ਸਿੱਖਿਆ ਸੰਸਥਾਵਾਂ ਨੂੰ ਸਮਾਜਿਕ ਮੁਹਿੰਮਾਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਤੇ ਉਦਾਹਰਣ ਦੇ ਕੇ ਅਗਵਾਈ ਕਰਨ ਦੀਆਂ ਵਾਰ-ਵਾਰ ਕੀਤੀਆਂ ਅਪੀਲਾਂ ਤੋਂ ਪ੍ਰੇਰਨਾ ਲੈਂਦੀ ਹੈ।ਰਾਜਪਾਲ ਨੇ ਜ਼ੋਰ ਦੇ ਕੇ ਕਿਹਾ ਕਿ ਯੂਨੀਵਰਸਿਟੀਆਂ ਨੂੰ ਵਿਦਿਆਰਥੀਆਂ, ਫੈਕਲਟੀ ਤੇ ਵਿਆਪਕ ਆਬਾਦੀ ਨੂੰ ਨਸ਼ਿਆਂ ਦੀ ਦੁਰਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਸੰਵੇਦਨਸ਼ੀਲ ਬਣਾਉਣ ਤੇ ਇੱਕ ਸਿਹਤਮੰਦ, ਨਸ਼ਾ ਮੁਕਤ ਪੰਜਾਬ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਟਿਕਾਊ, ਕਾਰਵਾਈਯੋਗ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿੱਚ ਅਗਵਾਈ ਕਰਨੀ ਚਾਹੀਦੀ ਹੈ।

## ਕਿਰਦਾਰ ਏ ਦਸਤਾਰ ਓਪਨ ਦਸਤਾਰ ਮੁਕਾਬਲੇ 12 ਨੂੰ



ਮੋਗਾ (ਇਕਬਾਲ ਸਿੰਘ ਖਹਿਰਾ)-ਦਸਤਾਰ ਚੇਤਨਾ ਮਾਰਚ ਕਮੇਟੀ ਵੱਲੋਂ ਦਸਤਾਰ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾਂਦੇ ਕਾਰਜਾਂ ਦੀ ਲੜੀ ਤਹਿਤ ਇਸ ਵਾਰ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ 12ਵਾਂ ਦਸਤਾਰ ਚੇਤਨਾ ਸਮਾਰੋਹ ਕਿਰਦਾਰ-ਏ-ਦਸਤਾਰ ਕਰਾਇਆ ਜਾ ਰਿਹਾ ਹੈ। ਗੁਰਦੁਆਰਾ ਸ੍ਰੀ ਨਾਮਦੇਵ ਭਵਨ ਅਕਾਲਸਰ ਰੋਡ ਮੋਗਾ ਵਿਖੇ ਸਵੇਰੇ ਓਪਨ ਦਸਤਾਰ ਮੁਕਾਬਲੇ ਦੇ ਆਡੀਸ਼ਨ ਕਰਾਏ ਗਏ, ਜਿਸ ਵਿੱਚ ਤਕਰੀਬਨ 50 ਬੱਚਿਆ ਨੇ ਹਿੱਸਾ ਲਿਆ ਇਸ ਮੁਕਾਬਲੇ ਵਿੱਚ ਉਮਰ 13 ਸਾਲ ਤੋਂ ਲੈ ਕੇ 25 ਸਾਲ ਤੱਕ ਦੇ ਬੱਚਿਆ ਨੇ ਬਿਨਾਂ ਸ਼ੀਸ਼ੇ ਤੋਂ ਬਹੁਤ ਵਧੀਆ ਦਸਤਾਰਾਂ ਸਜਾਈਆਂ। ਇਸ ਮੌਕੇ ਜਜਮੈਂਟ ਵੱਲੋਂ 20 ਬੱਚੇ ਚੁਣੇ ਗਏ, ਜਿਨ੍ਹਾਂ ਦੇ ਫਾਈਨਲ ਮੁਕਾਬਲੇ ਤਾਰੀਕ 12 ਅਪ੍ਰੈਲ ਐਵਰਗ੍ਰੀਨ ਪਾਰਕ ਗੋਧੇਵਾਲਾ ਵਿਖੇ ਕਰਾਏ ਜਾਣਗੇ। ਜੱਜਮੈਂਟ ਦੀ ਸੇਵਾ ਅੰਗਰੇਜ਼ ਸਿੰਘ, ਰਹਿਤਪ੍ਰੀਤ ਸਿੰਘ, ਹਰਸ਼ਪ੍ਰੀਤ ਸਿੰਘ, ਜਗਰੂਪ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਪ੍ਰਬੰਧਕ ਹਰਦਿਆਲ ਸਿੰਘ ਨੇ ਦੱਸਿਆ ਕਿ ਇਹ ਸਮਾਗਮ 12 ਅਪ੍ਰੈਲ ਨੂੰ ਸ਼ਾਮ 6.30 ਤੋਂ ਰਾਤ 10 ਵਜੇ ਤੱਕ ਐਵਰਗਰੀਨ ਪਾਰਕ ਗੋਧੇਵਾਲਾ ਵਿਖੇ ਹੋਵੇਗਾ। ਪ੍ਰਬੰਧਕ ਜਗਰੂਪ ਸਿੰਘ, ਕੁਲਵੰਤ ਸਿੰਘ ਨੇ ਕਿਹਾ ਕਿ ਓਪਨ ਦਸਤਾਰ ਮੁਕਾਬਲੇ, ਗੱਤਕਾ ਪ੍ਰਦਰਸ਼ਨੀ, ਧਾਰਮਿਕ ਨਾਟਕ, ਕੋਰੀਓਗ੍ਰਾਫ਼ੀ, ਗੁਰਸਿੱਖ ਮਾਡਲਿੰਗ, ਸਾਬਤ ਸੂਰਤ ਐਕਟਰ ਤੇ ਇਤਿਹਾਸਿਕ ਪ੍ਰਦਰਸ਼ਨੀਆਂ ਦੇਖਣਯੋਗ ਹੋਣਗੀਆਂ। ਮੇਅਰ ਬਲਜੀਤ ਸਿੰਘ ਚਾਨੀ, ਗੁਰਸੇਵਕ ਸਿੰਘ ਸੰਨਿਆਸੀ, ਨਿਰਮਲ ਸਿੰਘ ਖੀਵਾ, ਅਪਣੇ ਵਿਚਾਰ ਸਾਂਝੇ ਕੀਤੇ ਤੇ ਬੱਚਿਆਂ ਨੂੰ ਸਨਮਾਨਤ ਕੀਤਾ।

## ਸਰਕਾਰੀ ਸੈਕੰਡਰੀ ਸਕੂਲ ਬੁਰਜ ਹਰੀ 'ਚ ਕਰਾਇਆ ਸਾਲਾਨਾ ਸਮਾਗਮ




ਮਾਨਸਾ (ਆਤਮਾ ਸਿੰਘ ਪਮਾਰ)-ਸਰਕਾਰੀ ਸੈਕੰਡਰੀ ਸਕੂਲ ਬੁਰਜ ਹਰੀ ਵਿਖੇ ਸਕੂਲ ਮੁਖੀ ਸੰਦੀਪ ਢੰਡ ਸੁਚੱਜੀ ਅਗਵਾਈ 'ਚ ਸ਼ੈਸ਼ਨ 2024-25 ਦੌਰਾਨ ਵਿੱਦਿਅਕ ਤੇ ਸਹਿ -ਵਿੱਦਿਅਕ ਕਿਰਿਆਵਾਂ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਹਿੱਤ ਸਲਾਨਾ ਇਨਾਮ ਵੰਡ ਸਮਾਰੋਹ ਕਰਾਇਆ ਗਿਆ। ਸਮਾਗਮ ਵਿੱਚ ਮੁੱਖ- ਮਹਿਮਾਨ ਵਜੋਂ ਉਪ-ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਡਾ. ਪਰਮਜੀਤ ਸਿੰਘ ਭੋਗਲ, ਵਿਸ਼ੇਸ਼ ਮਹਿਮਾਨ ਪ੍ਰਿੰਸੀਪਲ ਮੋਨਿਕਾ ਰਾਣੀ ਪੀਈਐਸ -1, ਹਰਦੀਪ ਸਿੰਘ ਮਾਨ, ਸੁਖਚਰਨ ਸਿੰਘ ਬਦੇਸ਼ਾ, ਸੁਖਪਾਲ ਸਿੰਘ ਬਦੇਸ਼ਾਂ ਰੇਸ਼ਮ ਸਿੰਘ ਮਾਨ, ਡਾਇਰੈਕਟਰ ਪਨਜੁਆਏ ਲਹਿਰਾਬੇਗਾ ਤੇ ਚੇਅਰਮੈਨ ਗੁਰਜੰਟ ਸਿੰਘ ਬੁਰਜ ਹਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।ਇਸ ਸਮਾਰੋਹ ਦੌਰਾਨ ਵਿੱਦਿਅਕ ਤੇ ਸਹਿ ਵਿੱਦਿਅਕ ਕਿਰਿਆਵਾਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਟ੍ਰਾਫੀਆਂ, ਮੈਡਲਾਂ ਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ।ਡਾ. ਪਰਮਜੀਤ ਸਿੰਘ ਭੋਗਲ ਨੇ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਹਿੱਤ ਸਰਕਾਰ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਸਬੰਧੀ ਜਾਣਕਾਰੀ ਸਾਂਝੀਆਂ ਕੀਤੀਆਂ।ਪ੍ਰਿੰਸੀਪਲ ਮੈਡਮ ਮੋਨੀਕਾ ਰਾਣੀ ਨੇ ਲੜਕੀਆਂ ਦੀ ਸਿੱਖਿਆ ਤੇ ਮਾਪਿਆਂ ਦੇ ਸਹਿਯੋਗ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।ਸਕੂਲ ਦੀ ਸਾਲਾਨਾ ਰਿਪੋਰਟ ਸ੍ਰੀ ਰੋਹਿਤ ਕੁਮਾਰ ਮੈਥ ਮਾਸਟਰ ਵੱਲੋਂ ਪੇਸ਼ ਕੀਤੀ ਗਈ।ਇਨਾਮਾਂ ਦੀ ਵੰਡ ਸਬੰਧੀ ਵੇਰਵਾ ਪਿੰਕਲ ਵੱਲੋਂ ਤਿਆਰ ਕੀਤਾ ਗਿਆ।ਮੈਡਮ ਜਗਦੀਪ ਕੌਰ, ਮੈਡਮ ਹਰਦੀਪ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਕੋਰੀਓਗ੍ਰਾਫੀ, ਗਿੱਧਾ, ਭੰਗੜਾ ਆਦਿ ਆਈਟਮਾਂ ਪੇਸ਼ ਕਰਾਈਆਂ ਗਈਆਂ।ਇਸ ਮੌਕੇ ਮਾਪਿਆਂ ਦੀਆਂ ਮਨੋਰੰਜਕ ਖੇਡਾਂ ਵੀ ਕਰਵਾਈਆਂ ਗਈਆਂ।ਰਿਫਰੈਸ਼ਮੈਂਟ ਪ੍ਰਬੰਧਾਂ ਵਿੱਚ ਹਰਬਿੰਦਰ ਕੌਰ, ਮਨਪ੍ਰੀਤ ਕੌਰ ਤੇ ਨਵਦੀਪ ਸਿੰਘ, ਕੁਲਵਿੰਦਰ ਕੌਰ ਸਰਬਜੀਤ ਕੌਰ, ਪਰਮਜੀਤ ਕੌਰ ਤੇ ਵੀਰਾਂ ਵੱਲੋਂ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ।ਪੰਡਾਲ ਦੀ ਸਜਾਵਟ ਲਈ ਮਨਦੀਪ ਸਿੰਘ, ਨਵਦੀਪ ਸਿੰਘ, ਲਛਮਣ ਸਿੰਘ ਨੇ ਅਹਿਮ ਕਾਰਜ ਕੀਤੇ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੁਖਜਿੰਦਰ ਸਿੰਘ ਮੈਥ ਮਾਸਟਰ ਨੇ ਬਾਖ਼ੂਬੀ ਨਿਭਾਈ।ਸਕੂਲ ਮੁਖੀ ਸੰਦੀਪ ਢੰਡ ਤੇ ਸਮੂਹ ਸਟਾਫ ਵੱਲੋਂ ਮੁੱਖ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ ਤੇ ਆਏ ਹੋਏ ਮਹਿਮਾਨਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

## ਕੰਡਿਆਲੀ ਤਾਰ ਤੋਂ ਪਾਰ ਹੋਏ ਧਮਾਕੇ 'ਚ ਬੀ ਐੱਸ ਐੱਫ ਜਵਾਨ ਜ਼ਖ਼ਮੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** ਬੀਤੀ ਰਾਤ ਬੀ ਐੱਸ ਐੱਫ ਦੇ ਸੈਕਟਰ ਗੁਰਦਾਸਪੁਰ ਅਧੀਨ ਆਉਂਦੀ ਬੀ ਓ ਪੀ ਚੌਕੀ ਚੌੜਾਰ ਵਿੱਚ ਬਲਾਸਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਮੌਕੇ ਕੰਡਿਆਲੀ ਤਾਰ ਤੋਂ ਪਾਰ ਹੋਏ ਬਲਾਸਟ ਦੌਰਾਨ ਬੀ ਓ ਪੀ ਚੌਕੀ ਚੌੜਾਰ ਵਿਖੇ ਤਾਇਨਾਤ ਬੀ ਐੱਸ ਐੱਫ ਦਾ ਇੱਕ ਜਵਾਨ ਦੇ ਜ਼ਖ਼ਮੀ ਹੋ ਗਿਆ।ਜਾਣਕਾਰੀ ਅਨੁਸਾਰ ਮੰਗਲਵਾਰ ਦੀ ਰਾਤ ਬੀ ਐੱਸ ਐੱਫ ਦੀ ਚੌੜਾਰ ਬੀ ਓ ਪੀ ਦੇ ਜਵਾਨ ਕੰਡਿਆਲੀ ਤਾਰ ਦੇ ਨੇੜੇ ਡਿਊਟੀ ਕਰ ਰਹੇ ਸਨ,ਉਸ ਸਮੇਂ ਅਚਾਨਕ ਹੋਏ ਬਲਾਸਟ ਨਾਲ ਬੀ ਐੱਸ ਐੱਫ ਦੇ ਜਵਾਨ ਦਾ ਪੈਰ ਫੱਟੜ ਹੋ ਗਿਆ।ਇਸ ਘਟਨਾ ਦੀ ਖ਼ਬਰ ਸੁਣਦਿਆਂ ਹੀ ਬੀ ਐੱਸ ਐੱਫ ਦੇ ਉੱਚ ਅਧਿਕਾਰੀ ਅਤੇ ਹੋਰ ਪੁਲਸ ਕਰਮਚਾਰੀਆਂ ਵੱਲੋਂ ਮੌਕੇ ਪਹੁੰਚ ਕੇ ਬਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਜ਼ਖ਼ਮੀ ਜਵਾਨ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ।



## ਸਰਕਾਰ ਸਿੱਖਿਆ ਦੇ ਖੇਤਰ 'ਚ ਨਵੇਂ ਮਿਆਰ ਕਾਇਮ ਕਰਨ ਲਈ ਵਚਨਬੱਧ : ਸ਼ੈਰੀ ਕਲਸੀ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)** ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ 'ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ 23 ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 4 ਕਰੋੜ 16 ਲੱਖ 3432 ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ, ਜਿਸ ਨਾਲ ਜ਼ਿਲ੍ਹੇ ਦੇ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਵੱਡਾ ਹੁਲਾਰਾ ਮਿਲਿਆ ਹੈ।ਇਨ੍ਹਾਂ ਵਿਕਾਸ ਕਾਰਜਾਂ ਵਿੱਚ ਮੁੱਖ ਤੌਰ 'ਤੇ ਸਮਾਰਟ ਕਲਾਸ ਰੂਮਜ਼, ਚਾਰਦਿਵਾਰੀ, ਕਲੱਸਟਰ ਰੂਮ, ਪਖਾਨੇ ਆਦਿ ਦੇ ਕੰਮ ਸ਼ਾਮਲ ਹਨ।ਇਸੇ ਮੁਹਿੰਮ ਤਹਿਤ ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਕੂਲ ਆਫ ਐਮੀਨੈਂਸ ਧਰਮਪੁਰਾ ਕਾਲੋਨੀ ਦੇ ਬਲਾਕ ਦਾ ਉਦਘਾਟਨ ਕਰਨ ਸਮੇਤ ਸਰਕਾਰੀ ਮਿਡਲ ਸਕੂਲ ਕੈਂਪ ਅਤੇ ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਅਤੇ (ਲੜਕੇ) ਕੈਂਪ ਬਟਾਲਾ ਵਿਖੇ 2 ਕਰੋੜ 45 ਲੱਖ 28200 ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜ ਸਮਰਪਿਤ ਕੀਤੇ।ਇਸ ਵਿੱਚ ਸਕੂਲ ਆਫ ਐਮੀਨੈਂਸ ਧਰਮਪੁਰਾ ਕਾਲੋਨੀ ਦੇ ਵਿਕਾਸ ਲਈ 1 ਕਰੋੜ 9 ਲੱਖ 49200 ਰੁਪਏ ਖਰਚ ਕੀਤੇ ਗਏ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੂਬਾ ਭਰ ਵਿੱਚ 'ਸਕੂਲ ਆਫ ਐਮੀਨੈਂਸ' ਸਥਾਪਤ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਵੱਖ-ਵੱਖ ਮੁਕਾਬਲਿਆਂ ਲਈ ਤਿਆਰ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ।ਇਸੇ ਤਰ੍ਹਾਂ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬਾਘੇ, ਖੋਖੇਵਾਲ ਮੰਡ, ਮਾੜੀਆਂ ਬੁੱਚੀਆਂ ਤੇ ਸਮਰਾਏ ਅਤੇ ਸਰਕਾਰੀ ਹਾਈ ਸਕੂਲ ਬੋਲ ਬਾਘੇ ਵਿਖੇ 43 ਲੱਖ 3200 ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਇਸੇ ਤਰ੍ਹਾਂ ਚੇਅਰਮੈਨ ਬਲਬੀਰ ਸਿੰਘ ਪੰਨੂੰ ਵੱਲੋਂ ਫਤਿਹਗੜ੍ਹ ਚੂੜੀਆਂ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਘਣੀਏ ਕੇ ਬਾਂਗਰ ਵਿਖੇ 19 ਲੱਖ 46 ਹਜ਼ਾਰ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ ਹਨ।

## ਰਾਜਪਾਲ ਸੂਬੇ 'ਚ ਨਸ਼ਾ ਮੁਕਤ ਪਹਿਲਕਦਮੀ ਮੱਦੇਨਜ਼ਰ ਲੇਡੀ ਕਾਂਸਟੇਬਲ ਡਰੱਗ ਕੇਸ ਦੀ ਪੈਰਵਾਈ ਕਰਨ : ਬ੍ਰਹਮਪੁਰਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)** ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ।ਪਿੰਡ ਚੋਹਲਾ ਸਾਹਿਬ, ਖਡੂਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬ੍ਰਹਮਪੁਰਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੂਬੇ 'ਚ ਸੁਰੱਖਿਆ ਦੀਆਂ ਉਡ ਰਹੀਆਂ ਧੱਜੀਆਂ ਲਈ ਸਖ਼ਤ ਆਲੋਚਨਾ ਕੀਤੀ। ਬ੍ਰਹਮਪੁਰਾ ਨੇ ਕਿਹਾ ਕਿ ਪੰਜਾਬ ਵਿੱਚ ਗੈਂਗਸਟਰਾਂ ਦਾ ਉਭਾਰ ਇੱਕ ਬੁਨਿਆਦੀ ਸਵਾਲ ਖੜ੍ਹਾ ਕਰਦਾ ਹੈ, ਜਦੋਂ ਕਿ ਆਮ ਨਾਗਰਿਕਾਂ ਦੀ ਹਿਫਾਜ਼ਤ ਇੱਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ, ਵਿਗੜਦੀ ਕਨੂੰਨ ਵਿਵਸਥਾ ਮੱਦੇਨਜ਼ਰ, ਸਾਡੇ ਪੰਜਾਬ ਵਿੱਚ ਕੌਣ ਆਵੇਗਾ? ਉਨ੍ਹਾਂ ਨੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆਂ ਦੀ ਰਹਾਇਸ਼ 'ਤੇ ਹਾਲ ਹੀ ਵਿੱਚ ਹੋਏ ਗ੍ਰਨੇਡ ਹਮਲੇ 'ਤੇ ਟਿੱਪਣੀ ਕਰਦਿਆਂ ਇਸ ਨੂੰ ਬੇਹੱਦ ਮੰਦਭਾਗਾ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਆਮ ਨਾਗਰਿਕਾਂ ਦੀ ਤਾਂ ਗੱਲ ਹੀ ਛੱਡੋ, ਵੀ ਆਈ ਪੀ ਵਿਅਕਤੀ ਦੀ ਹਿਫ਼ਾਜ਼ਤ ਕਰਨ ਵਿੱਚ ਸਰਕਾਰ ਦੀ ਅਸਮਰੱਥਾ ਦਾ ਇੱਕ ਚਿੰਤਾਜਨਕ ਸੰਕੇਤ ਖੜਾਂ ਹੁੰਦਾ ਹੈ।ਸ੍ਰੀ ਬ੍ਰਹਮਪੁਰਾ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਦਖਲ ਦੇਣ ਦੀ ਮੰਗ ਕੀਤੀ ਅਤੇ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਵਿਰੁੱਧ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਦੋਸ਼ਾਂ ਦੀ ਜਾਂਚ ਲਈ ਐਸ ਆਈ ਏ ਵਰਗੀਆਂ ਕੇਂਦਰੀ ਜਾਂਚ ਏਜੰਸੀਆਂ ਨੂੰ ਸ਼ਾਮਲ ਕਰਨ ਦੀ ਵਕਾਲਤ ਕੀਤੀ।ਰਾਜਪਾਲ ਕਟਾਰੀਆ ਦੇ ਸੂਬੇ ਭਰ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਨਿੱਜੀ ਤੌਰ 'ਤੇ ਲਾਮਬੰਦ ਹੋਣ ਦੇ ਯਤਨਾਂ ਦਾ ਧੰਨਵਾਦ ਕਰਦੇ ਹੋਏ, ਬ੍ਰਹਮਪੁਰਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ ਅਤੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਤੋਂ ਉਭਾਰਨ ਲਈ ਨਿਰੰਤਰ ਸਹਿਯੋਗ ਦੀ ਅਪੀਲ ਕੀਤੀ।ਇਸ ਮੌਕੇ ਸਾਬਕਾ ਸਰਪੰਚ ਅਮਰੀਕ ਸਿੰਘ ਚੋਹਲਾ ਸਾਹਿਬ, ਸਤਨਾਮ ਸਿੰਘ ਕਰਮੂੰਵਾਲਾ, ਡਾ: ਤਜਿੰਦਰ ਸਿੰਘ ਚੋਹਲਾ ਸਾਹਿਬ, ਮਨਜਿੰਦਰ ਸਿੰਘ ਲਾਟੀ, ਗੁਰਦੇਵ ਸਿੰਘ ਚੋਹਲਾ ਸਾਹਿਬ, ਦਿਲਬਰ ਸਿੰਘ ਚੋਹਲਾ ਸਾਹਿਬ, ਸੈਕਟਰੀ ਗੁਰਦਿਆਲ ਸਿੰਘ, ਬਲਜਿੰਦਰ ਸਿੰਘ ਗੋਹਲਵਾੜ ਆਦਿ ਹਾਜ਼ਰ ਸਨ।



## ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100 ਫੀਸਦੀ




**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)** ਇਲਾਕੇ ਦੀ ਨਾਮਵਾਰ ਵਿਦਿਅਕ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋ ਨੇ ਖਜਾਲਾ ਅੰਮ੍ਰਿਤਸਰ ਮਹਿਤਾ ਰੋਡ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਸਾਲ 2024-25 ਦਾ ਨਤੀਜਾ 100% ਪ੍ਰਾਪਤ ਕੀਤਾ ਹੈ।ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰਸੀਪਲ ਮੈਡਮ ਬਲਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਦੇ ਕੁੱਲ 13 ਬੱਚੇ 90% ਤੋਂ ਵੱਧ ਨੰਬਰ ਲੈ ਕੇ ਪਾਸ ਹੋਏ ਹਨ ਜਮਾਤ ਦੇ ਵਿਦਿਆਰਥੀ ਗੁਰਸੇਵਕ ਸਿੰਘ 97% ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਗੁਰਲੀਨ ਕੌਰ ਅਤੇ ਨੇ 93.8% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ, ਜਸਲੀਨ ਕੌਰ ਅਤੇ ਮਹਿਕਪ੍ਰੀਤ ਕੌਰ ਨੇ 93% ਤੀਸਰਾ ਸਥਾਨ ਹਾਸਲ ਇਲਾਕੇ ਵਿੱਚ ਸਕੂਲ ਦਾ ਨਾਂਅ ਰੌਸ਼ਨ ਕੀਤਾ।ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਅਤੇ ਮੈਡਮ ਪ੍ਰਿੰਸੀਪਲ ਬਲਵਿੰਦਰ ਕੌਰ ਨੇ ਕਿਹਾ ਕਿ ਇਸ ਸ਼ਾਨਦਾਰ ਪ੍ਰਦਰਸ਼ਨ ਦਾ ਸਿਹਰਾ ਸਕੂਲ ਦੇ ਮਿਹਨਤੀ ਅਧਿਆਪਕਾਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਜਾਂਦਾ ਹੈ।ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰਸੀਪਲ ਮੈਡਮ ਬਲਵਿੰਦਰ ਕੌਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਸਫਲਤਾ 'ਤੇ ਵਧਾਈ ਦਿੱਤੀ ਅਤੇ ਬੱਚਿਆਂ ਦਾ ਲੱਡੂ ਖਵਾ ਕੇ ਮੂੰਹ ਮਿੱਠਾ ਕਰਵਾਇਆ।ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਕਿਰਨ ਬਾਲਾ ਅਤੇ ਪ੍ਰਬੰਧਕ ਰਾਜਵੰਸ਼ ਕੌਰ ਅਤੇ ਹੋਰ ਸਟਾਫ ਮੈਂਬਰਾਂ ਨੇ ਬੱਚਿਆਂ ਨੂੰ ਭਵਿੱਖ ਵਿੱਚ ਵੀ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਸਿੱਖਿਆ ਖੇਤਰ ਨੂੰ ਬੁਲੰਦੀਆਂ ਵੱਲ ਲੈ ਕੇ ਜਾ ਰਹੀ ਹੈ ਸਰਕਾਰ : ਰੰਧਾਵਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਿੱਖਿਆ ਖੇਤਰ ਨੂੰ ਬੁਲੰਦੀਆਂ 'ਤੇ ਲੈ ਕੇ ਜਾ ਰਹੀ ਹੈ।ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਵਿੱਢੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿੱਚ ਕੀਤੇ ਵਿਕਾਸ ਕਾਰਜਾਂ ਲੋਕ ਅਰਪਿਤ ਕੀਤੇ ਜਾ ਰਿਹਾ ਹੈ ਤੇ ਨਾਲ ਹੀ ਹੋਰ ਹੋਣ ਵਾਲੇ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਸਰਕਾਰੀ ਹਾਈ ਸਕੂਲ ਪੱਬਾਂਰਾਲੀ ਕਲਾਂ, ਸਰਕਾਰੀ ਮਿਡਲ ਸਕੂਲ ਪਰਾਚਾ ਅਤੇ ਸਰਕਾਰੀ ਮਿਡਲ ਸਕੂਲ ਹਕੀਮ ਬੇਗ ਵਿਖੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਸਿੱਖਿਆ ਕ੍ਰਾਂਤੀ ਤਹਿਤ ਇਨ੍ਹਾਂ ਸਕੂਲਾਂ ਵਿੱਚ ਰਾਜ ਸਰਕਾਰ ਵੱਲੋਂ ਨਵੇਂ ਸਮਾਰਟ ਕਲਾਸ ਰੂਮ, ਸਕੂਲਾਂ ਦੀ ਚਾਰ-ਦੀਵਾਰੀ, ਲਾਇਬ੍ਰੇਰੀਆਂ, ਖੇਡਾਂ ਦਾ ਸਮਾਨ, ਵਿਦਿਆਰਥੀਆਂ ਲਈ ਨਵੇਂ ਵਾਸ਼ਰੂਮ ਅਤੇ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਗਿਆ ਹੈ। ਇਸ ਮੌਕੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ। ਹਲਕਾ ਵਿਧਾਇਕ ਨੇ ਕਿਹਾ ਕਿ ਸਰਕਾਰ ਦਾ ਇਹ ਟੀਚਾ ਹੈ ਕਿ ਵਧ ਤੋਂ ਵਧ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਹੋਣ ਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਵਡਮੁੱਲੇ ਤਜਰਬੇ ਅਤੇ ਸਰਕਾਰੀ ਸਕੂਲਾਂ ਦੇ ਚੰਗੇ ਬੁਨਿਆਦੀ ਢਾਂਚੇ ਦਾ ਲਾਹਾ ਲੈਣ।ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ,ਹੈੱਡ ਮਾਸਟਰ ਹਰਭਜਨ ਲਾਲ ਡਿਗਰਾ, ਆਪ ਆਗੂ ਰਾਜੇਸ਼ ਕੁਮਾਰ (ਬਿੱਟਾ )ਮਹਾਜਨ,ਸਾਬਕਾ ਸਰਪੰਚ ਹਰਜੀਤ ਸਿੰਘ ਠੇਠਰਕੇ, ਸਰਪੰਚ ਮੇਜਰ ਸਿੰਘ ਠੇਠਰਕੇ, ਪੀ ਏ ਲਵਪ੍ਰੀਤ ਸਿੰਘ, ਬਲਜਿੰਦਰ ਕੌਰ ਸਰਪੰਚ ਹਰਦਰਵਾਲ ਕਲਾ, ਸੁਖਦੀਪ ਸਿੰਘ ਸਰਪੰਚ ਹਕੀਮ ਬੇਗ ,ਸੁਖਦੀਪ ਸਿੰਘ ਮੱਲੀ, ਰਾਜਵਿੰਦਰ ਸਿੰਘ ਹਰਦਰਵਾਲ, ਕੁਲਦੀਪ ਸਿੰਘ ਭੁੱਲਰ ਆਦਿ ਤੋਂ ਇਲਾਵਾ ਬੱਚਿਆਂ ਦੇ ਮਾਪੇ ਤੇ ਆਪ ਆਗੂ ਤੇ ਵਰਕਰ ਆਦਿ ਹਾਜ਼ਰ ਸਨ ।

## ਸਰਕਾਰ ਨੇ ਸਿੱਖਿਆ ਕ੍ਰਾਂਤੀ ਲਿਆ ਕੇ ਸਰਕਾਰੀ ਸਕੂਲਾਂ 'ਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਿਆ : ਰਮਨ ਬਹਿਲ



**ਗੁਰਦਾਸਪੁਰ (ਦਿਨੇਸ਼ ਕੁਮਾਰ)** - ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ 4 ਵੱਖ-ਵੱਖ ਸਕੂਲਾਂ ਵਿੱਚ 65 ਲੱਖ ਰੁਪਏ ਤੋਂ ਵਧੇਰੇ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ।ਚੇਅਰਮੈਨ ਰਮਨ ਬਹਿਲ ਨੇ ਸਭ ਤੋਂ ਪਹਿਲਾਂ ਸਰਕਾਰੀ ਪ੍ਰਾਇਮਰੀ ਸਕੂਲ ਜੋਈਆਂ ਵਿਖੇ 2.20 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਦਾ ਉਦਘਾਟਨ ਕੀਤਾ।ਇਸ ਤੋਂ ਬਾਅਦ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਇੰਦਰਾਵਾਲ ਵਿਖੇ 7.61 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਸਮਾਰਟ ਕਲਾਸ ਰੂਮ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਲੰਗਾਹ ਜੱਟਾਂ ਵਿਖੇ 7.61 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਸਮਾਰਟ ਕਲਾਸ ਰੂਮ ਦਾ ਉਦਘਾਟਨ ਕੀਤਾ।ਇਸ ਉਪਰੰਤ ਰਮਨ ਬਹਿਲ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਜੌੜਾ ਛੱਤਰਾਂ ਵਿਖੇ ਪਹੁੰਚੇ ਜਿੱਥੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਤਹਿਤ 48 ਲੱਖ ਰੁਪਏ ਖ਼ਰਚ ਕਰਕੇ ਸਕੂਲ ਵਿੱਚ ਨਵੀਂ ਲਾਇਬ੍ਰੇਰੀ, ਸਮਾਰਟ ਕਲਾਸ ਰੂਮ, ਚਾਰ ਦੀਵਾਰੀ ਅਤੇ ਸਕੂਲ ਦੇ ਹੋਰ ਬੁਨਿਆਦੀ ਢਾਂਚੇ ਤਹਿਤ ਕੀਤੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਸਕੂਲੀ ਵਿਦਿਆਰਥੀਆਂ ਦੇ ਮਾਪਿਆਂ ਅਤੇ ਪਿੰਡ ਦੇ ਵਸਨੀਕਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਨੂੰ ਹੋਰ ਬਿਹਤਰੀਨ ਬਣਾਉਣ ਲਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦਾ ਆਗਾਜ਼ ਕੀਤਾ ਹੈ, ਜਿਸ ਦੇ ਤਹਿਤ ਸਕੂਲਾਂ ਵਿੱਚ ਹਰ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਸ੍ਰੀਮਤੀ ਪਰਮਜੀਤ, ਆਮ ਆਦਮੀ ਪਾਰਟੀ ਦੇ ਹਲਕਾ ਸਿੱਖਿਆ ਕੋਆਰਡੀਨੇਟਰ ਸ੍ਰੀ ਅਸ਼ਵਨੀ ਕੁਮਾਰ, ਉੱਘੇ ਆਗੂ ਸ. ਸੁੱਚਾ ਸਿੰਘ ਮੁਲਤਾਨੀ, ਗੁਰਪ੍ਰੀਤ ਸਿੰਘ ਸਰਪੰਚ ਜੋਈਆਂ, ਰੋਸ਼ਨ ਲਾਲ ਬਲਾਕ ਪ੍ਰਧਾਨ, ਬੀ.ਪੀ.ਈ.ਓ. ਰਾਕੇਸ਼ ਕੁਮਾਰ, ਦਿਲਬਾਗ ਸਿੰਘ ਸਰਪੰਚ ਹੀਰ, ਗੁਰਨਾਮ ਸਿੰਘ ਸਰਪੰਚ ਪੂਰੋਵਾਲ ਜੱਟਾਂ, ਮੁਖਵਿੰਦਰ ਸਿੰਘ ਸਰਪੰਚ ਤਤਲੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ, ਅਧਿਆਪਕ ਤੇ ਇਲਾਕੇ ਦੇ ਮੁਹਤਬਰ ਹਾਜ਼ਰ ਸਨ।

## ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਗੁਜਰਾਤ ਰਵਾਨਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)** ਗੁਜਰਾਤ ਦੇ ਅਹਿਮਦਾਬਾਦ ਸ਼ਹਿਰ ਵਿੱਚ ਆਯੋਜਿਤ ਕੀਤੇ ਜਾ ਰਹੇ ਨਿਆਂਪੱਥ-ਸੰਕਲਪ, ਸਮਰਪਣ ਅਤੇ ਸੰਘਰਸ਼ ਦੇ ਸੈਸ਼ਨ ਵਿੱਚ ਹਿੱਸਾ ਲੈਣ ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਗੁਜਰਾਤ ਲਈ ਰਵਾਨਾ ਹੋਏ ਰਵਾਨਾ ਹੋਣ ਤੋਂ ਪਹਿਲਾਂ ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ 140 ਸਾਲਾਂ ਦੇ ਇਤਿਹਾਸ ਵਿੱਚ ਛੇਵਾਂ ਦੋ ਦਿਨਾਂ ਸੰਮੇਲਨ ਗੁਜਰਾਤ ਵਿੱਚ ਹੋ ਰਿਹਾ ਹੈ ਪਹਿਲੇ ਦਿਨ ਸਰਬ ਭਾਰਤੀ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ, ਮੈਡਮ ਸੋਨੀਆ ਗਾਂਧੀ, ਰਾਹੁਲ ਗਾਂਧੀ, ਸੂਬਿਆਂ ਦੇ ਮੁੱਖ ਮੰਤਰੀ ਤੇ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਸ਼ਾਮਲ ਹੋਣਗੇ। ਇਹ ਸੰਮੇਲਨ ਦੇਸ਼ ਨੂੰ ਨਵੀਂ ਦਸ਼ਾ ਤੇ ਦਿਸ਼ਾ ਪ੍ਰਧਾਨ ਕਰੇਗਾ। ਇਸ ਮੌਕੇ ਸ਼ਕੀਲ ਅਹਿਮਦ, ਸੁੱਖਬਿੰਦਰ ਸਿੰਘ ਸਰਕਾਰੀਆ, ਸੰਦੀਪ ਸੰਧੂ, ਭਗਵੰਤ ਪਾਲ ਸਿੰਘ ਸੱਚਰ, ਮੈਡਮ ਅਰੁਣਾ ਚੌਧਰੀ, ਬਾਵਾ ਹੈਨਰੀ, ਮੈਡਮ ਗੁਰਸ਼ਰਨ ਕੌਰ ਤੇ ਹੋਰ ਵੀ ਆਗੂ ਨਾਲ ਸਨ।

## 21 ਨਸ਼ੀਲੇ ਟੀਕਿਆਂ ਸਣੇ ਕਾਬੂ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**— ਸ੍ਰੀ ਚਮਕੌਰ ਸਾਹਿਬ ਪੁਲਸ ਨੇ ਇੱਕ ਨੌਜਵਾਨ ਨੂੰ 21 ਨਸ਼ੀਲੇ ਟੀਕਿਆਂ ਸਮੇਤ ਕਾਬੂ ਕੀਤਾ ਹੈ। ਇੰਸਪੈਕਟਰ ਗੁਰਪ੍ਰੀਤ ਸਿੰਘ ਐੱਸਐੱਚਓ ਸ੍ਰੀ ਚਮਕੌਰ ਸਾਹਿਬ ਨੇ ਦੱਸਿਆ ਕਿ ਡੱਲਾ ਪੁਲਸ ਚੌਕੀ ਦੇ ਇੰਚਾਰਜ ਏਐਸਆਈ ਛਿੰਦਰਪਾਲ ਸਿੰਘ, ਪੁਲਸ ਪਾਰਟੀ ਸਮੇਤ ਸਲਾਹਪੁਰ ਦੇ ਬੰਨ 'ਤੇ ਮੌਜੂਦ ਸਨ ਤਾਂ ਪਿੰਡ ਰਸੀਦਪੁਰ ਵੱਲੋਂ ਬੁਲਟ ਮੋਟਰਸਾਈਕਲ 'ਤੇ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤਾ, ਜਿਹੜਾ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਨੂੰ ਮੁੜਨ ਲੱਗਾ ਤੇ ਆਪਣੇ ਮੋਟਰਸਾਈਕਲ 'ਤੇ ਰੱਖੇ ਇੱਕ ਡੱਬੇ ਨੂੰ ਸੁੱਟ ਕੇ ਭੱਜਣ ਲੱਗਾ। ਜਿਸ ਨੂੰ ਏਐਸਆਈ ਛਿੰਦਰਪਾਲ ਸਿੰਘ ਵੱਲੋਂ ਪੁਲਸ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕੀਤਾ ਗਿਆ ਅਤੇ ਜਦੋਂ ਉਸ ਵੱਲੋਂ ਸੁੱਟੇ ਗਏ ਗਏ ਡੱਬੇ ਨੂੰ ਚੈੱਕ ਕੀਤਾ ਗਿਆ ਤਾਂ ਉਸ ਵਿੱਚੋਂ ਪੈਂਟਾਜੋਨ ਦੇ 21 ਟੀਕੇ ਅਤੇ 11 ਸ਼ੀਸ਼ੀਆਂ ਮੌਰਫਿਨ ਸਲਫੇਟ ਦੀਆਂ ਬਰਾਮਦ ਕੀਤੀਆਂ ਗਈਆਂ।



ਮੁਲਜ਼ਮ ਦੀ ਪਛਾਣ ਜਸਪ੍ਰੀਤ ਸਿੰਘ ਉਰਫ ਜੱਸ ਪੁੱਤਰ ਜਗਤਾਰ ਸਿੰਘ, ਵਾਸੀ ਪਿੰਡ ਬਰਸਾਲਪੁਰ ਥਾਣਾ ਸ੍ਰੀ ਚਮਕੌਰ ਸਾਹਿਬ ਜ਼ਿਲ੍ਹਾ ਰੂਪਨਗਰ ਵਜੋਂ ਹੋਈ ਹੈ। ਜਿਸ ਵਿਰੁੱਧ ਐਨਡੀਪੀਐਸ ਐਕਟ ਦੀ ਧਾਰਾ 22/61/85 ਅਧੀਨ ਮੁਕੱਦਮਾ ਨੰਬਰ 41 ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਵਿਸ਼ਵ ਸਿਹਤ ਦਿਵਸ ਮਨਾਇਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ।ਵਿਸ਼ਵ ਸਿਹਤ ਦਿਵਸ ਮੁੱਖ ਸਿਹਤ ਮੁੱਦਿਆਂ ਪ੍ਰਤੀ ਜਾਗਰੂਕਤਾ ਨੂੰ ਉਤਸਾਹਿਤ ਕਰਨ ਅਤੇ ਸਿਹਤ ਨੂੰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ। ਇਸ ਸੰਬੰਧ ਵਿੱਚ ਸੈਂਟ ਸੋਲਜਰ ਸਕੂਲ ਦੇ ਵਿਦਿਆਰਥੀਆਂ ਨੇ ਸਿਹਤ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ।ਜਿਸ ਵਿੱਚ ਐਲ ਕੇ ਜੀ ਅਤੇ ਯੂ ਕੇ ਜੀ ਦੇ ਵਿਦਿਆਰਥੀਆਂ ਨੇ ਮੂੰਹ ਦੀ ਸਫਾਈ ਤੇ ਇੱਕ ਗਤੀਵਿਧੀ ਕੀਤੀ ਅਤੇ ਵਿਦਿਆਰਥੀਆਂ ਨੂੰ ਬੁਰਸ਼ ਕਰਨ ਦਾ ਸਹੀ ਤਰੀਕਾ ਦੱਸਿਆ। ਇਸੇ ਤਰ੍ਹਾਂ ਨੌਵੀਂ ਅਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਵਿਚਕਾਰ ਸੰਤੁਲਿਤ ਭੋਜਨ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਵਿਦਿਆਰਥੀ ਸਿਹਤਮੰਦ ਪਕਵਾਨ ਬਣਾ ਕੇ ਲਿਆਏ। ਇਹਨਾਂ ਮੁਕਾਬਲਿਆਂ ਵਿੱਚ ਨੌਵੀਂ ਏ ਕਲਾਸ ਨੇ ਪਹਿਲਾ ਸਥਾਨ, ਦਸਵੀਂ ਸੀ ਕਲਾਸ ਨੇ ਦੂਜਾ ਸਥਾਨ ਅਤੇ ਨੌਵੀਂ ਬੀ ਅਤੇ ਦਸਵੀਂ ਬੀ ਕਲਾਸ ਤੀਜੇ ਸਥਾਨ ਤੇ ਰਹੀ।ਇਸ ਮੌਕੇ ਸਕੂਲ ਦੇ ਮੈਨੇਜਰ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਸਿਹਤ ਅਤੇ ਸਫਾਈ ਦੀ ਮਹੱਤਤਾ ਬਾਰੇ ਵੀ ਜਾਗਰੂਕ ਕੀਤਾ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।



## ਪੰਜਵੀਂ ਕਲਾਸ ਦੇ ਮੈਰਿਟ 'ਚ ਆਏ ਵਿਦਿਆਰਥੀਆਂ ਦਾ ਸਨਮਾਨ

**ਅੰਮ੍ਰਿਤਸਰ (ਅਰੋੜਾ)** ਸਿੱਖਿਆ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸੱਭਿਆਚਾਰਕ ਅਤੇ ਖੇਡ ਗਤੀਵਿਧੀਆਂ ਵਿੱਚ ਪ੍ਰੇਰਿਤ ਕਰਨ ਵਾਲੇ ਡਾਇਮੰਡ ਡਿਸਕਵਰੀ ਪਬਲਿਕ ਸਕੂਲ ਗੁਰੂ ਨਾਨਕਪੁਰਾ ਕੋਟ ਖਾਲਸਾ ਦੇ ਤਿੰਨ ਵਿਦਿਆਰਥੀਆਂ ਜਿਨ੍ਹਾਂ ਨੇ ਪੰਜਵੀਂ ਕਲਾਸ ਵਿੱਚ ਸ਼ਲਾਘਾਯੋਗ ਅੰਕ ਲਿਆ ਕੇ ਸਕੂਲ, ਮਾਂ ਬਾਪ ਅਤੇ ਗੁਰੂ ਕੀ ਨਗਰੀ ਦਾ ਨਾਮ ਰੋਸ਼ਨ ਕੀਤਾ। ਇਨ੍ਹਾਂ ਹੋਣਹਾਰ ਵਿਦਿਆਥੀਆਂ ਦੇ ਬਾਰੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰਵੀਨਾ ਭਾਸਕਰ ਨੇ ਦੱਸਿਆ ਕਿ ਵਿਦਿਆਰਥੀ ਕੇਸ਼ਵ ਕੁਮਾਰ ਨੇ 94.85, ਕ੍ਰਿਸ਼ਨਾ ਮੰਨਨ ਨੇ 92.03 ਪ੍ਰਤੀਸ਼ਤ ਅਤੇ ਪਾਵਨੀ ਨੇ 90 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।ਇਨ੍ਹਾਂ ਤਿਨਾਂ ਹੋਨਹਾਰ ਵਿਦਿਆਰਥੀਆਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਰਵੀਨਾ ਭਾਸਕਰ, ਅਧਿਆਪਕ ਸੁਨੀਤਾ ਅਤੇ ਹੋਰ ਸਟਾਫ ਨੇ ਉਨ੍ਹਾਂ ਨੂੰ ਮਿਠਾਈ ਖਿਲਾ ਕੇ ਅਤੇ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਸਕੂਲ ਦੀ ਪ੍ਰਿੰਸੀਪਲ ਨੇ ਹੋਰ ਵਿਦਿਆਰਥੀਆਂ ਨੂੰ ਨਿਵੇਦਨ ਕੀਤਾ ਕਿ ਉਹ ਵੀ ਆਪਣੀ ਮਿਹਨਤ ਤੇ ਲਗਨ ਨਾਲ ਸਿੱਖਿਆ ਵੱਲ ਧਿਆਨ ਦੇਣ ਤਾਂ ਕਿ ਉਨ੍ਹਾਂ ਨੂੰ ਵੀ ਸਕੂਲ ਦੇ ਵੱਲੋਂ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਵੇ।ਇਸ ਮੌਕੇ ਪ੍ਰਿੰਸੀਪਲ ਅਤੇ ਕਲਾਸ ਅਧਿਆਪਕ ਦੇ ਨਾਲ ਸਕੂਲ ਦੇ ਹੋਰ ਸਟਾਫ ਵੀ ਮੌਜੂਦ ਸਨ।



## ਡਿਪਟੀ ਕਮਿਸ਼ਨਰ ਵੱਲੋਂ ਤਲਵਿੰਦਰ ਸਿੰਘ ਨੂੰ ਏ ਐੱਸ ਆਈ ਬਣਨ 'ਤੇ ਸਟਾਰ ਲਗਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਗੁਰਦਾਸਪੁਰ ਵੱਲੋਂ ਪੁਲਸ ਵਿਭਾਗ 'ਚ ਵਧੀਆ ਸੇਵਾਵਾਂ ਨਿਭਾਉਣ 'ਤੇ ਤਲਵਿੰਦਰ ਸਿੰਘ 2017 ਬਟਾਲਾ ਨੂੰ (ਏ ਐਸ ਆਈ) ਬਣਨ 'ਤੇ ਸਟਾਰ ਲਗਾਇਆ।ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

## ਜੇ ਬੀ ਐੱਲ ਨੇ ਭਾਰਤ 'ਚ ਟਿਊਨ ਸੀਰੀਜ਼ 2 ਲਾਂਚ ਕੀਤੀ

**ਅੰਮ੍ਰਿਤਸਰ** : ਜੇ ਬੀ ਐੱਲ ਨੇ ਭਾਰਤ ਵਿੱਚ ਆਪਣੀ ਗੇਮ-ਚੇਂਜਿੰਗ ਟਿਊਨ ਸੀਰੀਜ਼ 2 ਦੀ ਸ਼ੁਰੂਆਤ ਦੀ ਘੋਸ਼ਣਾ ਕੀਤੀ ਹੈ।ਨਵੀਂ ਸੀਰੀਜ਼ ਤਿੰਨ ਵੱਖ-ਵੱਖ ਸ਼ੈਲੀਆਂ ਪੇਸ਼ ਕਰਦੀ ਹੈ - ਬਡਸ 2, ਬੀਮ 2, ਅਤੇ ਫਲੈਕਸ 2 - ਹਰੇਕ ਨੂੰ ਵੱਖ-ਵੱਖ ਜੀਵਨ ਸ਼ੈਲੀ ਪਸੰਦਾਂ ਅਤੇ ਸੁਣਨ ਦੇ ਅਨੁਭਵਾਂ ਨਾਲ ਮੇਲ ਕਰਨ ਲਈ ਤਿਆਰ ਕੀਤਾ ਗਿਆ ਹੈ।ਹਰਮਨ ਇੰਡੀਆ ਦੇ ਲਾਈਫਸਟਾਈਲ ਦੇ ਉਪ ਪ੍ਰਧਾਨ ਵਿਕਰਮ ਖੇਰ ਨੇ ਕਿਹਾ, ਜੇ ਬੀ ਐੱਲ ਵਿਖੇ, ਸਾਡਾ ਇਹ ਮੰਨਣਾ ਹੈ ਕਿ ਵਧੀਆ ਆਵਾਜ਼ ਹਰ ਉਸ ਪਲ ਦਾ ਹਿੱਸਾ ਹੋਣੀ ਚਾਹੀਦੀ ਹੈ, ਜੋ ਮਾਇਨੇ ਰੱਖਦਾ ਹੈ।ਭਾਰਤ ਵਿੱਚ ਜੇ ਬੀ ਐੱਲ ਟਿਊਨ ਸੀਰੀਜ਼ ਦੇ ਵਿਸਥਾਰ ਨਾਲ, ਅਸੀਂ ਅਡੈਪਟਿਵ ਨੋਇਸ ਕੈਂਸਲਿੰਗ ਅਤੇ ਵੌਇਸਅਵੇਅਰ ਦੇ ਫੀਚਰ ਵਾਲਾ ਇੱਕ ਵਧੀਆ ਹੋਇਆ ਇਮਰਸਿਵ ਆਡੀਓ ਅਨੁਭਵ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਜਿਸ ਨਾਲ ਯੂਜ਼ਰਾਂ ਨੂੰ ਉੱਤਮ ਆਵਾਜ਼ ਗੁਣਵੱਤਾ ਅਤੇ ਸਾਰਾ ਦਿਨ ਆਰਾਮ ਨਾਲ ਆਪਣੇ ਸੁਣਨ ਦੇ ਅਨੁਭਵ ਨੂੰ ਨਿੱਜੀ ਬਣਾਉਣ ਦੀ ਆਗਿਆ ਮਿਲਦੀ ਹੈ।

## ਪੰਡਤ ਸੰਦੀਪ ਸ਼ਰਮਾ ਸਭਾ ਪ੍ਰਤੀ ਆਪਣੀਆਂ ਸੇਵਾਵਾਂ ਬਾਖ਼ੂਬੀ ਨਿਭਾ ਰਹੇ : ਬ੍ਰਾਹਮਣ ਸਭਾ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਦੇ ਪ੍ਰਧਾਨ ਪੰਡਤ ਸੰਦੀਪ ਸ਼ਰਮਾ ਅਤੇ ਸਮੂਹ ਮੈਂਬਰਾਂ ਨੇ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਹੈ ਕਿ ਰਾਮ ਲਾਲ ਜੋ ਕਿ ਆਪਣੇ ਆਪ ਨੂੰ ਬ੍ਰਾਹਮਣ ਸਭਾ ਗੁਰਦਾਸਪੁਰ ਦਾ ਜਿਲ੍ਹਾ ਪ੍ਰਧਾਨ ਅਖਵਾਉਂਦਾ ਹੈ ਉਸ ਦਾ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਨਾਲ ਕੋਈ ਸੰਬੰਧ ਨਹੀਂ ਹੈ। ਇਸ ਤੋਂ ਇਲਾਵਾ ਉਸ ਦਾ ਗੁਰਦਾਸਪੁਰ ਬ੍ਰਾਹਮਣ ਸਭਾ ਬਟਾਲਾ ਅਤੇ ਦੀਨਾਨਗਰ ਆਦਿ ਸ਼ਹਿਰਾਂ ਨਾਲ ਵੀ ਕੋਈ ਸੰਬੰਧ ਨਹੀਂ ਹੈ।ਉਸ ਕੋਲ ਕੋਈ ਵੀ ਸੰਵਿਧਾਨਿਕ ਅਧਿਕਾਰ ਨਹੀਂ ਹੈ ਕਿ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਵਿੱਚ ਦਖਲ ਅੰਦਾਜੀ ਕਰ ਸਕੇ।ਫਤਿਹਗੜ੍ਹ ਚੂੜੀਆਂ ਦੇ ਬ੍ਰਾਹਮਣ ਸਭਾ ਦੇ ਸਮੂਹ ਆਗੂਆਂ ਨੇ ਕਿਹਾ ਕਿ ਫਤਿਹਗੜ੍ਹ ਚੂੜੀਆਂ ਬ੍ਰਾਹਮਣ ਸਭਾ ਦੇ ਪ੍ਰਧਾਨ ਪੰਡਤ ਸੰਦੀਪ ਕੁਮਾਰ ਜੋ ਕਿ ਜੋ ਕਿ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਲਈ ਆਪਣੀਆਂ ਸੇਵਾਵਾਂ ਪੂਰੇ ਸੰਵਿਧਾਨਿਕ ਤਰੀਕੇ ਨਾਲ ਨਿਭਾਅ ਰਹੇ ਹਨ। ਜਦੋਂ ਇਸ ਸੰਬੰਧੀ ਰਾਮ ਲਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਉਹ ਬ੍ਰਾਹਮਣ ਸਭਾ ਦਾ ਜਿਲ੍ਹਾ ਪ੍ਰਧਾਨ ਹੋਣ ਦੇ ਨਾਤੇ ਹੇਠਲੇ ਪੱਧਰ 'ਤੇ ਕੀ ਹੋ ਰਿਹਾ ਹੈ ਉਨ੍ਹਾਂ ਦਾ ਦੇਖਣਾ ਫਰਜ਼ ਬਣਦਾ ਹੈ।ਰਾਮ ਲਾਲ ਨੇ ਕਿਹਾ ਕਿ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਦੀਆਂ ਕਾਫੀ ਲੰਮੇ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਇਹ ਸਭਾ ਪੂਰੇ ਸੁਚਾਰੂ ਢੰਗ ਨਾਲ ਕੰਮ ਨਹੀਂ ਕਰ ਰਹੀ ਅਤੇ ਲੋਕਾਂ ਦੇ ਸੁੱਖ ਦੁੱਖ ਵਿੱਚ ਵੀ ਕਿਸੇ ਤਰ੍ਹਾਂ ਦੀ ਕੋਈ ਸ਼ਮੂਲੀਅਤ ਨਹੀਂ ਕਰਦੀ।ਆਏ ਦਿਨ ਇਹਨਾਂ ਦੀ ਕੋਈ ਨਾ ਕੋਈ ਸ਼ਿਕਾਇਤ ਮਿਲਣ ਕਰਕੇ ਨਵੀਂ ਸਭਾ ਦਾ ਗਠਨ ਕੀਤਾ ਗਿਆ ਹੈ।



## ਰਾਮ ਨੌਮੀ ਤੇ ਵਿਸਾਖੀ ਮੌਕੇ ਭੰਡਾਰੇ ਦਾ ਆਯੋਜਨ



**ਅੰਮ੍ਰਿਤਸਰ (ਅਰੋੜਾ)**: ਗੁਰੂ ਕੀ ਨਗਰੀ ਵਿਖੇ ਦੇਸ਼ ਅਤੇ ਸਮਾਜ ਭਲਾਈ ਕੰਮਾਂ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਣ ਦੇ ਨਾਲ ਨਾਲ ਲੋੜਵੰਦ ਪਰਵਾਰਾਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਮੁਫ਼ਤ ਪੁਸਤਕਾਂ, ਸਟੇਸ਼ਨਰੀ, ਕੱਪੜੇ, ਖਾਣ ਪੀਣ ਦੀ ਸਮੱਗਰੀ ਵੰਡਣ ਵਾਲੀ ਸਮਾਜ ਸੇਵੀ ਸੰਸਥਾ ਏ ਆਈ ਸੀ ਈ ਸੁਸਾਇਟੀ ਦੇ ਪੈਟਰਨ ਰਸਜੀਤ ਸਿੰਘ ਖੇੜਾ, ਮਹਾ ਮੀਤ ਪ੍ਰਧਾਨ ਸੰਜੇ ਮਲਿਕ, ਚੀਫ਼ ਐਡਵਾਈਜ਼ਰ ਵਿਜੇ ਭਸੀਨ, ਸੁਸਾਇਟੀ ਦੇ ਐਮ ਓ ਸੀ ਆਰ.ਐਸ ਚੱਠਾ, ਸੀਨੀਅਰ ਮੈਂਬਰ ਅਸ਼ੋਕ ਗ੍ਰੋਵਰ, ਰਾਜਬੀਰ ਬੀਕਾਨੇਰ ਦੀ ਦੇਖ ਰੇਖ ਵਿੱਚ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ।ਭੰਡਾਰੇ ਵਿੱਚ ਪਰਮ ਸੰਤ ਅਦਵੈਤ ਸਵਰੂਪ ਮਾਤਾ ਆਰਤੀ ਦੇਵਾ ਅਤੇ ਅੰਮ੍ਰਿਤਵਾਣੀ ਪ੍ਰਚਾਰ ਸੁਸਾਇਟੀ ਦੇ ਮੁੱਖ ਸੇਵਕ ਬ੍ਰਿਜੇਸ਼ ਬੇਦੀ ਸਮੂਹ ਸੰਗਤ ਨੂੰ ਆਸ਼ੀਰਵਾਦ ਦੇਣ ਖਾਸ ਤੌਰ 'ਤੇ ਪਹੁੰਚੇ।ਉਨ੍ਹਾਂ ਨੇ ਬੜੇ ਹੀ ਵਿਧੀ ਵਿਧਾਨ ਦੇ ਨਾਲ ਪੂਜਾ ਅਰਚਨਾ ਕਰਕੇ ਇਸ ਧਾਰਮਿਕ ਭੰਡਾਰੇ ਦਾ ਸ਼ੁੱਭ ਆਰੰਭ ਕਰਵਾਇਆ। ਆਰਤੀ ਸ਼ਿਵ ਦੁਰਗਾ ਮੰਦਰ ਦੇ ਮੁੱਖ ਸੇਵਕ ਸੁਮਿਤ ਸ਼ਾਸਤਰੀ ਅਤੇ ਮੰਦਰ ਦੇ ਸੇਵਾਦਾਰ ਸਮਾਜ ਸੇਵਕ ਪਵਨ ਅਰੋੜਾ ਨੇ ਸੰਗਤ ਨੂੰ ਭੰਡਾਰਾ ਵੰਡਿਆ।ਮਾਤਾ ਆਰਤੀ ਦੇਵਾ ਨੇ ਸਮੂਹ ਸੰਗਤ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਏ ਆਈ ਸੀ ਈ ਸੁਸਾਇਟੀ ਦੇ ਸਮੂਹ ਅਹੁੱਦੇਦਾਰ ਅਤੇ ਮੈਂਬਰ ਹਮੇਸ਼ਾ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਆਪਣੀ ਖਾਸ ਭੂਮਿਕਾ ਨਿਭਾਉਂਦੇ ਹੋਏ ਹਮੇਸ਼ਾ ਅੱਗੇ ਰਹਿੰਦੇ ਹਨ। ਸਮਾਜ ਸੇਵਾ ਵਿੱਚ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਮੌਕੇ ਸੁਸਾਇਟੀ ਦੇ ਮੈਂਬਰ ਯਸ਼ਪਾਲ ਅਰੋੜਾ, ਅਰੁਣ ਅਰੋੜਾ, ਖੰਡਵਾਲਾ ਮਾਰਕਿਟ ਯੂਨੀਅਨ ਕਮੇਟੀ ਦੇ ਪ੍ਰਧਾਨ ਨਰੇਸ਼ ਰਾਣਾ, ਅਰੁਣ ਬਾਂਕਾ, ਸ਼ੈਵੀ ਪਹਿਲਵਾਨ, ਆਸ਼ੂ ਪਹਿਲਵਾਨ, ਸ੍ਰੀਮਤੀ ਆਸ਼ਾ ਮਲਿਕ, ਅਮਿਤ ਕੁਮਾਰ ਲਾਟੀ, ਪਾਰਥ ਗੱਗ, ਅਰਥ ਗੱਗ, ਅਜੇ ਅਰੋੜਾ, ਨਿਤੀਨ ਅਰੋੜਾ ਸਹਿਤ ਭਾਰੀ ਗਿਣਤੀ ਵਿੱਚ ਖੇਤਰ ਦੇ ਪਤਵੰਤੇ ਵਿਅਕਤੀ ਮੌਜੂਦ ਸਨ।

## ਸ਼ਹੀਦਾਂ ਦੇ ਅਸਥਾਨ ਅਰਜਨਵਾਲ ਵਿਖੇ ਮਨਾਇਆ ਜਾਵੇਗਾ ਵਿਸਾਖੀ ਦਾ ਦਿਹਾੜਾ

**ਆਦਮਪੁਰ (ਪਰਮਜੀਤ ਸਿੰਘ)**:- 1947 ਦੀ ਭਾਰਤ-ਪਾਕਿਸਤਾਨ ਵੰਡ ਦੌਰਾਨ ਸ਼ਹੀਦ ਭਾਈ ਗੁਰਸ਼ਰਨ ਸਿੰਘ ਉਰਫ ਭਾਈ ਲਛਮਣ ਸਿੰਘ ਰੂਪ ਰਾਏ ਪੁੱਤਰ ਭਗਵਾਨ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਵਿਸਾਖੀ ਦਾ ਦਿਹਾੜਾ ਮਨਾਇਆ ਜਾਵੇਗਾ । ਸਤਪਾਲ ਸਿੰਘ ਨੇ ਦੱਸਿਆ ਕਿ ਸ਼ਹੀਦਾਂ ਦੀ ਯਾਦ ਵਿਚ ਬਣਾਏ ਗਏ ਸਥਾਨ ਜੋ ਅਰਜਨਵਾਲ ਤੋਂ ਪਿੰਡ ਮਹਿਮਦਪੁਰ ਰੋਡ 'ਤੇ ਸਥਿਤ ਹੈ ਉਸ ਅਸਥਾਨ ਤੇ ਵਿਸਾਖੀ ਦਾ ਦਿਹਾੜਾ ਸਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਉਪਰੰਤ ਫੱਲਦਾਰ ਬੂਟਿਆਂ ਦਾ ਲੰਗਰ ਵਰਤੇਗਾ। ਇਸ ਮੌਕੇ ਸਤਪਾਲ ਸਿੰਘ, ਅਮਰਜੀਤ ਸਿੰਘ ਸਾਬਕਾ ਸਰਪੰਚ, ਬਚਿੱਤਰ ਸਿੰਘ,ਸੁਖਬੀਰ ਸਿੰਘ ਸਰਪੰਚ ਅਰਜਨਵਾਲ, ਅਮਰਜੀਤ ਸਿੰਘ, ਗੁਰਮੇਲ ਹਾਜਰ ਹੋਏ ।



## ਸੇਖਵਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਣੀਆ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਤਹਿਤ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਰਣੀਆ (ਧਾਰੀਵਾਲ) ਵਿਖੇ ਸਕੂਲ ਦੀ ਨਵੀਂ ਬਣੀ ਚਾਰਦੀਵਾਰੀ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਸ਼ਰਮਾ, ਵਿਦਿਆਰਥੀਆਂ ਦੇ ਮਾਪੇ, ਆਮ ਆਦਮੀ ਪਾਰਟੀ ਦੇ ਸਥਾਨਿਕ ਆਗੂ ਅਤੇ ਇਲਾਵਾ ਵਾਸੀ ਹਾਜ਼ਰ ਸਨ।ਚੇਅਰਮੈਨ ਸੇਖਵਾਂ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸਰਕਾਰੀ ਸਕੂਲਾਂ ਦੇ 189 ਵਿਦਿਆਰਥੀਆਂ ਨੇ ਜੇ.ਈ.ਈ. ਪ੍ਰੀਖਿਆ ਪਾਸ ਕੀਤੀ ਹੈ। ਸਰਕਾਰੀ ਸਕੂਲਾਂ ਦੀਆਂ ਚਾਰਦੀਵਾਰੀਆਂ ਦਾ ਨਿਰਮਾਣ 98 ਪ੍ਰਤੀਸ਼ਤ ਤੱਕ ਪੂਰਾ ਹੋ ਗਿਆ ਹੈ ਅਤੇ ਸਕੂਲਾਂ ਦੀ ਸੁਰੱਖਿਆ ਲਈ 1177 ਚੌਕੀਦਾਰ ਭਰਤੀ ਕੀਤੇ ਗਏ ਹਨ। ਇਸ ਤੋਂ ਇਲਾਵਾ 1809 ਕੈਂਪਸ ਮੈਨੇਜਰ ਭਰਤੀ ਕੀਤੇ ਗਏ ਹਨ, 6200 ਨਵੇਂ ਕਮਰੇ ਬਣਾਏ ਗਏ ਹਨ, ਅਤੇ 4700 ਕਲਾਸ-ਰੂਮਾਂ ਦਾ ਨਵੀਨੀਕਰਨ ਕੀਤਾ ਗਿਆ ਹੈ।ਚੇਅਰਮੈਨ ਸੇਖਵਾਂ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਸੁਧਰੇ ਹੋਏ ਬੁਨਿਆਦੀ ਢਾਂਚੇ ਕਾਰਨ ਪ੍ਰਾਈਵੇਟ ਸਕੂਲਾਂ ਦੇ 9000 ਬੱਚਿਆਂ ਨੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਚੰਦਰਯਾਨ ਦੇਖਣ ਲਈ ਇਸਰੋ ਵੀ ਗਏ ਸਨ, ਜੋ ਕਿ ਬਹੁਤ ਮਾਣ ਵਾਲੀ ਗੱਲ ਹੈ।

## ਸੀ ਐੱਚ ਸੀ ਸਰਹਾਲੀ ਵਿਖੇ ਪੋਸ਼ਣ ਪਖਵਾੜੇ ਦੀ ਸ਼ੁਰੂਆਤ




**ਚੋਹਲਾ ਸਾਹਿਬ (ਰਮਨ ਚੱਢਾ)** ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਟੀਕਾਕਰਣ ਅਫਸਰ ਡਾਕਟਰ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਰਹਿਨੁਮਾਈ ਹੇਠ ਪੋਸ਼ਣ ਪਖਵਾੜੇ ਦੀ ਸ਼ੁਰੂਆਤ ਕੀਤੀ ਗਈ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ 8 ਅਪ੍ਰੈਲ ਤੋਂ 22 ਅਪ੍ਰੈਲ ਤੱਕ ਪੋਸਣ ਪਖਵਾੜਾ ਮਨਾਇਆ ਜਾ ਰਿਹਾ ਹੈ, ਜਿਸ ਤਹਤਿ ਸੀ ਐਚ ਸੀ ਸਰਹਾਲੀ ਵਿਖੇ ਗਰਭਵਤੀ ਔਰਤਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਗਰਭਅਵਸਥਾ ਦੌਰਾਨ ਫਾਸਟ ਫੂਡ ਦਾ ਸੇਵਨ ਨਾ ਕਰਨ ਕੇਵਲ ਸੰਤੁਲਿਤ ਭੋਜਣ ਜਿਵੇਂ ਦਾਲਾਂ, ਹਰੀਆਂ ਪੱਤੇਦਾਰ ਸਬਜੀਆਂ, ਫਲ, ਸਲਾਦ ਆਦਿ ਭੋਜਣ ਲੈਣ ਤਾਂ ਜੋ ਜੱਚਾ ਅਤੇ ਬੱਚਾ ਦੀ ਸਿਹਤ ਠੀਕ ਰਹੇ। ਉਹਨਾਂ ਦੱਸਿਆ ਕਿ ਗਰਭਵਤੀ ਔਰਤਾਂ ਨੂੰ ਬੱਚੇ ਦੇ ਪਹਿਲੇ 1000 ਦਿਨਾਂ ਤੇ ਧਿਆਨ ਕੇਂਦਰਿਤ ਕਰੋ, ਸੀ ਐਮ ਏ ਐਮ ਮਡਿਊਲ ਰਾਹੀਂ ਮੇਨਟ੍ਰੀਸ਼ਨ ਦਾ ਪ੍ਰਬੰਧਨ ਕਰੋ। ਇਸ ਸਮੇਂ ਬਲਰਾਜ ਸਿੰਘ ਬੀ ਈ ਈ, ਨਰਿੰਦਰ ਸਿੰਘ ਸੀਨੀਅਰ ਸਹਾਇਕ, ਐਲ ਐਚ ਵੀ ਸਵਿੰਦਰ ਕੌਰ, ਜਤਿੰਦਰ ਕੌਰ ਐਲ ਟੀ, ਸਰਬਜੀਤ ਕੌਰ ਐਲ ਟੀ, ਤੇਜਿੰਦਰ ਸਿੰਘ ਵਾਰਡ ਐਟੈਂਡਡ ਆਦਿ ਹਾਜ਼ਰ ਸਨ।

## ਹੈਦਰਾਬਾਦ 'ਚ ਜੰਗਲਾਂ ਨੂੰ ਤਬਾਹ ਕਰਨ ਦੇ ਕੰਮ ਦਾ ਐਂਟੀ ਪੋਲਿਊਸ਼ਨ ਆਰਗੇਨਾਈਜ਼ੇਸ਼ਨ ਨੇ ਕੀਤਾ ਵਿਰੋਧ

**ਤਰਨ ਤਾਰਨ (ਪ੍ਰਿਤਪਾਲ ਸਿੰਘ)** ਐਂਟੀ ਪਲਿਊਸ਼ਨ ਆਰਗਨਾਈਜੇਸ਼ਨ ਵੱਲੋਂ ਪੰਜਾਬ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ ਦੀ ਅਗਵਾਈ ਹੇਠ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿੱਚ, ਤੇਲੰਗਾਨਾ ਸਰਕਾਰ ਵੱਲੋਂ ਹੈਦਰਾਬਾਦ ਵਿੱਚ ਲਗਭਗ 400 ਏਕੜ ਦੇ ਖੇਤਰ ਵਿੱਚ ਫੈਲੇ ਕਾਂਚਾ ਗਾਂਚੀ ਬਾਊਲੀ ਗ੍ਰੀਨਲੈਂਡ ਜੰਗਲ ਨੂੰ ਰਾਤੋ-ਰਾਤ ਬੁਲਡੋਜ਼ਰ ਨਾਲ ਕੱਟ ਕੇ ਇਸਦੇ ਨਾਮੋਂ ਨਿਸ਼ਾਨ ਮਿਟਾ ਕੇ ਤਬਾਹ ਕਰਨ ਦੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ।ਇਸ ਮੌਕੇ ਤੇਲੰਗਾਨਾ ਸਰਕਾਰ ਵੱਲੋਂ ਕੀਤੀ ਜਾ ਰਹੀ ਇਸ ਕਾਰਵਾਈ ਦੀ ਨਿੰਦਾ ਕਰਦੇ ਹੋਏ, ਐਂਟੀ ਪਲਿਊਸ਼ਨ ਔਰਗਨਾਈਜੇਸ਼ਨ ਦੇ ਪੰਜਾਬ ਪ੍ਰਧਾਨ, ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਕਿਹਾ ਕਿ ਤੇਲੰਗਾਨਾ ਸਰਕਾਰ ਨੇ ਹੈਦਰਾਬਾਦ ਯੂਨੀਵਰਸਿਟੀ ਦੇ ਨਾਲ ਲੱਗਦੇ ਖੇਤਰ ਵਿੱਚ 400 ਏਕੜ ਦੇ ਕਾਂਚਾ ਗਾਂਚੀ ਬਾਊਲੀ ਗ੍ਰੀਨਲੈਂਡ ਜੰਗਲ 'ਤੇ ਆਈ ਟੀ ਪਾਰਕ ਸਥਾਪਤ ਕਰਨ ਦੇ ਨਾਂਅ 'ਤੇ, ਰਾਤੋ-ਰਾਤ ਇਸ ਜੰਗਲ ਨੂੰ ਬੁਲਡੋਜ਼ਰਾਂ ਨਾਲ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨਾਲ ਵਾਤਾਵਰਣ ਨੂੰ ਬਹੁਤ ਨੁਕਸਾਨ ਪਹੁੰਚਿਆ ਹੈ, ਅਤੇ ਨਾਲ ਹੀ ਇਸ ਜੰਗਲ ਵਿੱਚ ਰਹਿਣ ਵਾਲੇ ਜੰਗਲੀ ਜਾਨਵਰਾਂ ਅਤੇ ਪੰਛੀਆਂ ਦੇ ਘਰਾਂ ਅਤੇ ਨਿਵਾਸ ਸਥਾਨਾਂ ਨੂੰ ਤਬਾਹ ਕਰ ਦਿੱਤਾ ਹੈ। ਜਿਸ ਦੀ ਅਸੀਂ ਸਖ਼ਤ ਨਿੰਦਾ ਕਰਦੇ ਹਾਂ ਅਤੇ ਅਸੀਂ ਕੇਂਦਰ ਸਰਕਾਰ ਅਤੇ ਮਾਣਯੋਗ ਸੁਪਰੀਮ ਕੋਰਟ ਤੋਂ ਮੰਗ ਕਰਦੇ ਹਾਂ ਕਿ ਤੇਲੰਗਾਨਾ ਸਰਕਾਰ ਦੇ ਇਸ ਪ੍ਰੋਜੈਕਟ ਨੂੰ ਤੁਰੰਤ ਬੰਦ ਕੀਤਾ ਜਾਵੇ। ਇਸ ਮੌਕੇ ਵਾਤਾਵਰਣ ਪ੍ਰੇਮੀ ਸ਼ੁਭਮ ਚਾਵਲਾ, ਰਾਹੁਲ ਕੋਚਰ, ਜੇਪੀ ਫਾਰਮਾ, ਰਮੇਸ਼ ਗੁਪਤਾ, ਰਮੇਸ਼ ਚੰਦਰ, ਰਾਜੀਵ ਅਰੋੜਾ, ਮਾਨਾ ਅਗਨੀਹੋਤਰੀ, ਅਸ਼ੋਕ ਕੁਮਾਰ, ਸੁਸ਼ੀਲ ਗੁਪਤਾ ਆਦਿ, ਜੋ ਐਡਵੋਕੇਟ ਆਦੇਸ਼ ਅਗਨੀਹੋਤਰੀ ਦੇ ਨਾਲ ਮੌਜੂਦ ਸਨ, ਨੇ ਵੀ ਤੇਲੰਗਾਨਾ ਸਰਕਾਰ ਦੀ ਇਸ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਗਈ।



# ਵਿਸਾਖੀ ਦਿਹਾੜੇ 'ਤੇ ਬਿੰਦਰ ਸੁਮਨ ਵੱਲੋਂ ਗੁਰਾਇਆ ਵਿਸ਼ੇਸ਼ ਸਪਲੀਮੈਂਟ

**ਸੰਦੇਸ਼**

ਗੁਰਾਇਆ ਸਪਲੀਮੈਂਟ ਲਈ ਨਵਾਂ ਜ਼ਮਾਨਾ ਅਦਾਰੇ ਦਾ ਬਹੁਤ-ਬਹੁਤ ਧੰਨਵਾਦ ਅਤੇ ਪੱਤਰਕਾਰ ਬਿੰਦਰ ਸੁਮਨ, ਜੋ ਹਮੇਸ਼ਾ ਸੱਚ ਨਾਲ ਖੜੇ ਹਨ ਤੇ ਖੜਦੇ ਰਹਿਣਗੇ ਤੇ ਲੋਕਤੰਤਰ ਦੇ ਚੌਥੇ ਥੰਮ ਨੂੰ ਹੋਰ ਵੀ ਮਜਬੂਤ ਕਰਦੇ ਰਹਿਣਗੇ।ਅਸੀਂ ਆਪਣੇ ਵੱਲੋਂ ਅਤੇ ਸਮੁੱਚੇ ਬਲਾਕ ਕਾਂਗਰਸ ਕਮੇਟੀ ਦੇ ਅਹੁਦੇਦਾਰ ਸਹਿਬਾਨ ਤੇ ਕਾਂਗਰਸ ਵਰਕਰ ਸਹਿਬਾਨਾਂ ਵੱਲੋਂ ਬਿੰਦਰ ਸੁਮਨ ਨੂੰ ਬਹੁਤ-ਬਹੁਤ ਵਧਾਈ ਦਿੰਦੇ ਹਾਂ।



ਰਾਕੇਸ਼ ਦੁੱਗਲ – ਬਲਾਕ ਪ੍ਰਧਾਨ ਕਾਂਗਰਸ ਰੁੜਕਾ ਕਲਾਂ
ਬਲਜਿੰਦਰ ਕਾਲਾ – ਸਮਾਜ ਸੇਵਕ
ਜਸਬੀਰ ਸਿੰਘ – ਸਮਾਜ ਸੇਵਕ

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਪ੍ਰਿੰਸੀਪਲ ਪ੍ਰੇਮ ਕੁਮਾਰ – 'ਆਪ' ਹਲਕਾ ਇੰਚਾਰਜ ਫਿਲੌਰ
ਅਵਤਾਰ ਸਿੰਘ ਸਰਪੰਚ – 'ਆਪ' ਬਲਾਕ ਪ੍ਰਧਾਨ

---

**ਢੰਡਾ ਬ੍ਰਦਰਜ਼** ਵੱਲੋਂ ਸਮੂਹ ਦੇਸ਼ ਵਾਸੀਆਂ ਨੂੰ ਵਿਸਾਖੀ ਅਤੇ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ



ਮਨਜੀਤ ਢੰਡਾ ਯੂ ਕੇ | ਗੁਰਪ੍ਰੀਤ ਢੰਡਾ ਯੂ ਕੇ | ਮਨਿੰਦਰ ਢੰਡਾ ਯੂ ਕੇ | ਬਲਜਿੰਦਰ ਢੰਡਾ ਯੂ ਕੇ | ਮੱਲੀ ਢੰਡਾ ਯੂ ਕੇ | ਦੀਪਾ ਢੰਡਾ ਯੂ ਕੇ | ਗਿੰਦਾ ਢੰਡਾ ਯੂ ਐਸ ਏ | ਤਿੰਦਾ ਢੰਡਾ ਯੂ ਐਸ ਏ
ਅਮਰਜੀਤ ਸਿੰਘ ਖੰਗੂੜਾ | ਸਾਬੀ ਗਾਖਲ | ਪਿੰਦੂ ਢੰਡਾ ਯੂ ਕੇ | ਪਿੰਦਾ ਢੰਡਾ ਯੂ ਕੇ | ਪੰਮਾ ਢੰਡਾ ਯੂ ਕੇ | ਪ੍ਰਿਥੀ ਢੰਡਾ ਯੂ ਕੇ | ਮੰਗਾ ਬਾਸੀ ਯੂ ਐਸ ਏ | ਬਿੰਦਰ ਸੁਮਨ ਢੰਡਾ

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਨ
ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਪ੍ਰਿੰਸੀਪਲ ਪ੍ਰੇਮ ਕੁਮਾਰ – ਹਲਕਾ ਇੰਚਾਰਜ ਫਿਲੌਰ
ਹਰਮੇਸ਼ ਲਾਲ ਚੌਹਾਨ – ਪ੍ਰਧਾਨ ਨਗਰ ਕੌਂਸਲ ਗੁਰਾਇਆ
ਸੁਦੇਸ਼ ਕੁਮਾਰ ਬਿੱਲਾ – Sr. Vice President | ਰਾਹੁਲ ਪੁੰਜ – Vice President | ਪਰਵੀਨ ਕੁਮਾਰੀ – MC Ward No. 1 | ਜਸਵੀਰ ਸਿੰਘ ਰਾਜੂ – MC Ward No. 3 | ਅੰਜੂ ਅਟਵਾਲ – MC Ward No. 7 | ਮਨੋਜ ਕੌਂਕਨਾ – MC Ward No. 8
ਨਵਜੋਤ ਕੌਰ – MC Ward No. 9 | ਜਤਿਨ ਸ਼ਰਮਾ – MC Ward No. 10 | ਬਲਵਿੰਦਰ ਕੌਰ ਹੀਰ – MC Ward No. 11 | ਅਨੁਰਾਧਾ ਭਾਰਦਵਾਜ – Incharge Ward No. 5 | ਗੁਰਵਿੰਦਰ ਸਿੰਘ – Incharge Ward No. 6 | ਰਚਨਾ ਸ਼ਰਮਾ – Incharge Ward No. 13

ਵਲੋਂ: ਸਮੂਹ ਆਮ ਆਦਮੀ ਪਾਰਟੀ, ਗੁਰਾਇਆ।

---

## SHRI DASHMESH CONVENT HIGH SCHOOL



ADMISSION OPENS 2025-2026
Four Students Merit List
AN AWARDED SCHOOL FOR BEST EDUCATION AND SPORTS
ATTI (GORAYA), JALANDHAR
98151-92491, 98729-08050

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

**The Dhesian Sang Co-op. Agri. M/P Society Ltd.**
Sang Dhesian. Teh. Phillaur, Distt. Jaandhar
Ph. 01826-268267

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਸ਼ਿੰਗਾਰਾ ਸਿੰਘ ਕੁਨਰ ਚੇਅਰਮੈਨ | ਜੀਤਾ ਸੇਖੋਂ | ਗੋਰਾ ਕੁਨਰ

Mob.: 81460-49273, 98783-60175, 84279-40800
SP **Shingar Palace**
Big Hall (AC), Mini Hall
G.T. ROAD, GORAYA (Jalandhar)

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਅਮਰਜੀਤ ਸਿੰਘ ਸੰਧੂ – ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਗੁਰਾਇਆ
ਤੀਰਥ ਸਿੰਘ ਢੇਸੀ – ਸਾਬਕਾ ਬਲਾਕ ਸੰਮਤੀ ਮੈਂਬਰ
ਮਨਦੀਪ ਸਿੰਘ ਮੰਗੀ – ਠੇਕੇਦਾਰ

---



M : 99147-65170, 90419-26517
**MANDEEP BUILDING CONTRACTOR**
Contact For : All Kinds of Building, Kothies and Stores
Near Oriental Bank of Commerce, G.T. Road, Goraya (Jalandhar) 144409

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਸੁਖਵਿੰਦਰ ਬਿੱਟੂ – ਹਲਕਾ ਪ੍ਰਧਾਨ ਫਿਲੌਰ | ਹੈਪੀ ਰੁੜਕਾ – ਜ਼ਿਲ੍ਹਾ ਪ੍ਰਧਾਨ | ਕਾਕੂ ਕਲਿਆਣ – ਕੈਸ਼ੀਅਰ ਹਲਕਾ ਫਿਲੌਰ | ਦਇਆ ਸ਼ੰਕਰ – ਸ਼ਹਿਰੀ ਪ੍ਰਧਾਨ ਗੁਰਾਇਆ | ਅਮਰਜੀਤ ਸਿੰਘ – ਸਰਪੰਚ, ਨਵਾਂ ਪਿੰਡ
ਅਮਨ ਲਾਲ ਗੁਰਾਇਆ – ਸੀਨੀ. ਆਗੂ | ਅਵਤਾਰ ਸੋਨੂੰ – ਬਸਪਾ ਆਗੂ | ਗੁਰਪ੍ਰੀਤ ਗੋਪੀ – ਬਸਪਾ ਆਗੂ | ਕਰਮਜੀਤ ਸਿੰਘ – ਬਸਪਾ ਆਗੂ | ਰਵੀ ਬੋਪਾਰਾਏ – ਬਸਪਾ ਆਗੂ

ਵੱਲੋਂ : ਬਹੁਜਨ ਸਮਾਜ ਪਾਰਟੀ ਹਲਕਾ ਫਿਲੌਰ

---



VINAYAK PUBLIC HIGH SCHOOL
**ADMISSIONS OPEN** 2025-26
NURSERY TO 9TH
ENTER TO LEARN, LEAVE TO SERVE
Affordable Education · Disciplined Environment · Life Skills Trainings · Smart School
EMPOWERING FUTURES
Contact us · Our Contact 9041060708 · More information eduvinayak15@gmail.com

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਓਂਕਾਰ ਸਿੰਘ ਮਨੀਲਾ | ਜਗਤਾਰ ਸਿੰਘ | ਵਿਸ਼ਵਜੀਤ ਸਿੰਘ ਕੈਨੇਡਾ

---



ਕੁਲਵਿੰਦਰ ਸਿੰਘ ਕਾਲਾ | ਸੁਖਜੀਤ ਸਿੰਘ ਯੂ ਐਸ ਏ | ਜਗਰੂਪ ਸੰਧੂ ਯੂ ਐਸ ਏ | ਸ਼ਾਨ ਸੰਧੂ ਯੂ ਐਸ ਏ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



510 750 3598
**SS TRUCKING INC**
sandhu@sstruckinginc.com

---



ਚਰਨਜੀਤ ਸਿੰਘ ਚੰਨੀ – ਸਾਬਕਾ ਮੁੱਖ ਮੰਤਰੀ ਪੰਜਾਬ, (ਐੱਮ ਪੀ ਜਲੰਧਰ) | ਨਵਜੀਤ ਸਿੰਘ ਚੰਨੀ – ਜ਼ਿਲ੍ਹਾ ਪ੍ਰਧਾਨ ਰੂਪਨਗਰ ਯੂਥ ਕਾਂਗਰਸ | ਨਰੇਸ਼ ਕੁਮਾਰ ਸੁਰਜਾ – ਸੈਕਟਰੀ ਡੀ ਡੀ ਸੀ | ਸੁਖਜੀਤ ਸਿੰਘ ਸਾਬੀ – ਪ੍ਰਧਾਨ ਹਲਕਾ ਫਿਲੌਰ ਯੂਥ ਕਾਂਗਰਸ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਵੱਲੋਂ :



**ਮਨਪ੍ਰੀਤ ਸਿੰਘ ਚੱਡਾ ਸੰਗ ਢੇਸੀਆਂ**
ਜਨਰਲ ਸੈਕਟਰੀ ਪੰਜਾਬ ਯੂਥ ਕਾਂਗਰਸ

---

A PREMIER INSTITUTION

## SHREE HANUMAT International Public School



Affiliated to the C.B.S.E., New Delhi
An English Medium Co-Education Senior Secondary School
S.H.I.P.S.

**ADMISSION OPEN** (2025-26)
For Classes Pre-Nursery to IX & XI
(Medical, Non-Medical, Commerce & Humanities)

Take Admission in Pre-Nursery at SHIPS for only Rs. 1500/- per month (Tuition Fee)

**NO ADMISSION FEE**
For FIRST 100 ADMISSIONS (Nursery to II)
50% Discount on Admission Fee for Classes III-IX and XI (All Streams)
Conditions Apply*

NH-44, GORAYA
Tel. 78376-36615, 99887-03474
www.shipsgoraya.com | hpsgoraya@gmail.com | s.h.i.p.s.goraya@gmail.com
Call us at 78376-36615, 99887-03474 for a free school visit.

---



PLATINUM DEALER
Ambuja Cement
Baldeep Singh
Dhanday Shuttering Centre
Village Dhanday
P.O. Sanghesian, Tehsil Phillaur
Jalandhar, PB - 144409
9815811433
Authorised Dealer of Ambuja Cement Limited

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

**The Jajja Kalan CO-OP Agriculture Multipurpose Society LTD**
**Vill. JAJJA KALAN**

---

ਦਾਖਲਾ ਸ਼ੁਰੂ

## ਗੁਰੂ ਨਾਨਕ ਐਜੂਕੇਸ਼ਨਲ ਬੋਰਡ, SESSION 2025-26

ਬਾਬਾ ਸੰਗ ਢੇਸੀਆਂ, ਗੁਰਾਇਆ (ਜਲੰਧਰ) ਅਧੀਨ ਚਲ ਰਹੇ ਅਦਾਰੇ

**ਗੁਰੂ ਨਾਨਕ ਖਾਲਸਾ ਪਬਲਿਕ ਸਕੂਲ** (ਪਲੇਅ ਵੇ ਤੋਂ ਅੱਠਵੀਂ ਕਲਾਸ ਤੱਕ)

**ਗੁਰੂ ਨਾਨਕ ਖਾਲਸਾ ਗਰਲਜ਼ ਕਾਲਜੀਏਟ ਸੀ. ਸੈ. ਸਕੂਲ**
9th. to 10+2 ARTS, COMMERCE & SCIENCE (MEDICAL & NON MEDICAL) | ਓਪਨ ਦੀ ਦਸਵੀਂ ਅਤੇ ਬਾਰ੍ਹਵੀਂ PSEB ਮੋਹਾਲੀ ਤੋਂ ਉਪਲਬਧ ਹੈ

**ਗੁਰੂ ਨਾਨਕ ਖਾਲਸਾ ਇੰਸਟੀਚਿਊਟ ਆਫ ਸਪੈਸ਼ਲ ਨੀਡ**
ਸਪੈਸ਼ਲ ਸਕੂਲ ਅਪੰਗਤਾ ਅਤੇ ਮੰਦਬੁੱਧੀ ਬੱਚਿਆਂ ਲਈ

**ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ**
Affilated to GNDU, Amritsar · ਨੈਕ ਐਕਰੈਡਿਟ ਬੀ ਗਰੇਡ
BA / B.Com / BCA · MA. Pbi, Pol. Sc./MSC (Comp. Sc.)/ PGDCA

**ਗੁਰੂ ਨਾਨਕ ਖਾਲਸਾ ਟੈਕਨੀਕਲ ਇੰਸਟੀਚਿਊਟ**
NIOS ਦੇ ਅੰਦਰ ਚੱਲ ਰਹੇ ਕੋਰਸ

1. ਬਿਊਟੀ ਕਲਚਰ ਐਂਡ ਹੇਅਰ ਕੇਅਰ – 1ਸਾਲ
2. ਇਲੈਕਟ੍ਰੀਸ਼ਨ – 1ਸਾਲ
3. ਰੈਫਰੀਜੇਸ਼ਨ ਐਂਡ ਏਅਰ ਕੰਡੀਸ਼ਨਿੰਗ – 1ਸਾਲ
4. ਕੰਪਿਊਟਰ ਹਾਰਡਵੇਅਰ ਅਸੈਂਬਲ ਐਂਡ ਮੈਂਟੇਨੈਂਸ – 6 ਮਹੀਨੇ
5. ਡਾਟਾ ਐਂਟਰੀ – 6 ਮਹੀਨੇ
6. ਸਪੋਕਨ ਇੰਗਲਿਸ਼
7. IELTS

GURU NANAK KHALSA GIRLS COLLEGE
Baba Sang Dhesian Branch Rauli Mandiala
: Special Need 83608-36485 , School : 01826-268161, 268174, 77107-03876, College : 01826-268755, 268146, Technical : 01826-268177

ਵੱਲੋਂ : ਪ੍ਰਧਾਨ ਸੈਕਟਰੀ



S. Gurpartap Singh Wadala – President (Ex MLA) | S. SatinderPal Singh Thanamwal – Sr. Vice President | S. Udham Singh Aulakh – Jr. Vice President | S. Sukhjit Singh Johal – Secretary

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਬਲਵਿੰਦਰ ਕੌਰ (ਸਰਪੰਚ) | ਮਨਜੀਤ ਕੌਰ (ਪੰਚ ਵਾਰਡ ਨੰ: 1) | ਸ਼ਰਨਜੀਤ ਕੌਰ (ਪੰਚ ਵਾਰਡ ਨੰ: 2) | ਬਿੰਦਰ ਸੁੰਮਨ (ਪੰਚ ਵਾਰਡ ਨੰ: 3)
ਜਸਵੀਰ ਸਿੰਘ (ਪੰਚ ਵਾਰਡ ਨੰ: 4) | ਦਲਜੀਤ ਸਿੰਘ (ਪੰਚ ਵਾਰਡ ਨੰ: 5) | ਸੁਰਜੀਤ ਸਿੰਘ (ਪੰਚ ਵਾਰਡ ਨੰ: 6) | ਬਲਵਿੰਦਰ ਕੌਰ (ਪੰਚ ਵਾਰਡ ਨੰ: 7)

**ਗ੍ਰਾਮ ਪੰਚਾਇਤ ਪਿੰਡ ਢੰਡਾ ਬਲਾਕ ਰੁੜਕਾ ਕਲਾਂ**

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਅਕਵਿੰਦਰ ਕੌਰ ਸਰਪੰਚ
ਬੀਬੀ ਮਨਜੀਤ ਕੌਰ ਵਾਰਡ ਨੰ. 1 | ਬੀਬੀ ਰਵਿੰਦਰ ਕੌਰ ਵਾਰਡ ਨੰ. 2 | ਸ੍ਰੀ ਅਵਤਾਰ ਰਾਮ ਵਾਰਡ ਨੰ. 3 | ਸ੍ਰੀ ਸੋਢੀ ਰਾਮ ਵਾਰਡ ਨੰ. 4 | ਸ. ਰਣਜੀਤ ਸਿੰਘ ਵਾਰਡ ਨੰ. 5
ਸ. ਜੋਗਾ ਸਿੰਘ ਵਾਰਡ ਨੰ. 5 | ਸ. ਮਨਧੀਰ ਸਿੰਘ ਵਾਰਡ ਨੰ. 7 | ਸ. ਸੁਖਦੀਪ ਸਿੰਘ ਵਾਰਡ ਨੰ. 8 | ਬੀਬੀ ਕੁਦਲਪੀ ਕੌਰ ਵਾਰਡ ਨੰ. 9 | ਬੀਬੀ ਸਰਬਜੀਤ ਕੌਰ ਵਾਰਡ ਨੰ. 10 | ਬੀਬੀ ਪ੍ਰੀਤੀ ਬਾਲਾ ਵਾਰਡ ਨੰ. 11

**ਗ੍ਰਾਮ ਪੰਚਾਇਤ ਰੁੜਕਾ ਕਲਾਂ (ਜਲੰਧਰ)**

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



**ਹੈਪੀ ਮਾਹੀ**
ਸਮਾਜ ਸੇਵਕ ਤੇ ਨੰਬਰਦਾਰ

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਗੁਰਮੇਸ਼ ਗਾਬਾ – ਸੀਨੀ. ਵਾਇਸ ਪ੍ਰਧਾਨ ਸਰਕਲ ਗੁਰਾਇਆ
ਰਜਨੀ ਗਾਬਾ – ਕੌਂਸਲਰ ਵਾਰਡ ਨੰ. 5 ਗੁਰਾਇਆ

---

ਜੈ ਮਸਤਾਂ ਦੀ

**ਪ੍ਰਭਜੋਤ ਸੰਧੂ ਸੀਮੈਂਟ ਸਟੋਰ**

ਇੱਥੇ ਹਰ ਕੰਪਨੀ ਦਾ ਸੀਮੈਂਟ ਮਿਲਦਾ ਹੈ।
ਸਸਤੇ ਰੇਟ 'ਤੇ ਰੇਤੇ ਦੀਆਂ ਟਰਾਲੀਆਂ ਤੇ ਟਿੱਪਰ ਬੱਜਰੀ, ਕਰੈਸ਼ਰ, ਗਟਕਾ ਅਤੇ ਭਰਤੀ ਪਵਾਉਣ ਲਈ ਮਿਲੋ।
ਪਿੰਡ ਰੁੜਕਾ ਕਲਾਂ (ਜਲੰਧਰ)



ਮੋਬਾ. 98142-33080, 73476-39247

---

## S.T.S WORLD SCHOOL

Affiliated to C.B.S.E No. 1630781
Vill. Rajgomal, P.O. Rurka Kalan, Distt. Jalandhar




**ADMISSION OPEN**
Limited Seats · Session: 2025-26
PRE-NURSERY TO IX & XI
WEBSITE:WWW.STSWORLDSCHOOL.EDU.IN
EMAIL: STSWS@YMAIL.COM, 8427866005

---

## ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ

YFC RURKA KALAN

1. ਰਿਹਾਇਸ਼ੀ ਫੁੱਟਬਾਲ ਅਕੈਡਮੀ।ਸਲਾਨਾ 5000 ਫੁੱਟਬਾਲ ਖਿਡਾਰੀਆਂ ਨੂੰ ਮੁਫਤ ਟ੍ਰੇਨਿੰਗ ਅਤੇ ਖੇਡ ਕਿੱਟ।
2. 25 ਪਿੰਡਾ ਵਿੱਚ ਫੁੱਟਬਾਲ ਟ੍ਰੇਨਿੰਗ ਸੈਂਟਰ।
3. ਆਧੁਨਿਕ ਸਹੂਲਤਾ ਨਾਲ ਬਣਾਇਆ ਗਿਆ ਮਲਟੀ ਸਪੋਰਟਸ ਕੰਪਲੈਕਸ।
4. ਰੈਸਲਿੰਗ,ਕਬੱਡੀ,ਬੈਡਮਿੰਟਨ,ਅਤੇ ਐਥਲੈਟਿਕਸ ਦੀ ਮੁਫਤ ਟ੍ਰੇਨਿੰਗ।
5. 20 ਪਿੰਡਾ ਦੇ ਸੈਕੰਡਰੀ ਸਕੂਲਾਂ ਵਿੱਚ ਯੂਥ ਮੈਂਟਰਾਂ ਦੀ ਨਿਯੁਕਤੀ
6. ਫਰੀ ਕੰਪਿਊਟਰ ਸੈਂਟਰ।
7. ਬਜ਼ੁਰਗਾਂ ਅਤੇ ਸਪੈਸ਼ਲ ਬੱਚਿਆ ਲਈ ਮੁਫਤ ਫਿਜ਼ੀਉਥਰੈਪੀ ਸੈਂਟਰ।
8. ਹਰ ਸਾਲ ਅੱਖਾਂ ਅਤੇ ਕੈਂਸਰ ਦਾ ਮੁਫਤ ਚੈਕਅੱਪ ਕੈਂਪ।
9. ਕਰੀਬ 80 ਦੇ ਕਰੀਬ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਰੋਜ਼ਗਾਰ।



YFC ਪ੍ਰਧਾਨ ਗੁਰਮੰਗਲ ਦਾਸ



ਮਲਟੀ ਸਪੋਰਟਸ ਕੰਪਲੈਕਸ | ਫਿਜ਼ੀਉਥਰੈਪੀ ਅਤੇ ਸਪੈਸ਼ਲ ਨੀਡਜ਼ ਸੈਂਟਰ | ਵਾਈ.ਐਫ.ਸੀ ਫੁੱਟਬਾਲ ਅਕੈਡਮੀ
ਕੰਪਿਊਟਰ ਸੈਂਟਰ | ਬੈਡਮਿੰਟਨ | ਵਾਈ.ਐਫ.ਸੀ ਕੁਸ਼ਤੀ ਅਤੇ ਕਬੱਡੀ ਅਕੈਡਮੀ

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਬਲਵਿੰਦਰ ਕੁਮਾਰ – ਤਹਿਸੀਲ ਪ੍ਰਧਾਨ | ਬੂਟਾ ਰਾਮ ਅਕਲਪੁਰ – ਜਨਰਲ ਸੈਕਟਰੀ | ਸਤਵਿੰਦਰ ਸਿੰਘ ਢੇਸੀ – ਸੀਨੀ. ਵਾਇਸ ਪ੍ਰਧਾਨ | ਰਤਨ ਸਿੰਘ – ਪ੍ਰੈਸ ਸੈਕਟਰੀ
ਤਾਰਾ ਸਿੰਘ ਬੀਕਾ – ਬਲਾਕ ਪ੍ਰਧਾਨ | ਸਤਪਾਲ ਮਹਿਮੀ – ਮੁੱਖ ਸਲਾਹਕਾਰ | ਲਲਿਤ ਕੁਮਾਰ – ਵਿੱਤ ਸਕੱਤਰ | ਸ਼ਿਵ ਦਾਸ – ਜੁਆਇੰਟ ਸਕੱਤਰ

ਜਾਰੀ ਕਰਤਾ-
**ਕੁਲਦੀਪ ਸਿੰਘ ਕੌੜਾ ਮੁੱਖ ਸਲਾਹਕਾਰ, ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਬਲਾਕ ਰੁੜਕਾ ਕਲਾਂ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ**

---

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ, ਰੁੜਕਾ ਕਲਾਂ**

*ਆਓ ਇਸ ਸਾਲ ਵੱਧ ਤੋਂ ਵੱਧ ਰੁਖ ਲਗਾਈਏ ਅਤੇ ਵਾਤਾਵਰਣ ਨੂੰ ਬਚਾਈਏ।*



Dr. Ashwinder kumar – Block Agriculture Officer, Rurka Kalan – 88720-06794
Dr. Ramandeep – Agriculture Development Officer, Rurka Kalan – 98886-45989